# ਵਿਗਿਆਨ ਜੋਤ

ਸਾਲ 6, ਅੰਕ : 2

ਅਪ੍ਰੈਲ-ਮਈ, 2011

PUNPUN/2006/17457

ਮੁੱਖ ਸੰਪਾਦਕ : ਮੇਘ ਰਾਜ ਮਿੱਤਰ

ਸੰਪਾਦਕ : ਅਜਮੇਰ ਸਿੱਧੂ

ਸਹਿ ਸੰਪਾਦਕ : ਰਣਜੀਤ ਝਨੇਰ

ਮੁੱਖ ਪ੍ਰਬੰਧਕ : ਅਮਿੱਤ ਮਿੱਤਰ

**ਸੰਪਾਦਕੀ ਬੋਰਡ**

- ਮੇਘ ਰਾਜ ਰੱਲਾ
- ਰਾਜਾ ਰਾਮ ਹੰਢਿਆਇਆ
- ਹਰਪਿੰਦਰ ਬਰਾੜ (ਕੈਨੇਡਾ)
- ਡਾ. ਹਰੀਸ਼ ਮਲਹੋਤਰਾ ਬਰਮਿੰਘਮ
- ਸੁਖਵੀਰ ਰੈਣਾ
- ਡਾ. ਗੁਰਵਿੰਦਰ ਸਿੰਘ ਐਮ. ਡੀ.
- ਡਾ. ਵਿਸ਼ਾਲ ਭਾਰਤੀ ਐਮ. ਡੀ.
- ਡਾ. ਪਵਿੱਤਰ ਅਮਰਗੜ੍ਹ

**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@yahoo.com
Web site : www.tarksheel.com

***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਏਗਾ।

## ਸੰਪਾਦਕੀ

# ਤਰਕਸ਼ੀਲ ਭੂਤਾਂ, ਪ੍ਰੇਤਾਂ ਨੂੰ ਕਿਉਂ ਨਹੀਂ ਮੰਨਦੇ

**ਮੇਘ ਰਾਜ ਮਿੱਤਰ**

*ਸੰਸਾਰ ਵਿੱਚ ਤਿੰਨ ਕਿਸਮ ਦੇ ਵਿਅਕਤੀ ਹੁੰਦੇ ਹਨ। ਇੱਕ ਵਿਅਕਤੀ ਉਹ ਹੁੰਦੇ ਹਨ, ਜਿਨ੍ਹਾਂ ਦਾ ਯਕੀਨ ਪਦਾਰਥ ਵਿੱਚ ਹੁੰਦਾ ਹੈ। ਉਨ੍ਹਾਂ ਅਨੁਸਾਰ ਆਤਮਾ, ਪ੍ਰਮਾਤਮਾ, ਭੂਤ, ਸਵਰਗ-ਨਰਕ, ਪੁਨਰ-ਜਨਮ ਸਭ ਦਾ ਵਜੂਦ ਪਦਾਰਥ ਵਿੱਚ ਹੀ ਹੋ ਸਕਦਾ ਹੈ। ਪਦਾਰਥ ਤੋਂ ਬਾਹਰ ਇਨ੍ਹਾਂ ਚੀਜ਼ਾਂ ਦੀ ਕਲਪਨਾ ਕਰਨਾ ਵੀ ਉਨ੍ਹਾਂ ਅਨੁਸਾਰ ਗਲਤ ਹੈ। ਅਸਲ ਵਿੱਚ ਪਦਾਰਥ ਦੇ ਕੁੱਝ ਗੁਣ ਹੁੰਦੇ ਹਨ, ਜਿਵੇਂ ਪਦਾਰਥ ਥਾਂ ਘੇਰਦਾ ਹੈ, ਪਦਾਰਥ ਦਾ ਭਾਰ ਹੁੰਦਾ ਹੈ ਤੇ ਪਦਾਰਥ ਦਾ ਗਿਆਨ, ਗਿਆਨ ਇੰਦਰੀਆਂ ਰਾਹੀਂ ਹੁੰਦਾ ਹੈ। ਜਿਵੇਂ ਆਵਾਜ਼, ਹਰਕਤ ਅਤੇ ਤਾਪ ਪੈਦਾ ਕਰਨਾ ਪਦਾਰਥ ਦਾ ਗੁਣ ਹੈ। ਭਾਵੇਂ ਕਈ ਵਾਰ ਇਹ ਨਜ਼ਰ ਨਹੀਂ ਆਉਂਦਾ। ਉਦਾਹਰਣ ਦੇ ਤੌਰ 'ਤੇ ਘਰਾਂ ਨੂੰ ਕਲੀ ਕਰਨ ਵਾਲਾ ਚੂਨਾ ਪਹਿਲਾਂ ਤਾਂ ਠੰਡਾ ਹੁੰਦਾ ਹੈ ਪਰ ਜਦੋਂ ਇਸ ਵਿੱਚ ਪਾਣੀ ਮਿਲਾ ਦਿੱਤਾ ਜਾਂਦਾ ਹੈ ਤਾਂ ਇਸ ਵਿੱਚ ਗਰਮੀ, ਹਰਕਤ ਤੇ ਆਵਾਜ਼ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ । ਇਹ ਗਰਮੀ, ਹਰਕਤ ਤੇ ਆਵਾਜ਼ ਕਿੱਥੋਂ ਆਏ? ਅਸਲ ਵਿੱਚ ਇਹ ਪਦਾਰਥ ਦਾ ਹੀ ਗੁਣ ਹੈ। ਹੁਣ ਤਾਂ ਵਿਗਿਆਨੀਆਂ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਗਰਮੀ ਤੇ ਪ੍ਰਕਾਸ਼ ਤਾਂ ਪਦਾਰਥ ਦਾ ਹੀ ਇੱਕ ਰੂਪ ਹੈ। ਸੂਰਜ ਤੋਂ ਸਾਡੇ ਪਾਸ ਜੋ ਪ੍ਰਕਾਸ਼ ਤੇ ਗਰਮੀ ਆਉਂਦੀ ਹੈ, ਉਹ ਪ੍ਰਕਾਸ਼ ਸੰਸਲੇਸ਼ਣ ਰਾਹੀਂ ਪਦਾਰਥ ਦੇ ਵਿੱਚ ਬਦਲ ਰਹੀ ਹੈ। ਪੌਦੇ ਹਵਾ ਵਿੱਚੋਂ ਕਾਰਬਨ ਡਾਈਆਕਸਾਈਡ ਤੇ ਪਾਣੀ ਲੈਕੇ ਸੂਰਜੀ ਰੌਸ਼ਨੀ ਦੀ ਸਹਾਇਤਾ ਨਾਲ ਖੁਰਾਕ ਤਿਆਰ ਕਰਦੇ ਹਨ। ਐਟਮ ਬੰਬ ਰਾਹੀਂ ਜਦੋਂ ਪਦਾਰਥ ਟੁੱਟਦਾ ਹੈ ਤਾਂ ਇਹ ਗਰਮੀ ਤੇ ਪ੍ਰਕਾਸ਼ ਵਿੱਚ ਤਬਦੀਲ ਹੁੰਦਾ ਹੈ।*

*ਇਹ ਇੱਕ ਅਟੱਲ ਸੱਚਾਈ ਹੈ ਕਿ ਕੋਈ ਵੀ ਵਿਚਾਰ, ਚੇਤਨਾ, ਖਿਆਲ ਜਾਂ ਸੁਪਨੇ ਇਨ੍ਹਾਂ ਦਾ ਵਜੂਦ ਪਦਾਰਥ ਵਿੱਚ ਹੀ ਹੈ। ਪਦਾਰਥ ਤੋਂ ਬਾਹਰ ਇਹ ਹੋ ਹੀ ਨਹੀਂ ਸਕਦੇ। ਜੋ ਵਿਅਕਤੀ ਇਸ ਅਟੱਲ ਸੱਚਾਈ ਨੂੰ ਸਵੀਕਾਰ ਕਰ ਲੈਂਦੇ ਹਨ ਉਹ ਪਦਾਰਥਵਾਦੀ ਬਣੇ ਤੋਂ ਬਗੈਰ ਰਹਿ ਹੀ ਨਹੀਂ ਸਕਦੇ।*



*ਜੇ ਅਸੀਂ ਭੂਤਾਂ ਪ੍ਰੇਤਾਂ ਦੀ ਗੱਲ ਵੀ ਲੈ ਲਈਏ ਤਾਂ ਤਰਕਸ਼ੀਲਾਂ ਨੇ ਪਿਛਲੇ 27 ਵਰ੍ਹਿਆਂ ਵਿੱਚ ਸਧਾਰਣ ਲੋਕਾਂ ਦੇ ਲਗਭੱਗ ਪੰਤਾਲੀ ਹਜ਼ਾਰ ਕੇਸ ਹੱਲ ਕੀਤੇ ਹਨ। ਉਨ੍ਹਾਂ ਨੂੰ ਕਿਸੇ ਇੱਕ ਵਿੱਚੋਂ ਵੀ ਕੋਈ ਭੂਤ-ਪ੍ਰੇਤ ਬਾਹਰ ਨਿਕਲਦਾ ਨਜ਼ਰ ਨਹੀਂ ਆਇਆ। ਅਸੀਂ ਵੇਖਿਆ ਹੈ ਕਿ ਅਜਿਹੇ ਮਰੀਜ਼ ਇਹ ਕਹਿੰਦੇ ਰਹੇ ਹਨ ਕਿ ਸਾਡੇ ਵਿੱਚ ਸਾਡੀ ਨਾਨੀ, ਤਾਈ ਜਾਂ ਮਾਸੀ ਬੋਲਦੀ ਹੈ। ਅਸੀਂ ਉਨ੍ਹਾਂ ਦੇ ਇਸ ਝੂਠੇ ਵਿਸ਼ਵਾਸ ਨੂੰ ਆਪਣੀਆਂ ਦਲੀਲਾਂ ਰਾਹੀਂ ਖ਼ਤਮ ਕਰ ਦਿੰਦੇ ਸਾਂ। ਸਿੱਟੇ ਵਜੋਂ ਅਜਿਹੇ ਰੋਗੀ ਠੀਕ ਹੋ ਜਾਂਦੇ ਸਨ। ਮਸਲਾ ਇੱਥੇ ਵੀ ਪਹਿਲਾ ਵਾਲਾ ਹੀ ਹੈ ਕਿ ਕੋਈ ਵੀ ਵਿਚਾਰ ਜਾਂ ਖਿਆਲ ਜਾਂ ਰੂਹ ਪਦਾਰਥ ਵਿੱਚ ਹੀ ਰਹਿ ਸਕਦੀ ਹੈ, ਪਦਾਰਥ ਤੋਂ ਬਾਹਰ ਨਹੀਂ। ਭੂਤਾਂ-ਪ੍ਰੇਤਾਂ ਦੀ ਹੋਂਦ ਵੀ ਮਨੁੱਖਾਂ ਵਿੱਚ ਹੀ ਹੋ ਸਕਦੀ ਹੈ, ਮਨੁੱਖਾਂ ਤੋਂ ਬਾਹਰ ਨਹੀਂ। ਬੋਲਣ ਲਈ ਜਾਂ ਕੋਈ ਵੀ ਹਰਕਤ ਕਰਨ ਲਈ ਊਰਜਾ ਚਾਹੀਦੀ ਹੈ। ਊਰਜਾ ਪਦਾਰਥ ਦਾ ਹੀ ਇੱਕ ਰੂਪ ਹੈ।*

*ਘਰਾਂ ਵਿੱਚ ਘਟਨਾਵਾਂ ਵਾਪਰਨ ਦੇ ਅਸੀਂ ਤਿੰਨ ਸੋ ਤੋਂ ਉੱਪਰ ਕੇਸ ਹੱਲ ਕੀਤੇ ਹਨ। ਅਸੀਂ ਵੇਖਿਆ ਹੈ ਕਿ ਇਨ੍ਹਾਂ ਘਰਾਂ ਵਿੱਚ 50-60 ਬੰਦੇ ਪਹਿਰੇ 'ਤੇ ਬੈਠੇ ਹੁੰਦੇ ਸਨ। ਉਹ ਘਟਨਾਵਾਂ ਕਰਨ ਵਾਲੀਆਂ ਭੂਤਾਂ-ਪ੍ਰੇਤਾਂ ਨੂੰ ਲੱਭਿਆ ਕਰਦੇ ਸਨ। ਪਰ ਭੂਤ ਪ੍ਰੇਤ ਨਹੀਂ ਹੁੰਦੇ ਇਸ ਲਈ ਉਨ੍ਹਾਂ ਨੂੰ ਕੁੱਝ ਵੀ ਨਾ ਮਿਲਦਾ। ਇਸਦੇ ਉਲਟ ਅਸੀਂ ਤਰਕਸ਼ੀਲਾਂ ਨੇ ਅਜਿਹੇ*

ਘਰਾਂ ਵਿੱਚੋਂ ਘਟਨਾਵਾਂ ਕਰਨ ਵਾਲੇ ਵਿਅਕਤੀਆਂ ਨੂੰ ਲੱਭਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਅਸੀਂ ਅਜਿਹੇ ਕੇਸਾਂ ਨੂੰ ਹੱਲ ਕਰਨ ਦੀਆਂ ਵਿਗਿਆਨਕ ਵਿਧੀਆਂ ਈਜਾਦ ਕਰ ਲਈਆਂ। ਹਰ ਘਟਨਾ ਪਿੱਛੇ ਕੰਮ ਕਰਦੇ ਵਿਅਕਤੀਆਂ ਨੂੰ ਅਸੀਂ ਲੱਭ ਲੈਂਦੇ। ਇਸ ਤਰ੍ਹਾਂ ਇੱਥੇ ਵੀ ਸਾਡੀ ਮਦਦ ਉਸ ਵਿਚਾਰ ਨੇ ਹੀ ਕੀਤੀ ਕਿ ਕੋਈ ਵੀ ਵਿਚਾਰ, ਖਿਆਲ ਜਾਂ ਸ਼ੈਅ ਪਦਾਰਥ ਵਿੱਚ ਹੀ ਰਹਿ ਸਕਦੀ ਹੈ।

ਹੁਣ ਸੁਆਲ ਪੁਨਰ-ਜਨਮ ਦਾ ਆਉਂਦਾ ਹੈ। ਜੇ ਕਿਸੇ ਵਿਅਕਤੀ ਦੇ ਵਿਚਾਰਾਂ ਨੇ ਕਿਸੇ ਹੋਰ ਵਿਅਕਤੀ ਵਿੱਚ ਪ੍ਰਵੇਸ਼ ਕਰਨਾ ਹੈ ਤਾਂ ਉਸ ਨੂੰ ਪਦਾਰਥੀ ਰੂਪ ਵਿੱਚ ਹੀ ਜਾਣਾ ਪਵੇਗਾ। ਪਰ ਅੱਜ ਤੱਕ ਸਾਡੇ ਕੋਲ ਕੋਈ ਅਜਿਹਾ ਵਿਅਕਤੀ ਨਹੀਂ ਪੁੱਜਾ, ਜੋ ਇਹ ਸਿੱਧ ਕਰ ਸਕਦਾ ਹੋਵੇ ਕਿ ਫਲਾਣੇ ਵਿਅਕਤੀ ਦੀ ਰੂਹ ਦੂਸਰੇ ਵਿਅਕਤੀ ਵਿੱਚ ਕਿਸ ਪਦਾਰਥ ਦੇ ਰਾਹੀਂ ਪ੍ਰਵੇਸ਼ ਕੀਤੀ।

ਜਦੋਂ ਕਿ ਪੁਨਰ-ਜਨਮ ਵਿੱਚ ਤਾਂ ਵਿਰਾਸਤੀ ਗੁਣ ਜਾਣ ਦਾ ਵੀ ਕੋਈ ਢੰਗ ਨਹੀਂ ਹੁੰਦਾ। ਜੇ ਇਹ ਕਿਹਾ ਜਾਂਦਾ ਫਲਾਣੇ ਵਿਅਕਤੀ ਦੀ ਰੂਹ ਉਸਦੇ ਪੁੱਤਰ ਵਿੱਚ ਪ੍ਰਵੇਸ਼ ਕਰ ਗਈ ਹੈ ਤਾਂ ਇਹ ਗੱਲ ਕੁੱਝ ਹੱਦ ਤੱਕ ਸਵੀਕਾਰ ਕੀਤੀ ਜਾ ਸਕਦੀ ਸੀ, ਕਿਉਂਕਿ ਮਾਂ ਬਾਪ ਦੇ ਗੁਣ ਤਾਂ ਪੁੱਤਾਂ ਧੀਆਂ ਵਿੱਚ ਕਰੋਮੋਸੋਮਾਂ ਤੇ ਮਾਦਾ ਅੰਡਿਆਂ ਰਾਹੀਂ ਪ੍ਰਵੇਸ਼ ਕਰ ਹੀ ਜਾਂਦੇ ਹਨ। ਪਰ ਪੁਨਰ ਜਨਮ ਦੇ ਕੇਸਾਂ ਵਿੱਚ ਮਰਨ ਵਾਲਾ ਵਿਅਕਤੀ ਕਿਸੇ ਹੋਰ ਜ਼ਿਲ੍ਹੇ ਦਾ ਹੁੰਦਾ ਹੈ ਅਤੇ ਪੁਨਰ ਜਨਮ ਦੇ ਤੌਰ 'ਤੇ ਪੈਦਾ ਹੋਣ ਵਾਲਾ ਬੱਚਾ ਕਿਸੇ ਹੋਰ ਜ਼ਿਲ੍ਹੇ ਦਾ। ਉਨ੍ਹਾਂ ਵਿੱਚ ਤਾਂ ਪਿੰਡਾਂ ਦੀ ਸਾਂਝ ਹੀ ਨਹੀਂ ਹੁੰਦੀ। ਫਿਰ ਮਰਨ ਵਾਲੇ ਵਿਅਕਤੀ ਦੀ ਯਾਦਾਸ਼ਤ ਪੁਨਰ ਜਨਮ ਵਾਲੇ ਬੱਚੇ ਵਿੱਚ ਕਿਸ ਸਾਧਨ ਰਾਹੀਂ ਪੁੱਜੀ? ਤਸੱਲੀਬਖਸ਼ ਜੁਆਬ ਕਿਸੇ ਕੋਲ ਵੀ ਨਹੀਂ ਹੁੰਦਾ।

ਦੂਸਰੀ ਕਿਸਮ ਦੇ ਲੋਕ ਉਹ ਹੁੰਦੇ ਹਨ ਜਿਹੜੇ ਆਤਮਾ, ਪ੍ਰਮਾਤਮਾ, ਵਿਚਾਰ ਅਤੇ ਸੁਪਨਿਆਂ ਦਾ ਵਜੂਦ ਪਦਾਰਥ ਤੋਂ ਬਾਹਰ ਸਮਝਦੇ ਹਨ। ਇਸ ਲਈ ਉਹ ਸਾਰੀ ਉਮਰ ਇਨ੍ਹਾਂ ਦੀ ਤਲਾਸ਼ ਵਿੱਚ ਲੰਘਾ ਦਿੰਦੇ ਹਨ ਪਰ ਉਨ੍ਹਾਂ ਨੂੰ ਮਿਲਦਾ ਕੁੱਝ ਨਹੀਂ। ਲਗਭੱਗ ਪਿਛਲੇ ਦਸ ਹਜ਼ਾਰ ਸਾਲ ਤੋਂ ਇਹ ਵਰਤਾਰਾ ਲਗਾਤਾਰ ਜਾਰੀ ਹੈ। ਧਰਤੀ ਤੇ ਕਰੋੜਾਂ ਹੀ ਸਾਧੂ, ਸੰਤ, ਭਗਤ ਅਤੇ ਪੁਜਾਰੀ ਅਜਿਹੇ ਹੋਏ ਹਨ, ਜਿਨ੍ਹਾਂ ਨੇ ਸਾਰੀ ਉਮਰ ਇਨ੍ਹਾਂ ਗੱਲਾਂ ਨੂੰ ਲੱਭਣ ਵਿੱਚ ਗੁਜਾਰੀ ਹੈ। ਉਨ੍ਹਾਂ ਧਰਤੀ ਉੱਪਰ ਗੁਫ਼ਾਵਾਂ ਵਿੱਚੋਂ, ਪਰਬਤਾਂ ਦੀਆਂ ਚੋਟੀਆਂ ਤੋਂ ਧੂਣੀਆਂ ਵਿੱਚ, ਸਰਦੀ ਦੇ ਮੌਸਮੀ ਠੰਡੇ ਪਾਣੀ ਦੇ ਘੜਿਆਂ ਨਾਲ ਨਹਾ ਕੇ ਜਾਂ ਇੱਕ ਲੱਤ ਤੇ ਖੜ੍ਹੇ ਕੇ ਉਸ ਨੂੰ ਲੱਭਣ ਦਾ ਯਤਨ ਕੀਤਾ ਹੈ ਪਰ ਸਫਲਤਾ ਕਿਸੇ ਇੱਕ ਦੇ ਹੱਥ ਵੀ ਨਹੀਂ ਲੱਗੀ। ਇਹ ਤੱਥ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਉਸ ਦੀ ਕੋਈ ਹੋਂਦ ਨਹੀਂ।

ਮੈਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਧਰਮਾਂ ਦੇ ਚਾਲੀ-ਚਾਲੀ ਸਾਲ ਤੋਂ ਭਗਤੀ ਕਰ ਰਹੇ ਲੋਕਾਂ ਨੂੰ ਇਹ ਸੁਆਲ ਪੁੱਛਿਆ ਹੈ ਕਿ ਕੀ ਉਨ੍ਹਾਂ ਨੂੰ ਸਰਬ ਸ਼ਕਤੀਮਾਨ ਦੇ ਦਰਸ਼ਨ ਹੋਏ ਹਨ ਤਾਂ ਸਭ ਦਾ ਜੁਆਬ ਹੁੰਦਾ ਹੈ "ਅਜੇ ਤੱਕ ਤਾਂ ਨਹੀਂ।"

ਕਈ ਵਿਅਕਤੀ ਇਹ ਵੀ ਸੁਆਲ ਕਰ ਦਿੰਦੇ ਹਨ ਕਿ ਤੁਹਾਡੇ ਅੰਦਰ ਇਹ ਜੋ ਬੋਲਦਾ ਹੈ, ਇਹ ਕੀ ਹੈ? ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਉਹ ਜੋ ਟੈਲੀਵਿਜ਼ਨ ਵਿੱਚ ਬੋਲਦਾ ਹੈ, ਇਹ ਕੀ ਹੈ? ਉਨ੍ਹਾਂ ਦਾ ਜੁਆਬ ਹੁੰਦਾ ਹੈ ਕਿ ਇਹ ਤਾਂ ਬਿਜਲੀ ਦਾ ਉਪਕਰਣ ਹੈ। ਇਸ ਵਿੱਚ ਅਜਿਹੇ ਪੁਰਜੇ ਫਿੱਟ ਕੀਤੇ ਹੁੰਦੇ ਹਨ ਜੋ ਰਿਕਾਰਡ ਕੀਤੀ ਹੋਈ ਆਵਾਜ਼ ਨੂੰ ਹੂ-ਬ-ਹੂ ਉਵੇਂ ਹੀ ਬੋਲ ਦਿੰਦੇ ਨੇ। ਹੁਣ ਜੇ ਰੇਡੀਓ ਜਾਂ ਟੈਲੀਵਿਜ਼ਨ ਖਰਾਬ ਹੋ ਜਾਵੇ ਤਾਂ ਕੀ ਉਸ ਵਿੱਚੋਂ ਆਤਮਾ ਨਿਕਲ ਜਾਂਦੀ ਹੈ। ਨਹੀਂ ਇਹ ਤਾਂ ਵੱਖ-ਵੱਖ ਪ੍ਰਣਾਲੀਆਂ ਦਾ ਤਾਲਮੇਲ ਹੈ। ਜਦੋਂ ਤੱਕ ਇਹ ਤਾਲਮੇਲ ਬਣਿਆ ਰਹਿੰਦਾ ਹੈ, ਉਸ ਸਮੇਂ ਤੱਕ ਟੈਲੀਵਿਜ਼ਨ ਵੀ ਚੱਲਦਾ ਰਹਿੰਦਾ ਹੈ। ਠੀਕ ਇਸੇ ਤਰ੍ਹਾਂ ਹੀ ਮਨੁੱਖੀ ਸਰੀਰ ਵਿੱਚ ਹੁੰਦਾ ਹੈ। ਪਰ ਇਸ ਬੋਲਣ ਵਾਲੀ ਸ਼ੈਅ ਨੂੰ ਅਸੀਂ ਆਤਮਾ ਸਮਝ ਲੈਂਦੇ ਹਾਂ। ਕਹਿੰਦੇ ਨੇ ਮਰਨ ਤੋਂ ਬਾਅਦ ਇਹ ਕਿਸੇ ਹੋਰ ਰੂਹ ਵਿੱਚ ਚਲੀ ਜਾਂਦੀ ਹੈ। ਅਸਲੀਅਤ ਇਹ ਹੈ ਕਿ ਸਾਡਾ ਸਰੀਰ ਵੀ ਵੱਖ-ਵੱਖ ਅੰਗ ਪ੍ਰਣਾਲੀਆਂ ਦਾ ਸਮੂਹ ਹੈ। ਇਸ ਵਿੱਚ ਲਹੂਗੇੜ ਪ੍ਰਣਾਲੀ, ਸਾਹ ਪ੍ਰਣਾਲੀ, ਭੋਜਨ ਪ੍ਰਣਾਲੀ, ਸੋਚਣ ਪ੍ਰਣਾਲੀ ਅਤੇ ਹੋਰ ਬਹੁਤ ਸਾਰੀਆਂ ਪ੍ਰਣਾਲੀਆਂ ਹਨ। ਜਿੰਨਾ ਚਿਰ ਤਾਂ ਇਨ੍ਹਾਂ ਵਿੱਚ ਤਾਲਮੇਲ ਬਣਿਆ ਰਹਿੰਦਾ ਹੈ, ਉਨ੍ਹਾਂ ਚਿਰ ਤਾਂ ਸਰੀਰ ਵਧੀਆ ਢੰਗ ਨਾਲ ਕਾਰਜ ਕਰਦਾ ਰਹਿੰਦਾ ਹੈ। ਜਦੋਂ ਵੀ ਕੋਈ ਮਹੱਤਵਪੂਰਨ ਪ੍ਰਣਾਲੀ ਜੁਆਬ ਦੇ ਜਾਂਦੀ ਹੈ ਸਾਡਾ ਸਰੀਰ ਵੀ ਕੰਮ ਕਰਨਾ ਬੰਦ ਕਰ ਦਿੰਦਾ ਹੈ।

ਹੁਣ ਕੰਪਿਊਟਰ ਨੂੰ ਹੀ ਲੈ ਲਈਏ। ਮਨੁੱਖੀ ਦਿਮਾਗ ਦੀ ਤਰ੍ਹਾਂ ਹੀ ਬਹੁਤ ਸਾਰੇ ਕੰਮ ਇਹ ਕਰ ਦਿੰਦਾ ਹੈ। ਇਸ ਵਿੱਚ ਯਾਦ ਸ਼ਕਤੀ ਵੀ ਹੁੰਦੀ ਹੈ। ਇਹ ਯਾਦ ਕਿਵੇਂ ਰੱਖਦਾ ਹੈ। ਇਹ ਮਨੁੱਖੀ ਆਵਾਜ਼ ਜਾਂ ਤਸਵੀਰ ਜਾਂ ਅੱਖਰਾਂ ਨੂੰ ਵੱਖ-ਵੱਖ ਭਾਗਾਂ ਵਿੱਚ ਤੋੜ ਲੈਂਦਾ ਹੈ। ਇਨ੍ਹਾਂ ਭਾਗਾਂ ਨੂੰ ਬਿੱਟਸ ਕਿਹਾ ਜਾਂਦਾ ਹੈ। ਇੱਕ ਸੈਕਿੰਡ ਦੀ ਯਾਦਦਾਸ਼ਤ ਨੂੰ 1024 ਬਿੱਟਸ ਵਿੱਚ ਤੋੜਕੇ 0 ਅਤੇ 01 ਦੇ ਸੰਕੇਤਾਂ ਰਾਹੀਂ ਚੁੰਬਕੀ ਪਦਾਰਥ ਤੇ ਸਟੋਰ ਕਰਦਾ ਹੈ। ਜਦੋਂ ਜ਼ਰੂਰਤ ਹੁੰਦੀ ਹੈ ਇਹ ਇਸਨੂੰ ਪੈਦਾ ਕਰ ਸਕਦਾ ਹੈ। ਮਨੁੱਖੀ ਦਿਮਾਗ ਵੀ ਇਸ ਤਰ੍ਹਾਂ ਹੀ ਬਿਜਲੀ ਸੰਕੇਤਾਂ ਰਾਹੀਂ ਤੇ ਰਸਾਇਣਕ ਕਿਰਿਆਵਾਂ ਰਾਹੀਂ ਗੱਲਾਂ ਨੂੰ ਯਾਦ ਕਰਦਾ ਹੈ ਤੇ ਯਾਦਦਾਸ਼ਤ ਕਾਇਮ ਰੱਖਦਾ ਹੈ।

ਮਨੁੱਖਾਂ ਦੀ ਇਕ ਤੀਜੀ ਕਿਸਮ ਉਨ੍ਹਾਂ ਚਲਾਕ ਲੋਕਾਂ ਦੀ ਹੈ, ਜਿਨ੍ਹਾਂ ਨੇ ਦੂਜੀ ਕਿਸਮ ਦੇ ਲੋਕਾਂ ਨੂੰ ਆਤਮਾ, ਪ੍ਰਮਾਤਮਾ ਤੇ ਭੂਤਾਂ ਪ੍ਰੇਤਾਂ ਦੇ ਚੱਕਰਾਂ ਵਿੱਚ ਫਸਾਕੇ ਆਪਣੀ ਲੁੱਟ ਖਸੁੱਟ ਕਰਨ ਦਾ ਸਾਮਰਾਜ ਤਿਆਰ ਕੀਤਾ ਹੋਇਆ ਹੈ। ਇਹ ਸਮਝਦੇ ਹਨ ਕਿ ਆਤਮਾ ਪ੍ਰਮਾਤਮਾ ਦਾ ਵਿਉਪਾਰ ਨੁਕਸਾਨ ਰਹਿਤ ਅਤੇ ਟੈਕਸ ਰਹਿਤ ਵਿਉਪਾਰ ਹੈ, ਜਿੰਨੀ ਕਮਾਈ ਇਸ ਵਿਉਪਾਰ ਰਾਹੀਂ ਕੀਤੀ ਜਾ ਸਕਦੀ ਹੈ, ਉਨੀਂ ਕਮਾਈ ਕਿਸੇ ਵੀ ਹੋਰ ਧੰਦੇ ਵਿੱਚ ਅਸੰਭਵ ਹੈ। ਨਾਲੇ ਉਹ ਕਮਾਈ ਕਰਦੇ ਰਹਿੰਦੇ ਹਨ ਤੇ ਨਾਲ ਹੀ ਲੋਕਾਂ ਵਿੱਚ ਉਨ੍ਹਾਂ ਦੀ ਹਰਮਨ ਪਿਆਰਤਾ ਵੀ ਬਣੀ ਰਹਿੰਦੀ ਹੈ। ਲੁੱਟੀ ਜਾ ਰਹੀ ਜਨਤਾ ਹੀ ਉਨ੍ਹਾਂ ਦੀ ਪੂਜਾ ਕਰਦੀ ਰਹਿੰਦੀ ਹੈ। ਪਿਛਲੇ ਸਮਿਆਂ ਵਿੱਚ ਰਾਜਿਆਂ ਮਹਾਰਾਜਿਆਂ ਨੇ ਜਨਤਾ ਦੀ ਲੁੱਟ-ਖਸੁੱਟ ਕਰਨ ਲਈ ਇਸੇ ਛਲਾਵੇ ਦੀ ਵਰਤੋਂ ਕੀਤੀ ਸੀ ਅਤੇ ਅੱਜ ਦੇ ਹਾਕਮ ਵੀ ਅਜਿਹਾ ਹੀ ਕਰ ਰਹੇ ਹਨ। ਇਸੇ ਲਈ ਤਾਂ ਸਾਡੀ ਸਧਾਰਣ ਜਨਤਾ ਦਿਨੋਂ-ਦਿਨ ਗਰੀਬ ਹੋ ਰਹੀ ਹੈ। ਇਨ੍ਹਾਂ ਚਲਾਕ ਲੋਕਾਂ ਵਿੱਚ ਅੱਜ ਦੇ ਸਿਆਸਤਦਾਨ ਵੀ ਸ਼ਾਮਿਲ ਹਨ, ਜਿਹੜੇ ਡੇਰੇ, ਮੱਠਾਂ, ਸਤਿਸੰਗ ਘਰਾਂ ਅਤੇ ਧਾਰਮਿਕ ਸਥਾਨਾਂ ਨੂੰ ਵੋਟਾਂ ਸਮੇਂ ਆਪਣੇ ਹੱਕ ਵਿੱਚ ਭੁਗਤਾਉਣ ਲਈ ਆਪਣਾ ਸਾਰਾ ਤਾਨ ਲਾਉਂਦੇ ਰਹਿੰਦੇ ਹਨ ਅਤੇ ਆਪਣੀ ਸਰਕਾਰ ਦੇ ਸਤ੍ਹਾ ਤੇ ਕਾਬਜ ਹੋਣ ਤੇ ਖਜ਼ਾਨਿਆਂ ਦੇ ਮੂੰਹ ਇਨ੍ਹਾਂ ਮੱਠਾਂ ਲਈ ਖੋਲ੍ਹ ਦਿੰਦੇ ਹਨ। ਇਸ ਤਰ੍ਹਾਂ ਭਾਰਤ ਦੀ ਆਮ ਜਨਤਾ ਨਾਲ ਦਿਨ-ਦਿਹਾੜੇ ਠੱਗੀ ਵੱਜਦੀ ਰਹਿੰਦੀ ਹੈ।

ਅੰਤ ਵਿੱਚ ਮੈਂ ਤਰਕਸ਼ੀਲ ਸੁਸਾਇਟੀ ਭਾਰਤ ਵਲੋਂ ਅਜਿਹੇ ਵਿਅਕਤੀ ਨੂੰ ਇੱਕ ਕਰੋੜ ਰੁਪਏ ਦੇ ਇਨਾਮ ਦੀ ਪੇਸ਼ਕਸ਼ ਦੁਹਰਾਉਂਦਾ ਹਾਂ, ਜਿਹੜਾ ਇਹ ਸਿੱਧ ਕਰ ਸਕਦਾ ਹੋਵੇ ਕਿ ਭੂਤਾਂ, ਪ੍ਰੇਤਾਂ, ਆਤਮਾ ਅਤੇ ਪੁਨਰ ਜਨਮਾਂ ਦੀ ਹੋਂਦ ਪਦਾਰਥ ਤੋਂ ਬਗੈਰ ਹੋ ਸਕਦੀ ਹੈ।

**- ਮੇਘ ਰਾਜ ਮਿੱਤਰ** (M. 98887 87440)



# ਕੀ ਹੈ ਸੁਨਾਮੀ

## ਜਪਾਨ ਤ੍ਰਾਸ਼ਦੀ

ਜਪਾਨ 'ਚ ਆਏ ਸਭ ਤੋਂ ਵੱਡੇ ਭੁਚਾਲ ਨੇ ਉੱਤਰ ਪੂਰਬੀ ਕਿਨਾਰੇ ਦੇ ਇਲਾਕਿਆਂ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। 10 ਮੀਟਰ ਉੱਚੀਆਂ ਲਹਿਰਾਂ ਦੇ ਰਸਤੇ ਵਿੱਚ ਜੋ ਕੁੱਝ ਵੀ ਆਇਆ, ਉਹ ਸਭ ਕੁੱਝ ਤਬਾਹ ਹੋ ਗਿਆ।

ਰਿਐਕਟਰ ਪੈਮਾਨੇ 'ਤੇ 8.9 ਦੀ ਤੀਬਰਤਾ ਵਾਲੇ ਇਸ ਭੁਚਾਲ ਦੇ ਕਾਰਨ ਹਜ਼ਾਰਾਂ ਲੋਕਾਂ ਦੀ ਜਾਨ ਗਈ, ਲੋਕ ਜ਼ਖ਼ਮੀ ਹੋਏ, ਅੱਗ ਲੱਗੀ ਅਤੇ ਪਾਣੀ ਦੀਆਂ ਉੱਚੀਆਂ ਲਹਿਰਾਂ ਨੇ ਲੋਕਾਂ ਨੂੰ ਆਪਣਾ ਘਰ ਬਾਰ ਛੱਡ ਕੇ ਉੱਚੇ ਸਥਾਨਾਂ 'ਤੇ ਜਾਣ ਲਈ ਮਜ਼ਬੂਰ ਕਰ ਦਿੱਤਾ।

**ਕਿਵੇਂ ਆਉਂਦੀ ਹੈ ਸੁਨਾਮੀ** : ਤਕੜੇ ਭੁਚਾਲ ਦੇ ਦੌਰਾਨ ਸਮੁੰਦਰੀ ਪਲੇਟ ਕਈ ਮੀਟਰ ਤੱਕ ਖਿਸਕ ਜਾਂਦੀ ਹੈ। ਨਤੀਜਾ ਸਮੁੰਦਰ ਦੀ ਸਤ੍ਹਾ 'ਤੇ ਜ਼ਬਰਦਸਤ ਉਥਲ-ਪੁਥਲ ਹੁੰਦੀ ਹੈ। ਜਿਸਦੇ ਕਾਰਨ ਅਚਾਨਕ ਪਾਣੀ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਵੱਲ ਵਧਦਾ ਹੈ। 2004 'ਚ ਹਿੰਦ ਮਹਾਂਸਾਗਰ 'ਚ ਵੀ ਇਸ ਤਰ੍ਹਾਂ ਹੀ ਹੋਇਆ ਸੀ, ਜਿਸਦੇ ਨਤੀਜੇ ਵਜੋਂ ਲੱਖਾਂ ਲੋਕਾਂ ਦੀ ਜਾਨ ਗਈ। 2004 'ਚ ਜਦੋਂ ਆਚੇਹ ਦੀਪ 'ਚ ਜੋ ਤਬਾਹੀ ਆਈ ਤਾਂ ਕੁੱਝ ਹੀ ਮਿੰਟਾਂ ਅੰਦਰ ਇੰਨਾ ਪਾਣੀ ਵਹਿ ਗਿਆ, ਜਿਨ੍ਹਾਂ ਸਿਡਨੀ ਹਾਰਬਰ 'ਚ ਵਹਿੰਦਾ ਹੈ।

ਜ਼ਿਆਦਾਤਰ ਅਜਿਹੇ ਭੁਚਾਲ ਹੀ ਸਮੁੰਦਰ ਦੀ ਸਤ੍ਹਾ ਨੂੰ ਨੁਕਸਾਨ ਪਹੁੰਚਾਉਂਦੇ ਹਨ ਜੋ ਉੱਤਲੇ ਹਿੱਸੇ 'ਚ ਹੁੰਦੇ ਹਨ। ਯਾਨੀ ਸਮੁੰਦਰ ਦੇ ਅੰਦਰ 70 ਕਿਲੋਮੀਟਰ ਤੋਂ ਘੱਟ ਗਹਿਰਾਈ 'ਤੇ।2004 'ਚ ਜੋ ਸੁਨਾਮੀ ਆਈ, ਇਸਦੀ ਵਜ੍ਹਾ ਸਾਗਰ ਦੇ ਹੇਠਾਂ 30 ਕਿ. ਮੀ. 'ਚ ਆਇਆ ਭੁਚਾਲ ਸੀ।

**ਕਿਵੇਂ ਉੱਠਦੀ ਹੈ ਸੁਨਾਮੀ** : ਸਾਗਰ ਦੀ ਸਤ੍ਹਾ 'ਤੇ ਸੁਨਾਮੀ ਛੋਟੀਆਂ ਲਹਿਰਾਂ ਦੇ ਰੂਪ 'ਚ ਉੱਠਦੀ ਹੈ, ਜਿਸਨੂੰ ਜੇਕਰ ਕੋਈ ਜਹਾਜ਼ ਪਾਰ ਕਰੇ ਤਾਂ ਉਸ ਨੂੰ ਪਤਾ ਵੀ ਨਹੀਂ ਚੱਲਦਾ, ਪਰ ਜਿਵੇਂ-ਜਿਵੇਂ ਇਹ ਕਿਨਾਰਿਆਂ ਵੱਲ ਆਪਣੇ ਕਦਮ ਵਧਾਉਂਦੇ ਹਨ, ਇਸਦੀ ਉਚਾਈ ਅਤੇ ਤੀਬਰਤਾ ਵਧਦੀ ਜਾਂਦੀ ਹੈ।

ਸੁਨਾਮੀ 'ਚ ਇਕ ਨਹੀਂ ਸਗੋਂ ਕਈ ਲਹਿਰਾਂ ਹੁੰਦੀਆਂ ਹਨ, ਇਨ੍ਹਾਂ ਲਹਿਰਾਂ ਦੀ ਗਤੀ 1000 ਕਿ.ਮੀ. ਪ੍ਰਤੀ ਘੰਟੇ ਤੱਕ ਹੋ ਸਕਦੀ ਹੈ। ਪ੍ਰਸ਼ਾਂਤ ਸਾਗਰ ਦੀ ਵਿਸ਼ਾਲਤਾ ਅਤੇ ਇਸ 'ਚ ਆਉਣ ਵਾਲੇ ਭੁਚਾਲ ਦੀ ਘਾਤਕ ਜੋੜੀ ਏਸ਼ੀਆ ਪ੍ਰਸ਼ਾਂਤ ਖੇਤਰ 'ਚ ਤਬਾਹੀ ਦਾ ਸਮਾਨ ਜੁਟਾਉਂਦੀ ਹੈ, ਸੁਨਾਮੀ ਪੂਰੇ ਪ੍ਰਸ਼ਾਂਤ ਮਹਾਂਸਾਗਰ ਦੀ ਯਾਤਰਾ ਕੇਵਲ ਇੱਕ ਦਿਨ 'ਚ ਪੂਰੀ ਕਰ ਸਕਦੀ ਹੈ।

ਸੁਨਾਮੀ ਦਾ ਸੰਕਟ ਲਹਿਰਾਂ ਦੀ ਉਚਾਈ ਦੇ ਕਾਰਨ ਜ਼ਿਆਦਾ ਵੱਡਾ ਨਹੀਂ ਹੁੰਦਾ, ਸਗੋਂ ਪਾਣੀ ਦੀ ਜ਼ਿਆਦਾ ਮਾਤਰਾ ਇਸਨੂੰ ਘਾਤਕ ਬਣਾਉਂਦੀ ਹੈ। ਇਹ ਸਮੁੰਦਰ 'ਚ ਆਏ ਕਿਸੇ ਹੜ੍ਹ ਵਰਗਾ ਹੁੰਦਾ ਹੈ। ਜੋ ਆਪਣੇ ਰਸਤੇ 'ਚ



ਆਉਣ ਵਾਲੀ ਹਰ ਚੀਜ਼ ਨੂੰ ਨਸ਼ਟ ਕਰ ਦਿੰਦਾ ਹੈ। ਜਿੰਨੀ ਤੇਜ਼ੀ ਨਾਲ ਇਹ ਕਿਨਾਰਿਆਂ ਵੱਲ ਵਧਦਾ ਹੈ, ਉਨੀ ਹੀ ਤੇਜ਼ੀ ਨਾਲ ਵਾਪਸ ਵੀ ਚਲਾ ਜਾਂਦਾ ਹੈ।

**ਦੁਨੀਆਂ ਦੀ ਸਭ ਤੋਂ ਵੱਡੀ ਸੁਨਾਮੀ :** 2004 'ਚ ਹਿੰਦ ਮਹਾਂਸਾਗਰ 'ਚ ਆਈ ਸੁਨਾਮੀ ਹੁਣ ਤੱਕ ਦੀ ਸਭ ਤੋਂ ਜ਼ਿਆਦਾ ਖ਼ਤਰਨਾਕ ਰਹੀ ਹੈ। ਇਸ 'ਚ ਕੁਲ ਹਜ਼ਾਰ 2 ਲੱਖ 26 ਹਜ਼ਾਰ ਲੋਕਾਂ ਦੀ ਮੌਤ ਹੋਈ ਅਤੇ ਲਹਿਰਾਂ ਦੀ ਉਚਾਈ 50 ਮੀਟਰ ਤੱਕ ਸੀ।

1883 'ਚ ਜਵਾਲਾਮੁਖੀ ਵਿਸਫ਼ੋਟ ਦੇ ਕਾਰਨ 125 ਫੁੱਟ (ਫੀਟ) ਉੱਚੀਆਂ ਲਹਿਰਾਂ ਉੱਠੀਆਂ ਜਿਸ 'ਚ 36000 ਲੋਕ ਮਾਰੇ ਗਏ, ਆਧੁਨਿਕ ਇਤਿਹਾਸ 'ਚ ਇਹ ਸਭ ਤੋਂ ਖ਼ਤਰਨਾਕ ਵਿਸਫ਼ੋਟ ਮੰਨਿਆ ਜਾਂਦਾ ਹੈ।

## ਸੁਨਾਮੀ ਕਾਰਨ ਡੁੱਬੇ ਅਟਲਾਂਟਿਸ ਸ਼ਹਿਰ ਦੇ ਸੁਰਾਗ ਮਿਲੇ

ਅੱਜ ਤਾਂ ਸਾਨੂੰ ਤਕਨੀਕ ਦੀ ਮੱਦਦ ਨਾਲ ਸੁਨਾਮੀ ਦੀ ਚੇਤਾਵਨੀ ਮਿਲ ਜਾਂਦੀ ਹੈ। ਪਰ ਕੁਝ ਹਜ਼ਾਰ ਸਾਲ ਪਹਿਲਾਂ ਤਾਂ ਕੁਦਰਤ ਦੀ ਕਰਵਟ ਨਾਲ ਵੱਡੇ ਵੱਡੇ ਦੀਪ ਵੀ ਡੁੱਬ ਜਾਂਦੇ ਸਨ। ਅਮਰੀਕੀ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਹਜ਼ਾਰ ਸਾਲ ਪਹਿਲਾਂ ਸੁਨਾਮੀ ਦੇ ਕਾਰਨ ਡੁੱਬੇ ਅਟਲਾਂਟਿਸ ਸ਼ਹਿਰ ਦਾ ਸੁਰਾਗ ਮਿਲਿਆ ਹੈ। ਸੋਧ ਕਰਨ ਵਾਲੇ ਵਿਗਿਆਨਕ ਰਿਚਰਡ ਦਾ ਕਹਿਣਾ ਹੈ ਕਿ, "ਇਹ ਸੁਨਾਮੀ ਦੀ ਸ਼ਕਤੀ ਹੈ ਕਿ ਇਹ ਸਮਝਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਸੁਨਾਮੀ ਕਾਰਨ 60 ਮੀਲ ਲੰਬਾ ਦੀਪ ਗਾਇਬ ਹੋ ਗਿਆ। ਗ੍ਰੀਕ ਦਾਰਸ਼ਨਿਕ ਪਲੈਟੋ ਨੇ ਕਰੀਬ ਦੋ ਹਜ਼ਾਰ ਸਾਲ ਪਹਿਲਾਂ ਅਟਲਾਂਟਿਸ ਦੇ ਬਾਰੇ ਲਿਖਿਆ ਸੀ। ਉਨ੍ਹਾਂ ਨੇ ਲਿਖਿਆ ਸੀ ਕਿ, "ਇੱਕ ਦੀਪ ਜੋ ਪਿਲਰਸ ਆਫ਼ ਹਰਕਿਊਲਿਸ ਦੇ ਸਾਹਮਣੇ ਹੈ।"

ਅਟਲਾਂਟਿਸ ਦੇ ਬਾਰੇ ਲਿਖੇ ਪਲੈਟੋ ਦੇ ਵਿਚਾਰਾਂ ਦੇ ਅਧਾਰ ਤੇ ਹੀ ਵਿਗਿਆਨਕ ਮਾਹਰਾਂ ਨੇ ਇਸ ਸ਼ਹਿਰ ਦੀ ਹੋਂਦ ਭੂ-ਮੱਧ ਅਤੇ ਅਟਲਾਂਟਿਕ ਮਹਾਂਸਾਗਰ ਦੇ ਕਿਸੇ ਹਿੱਸੇ 'ਚ ਹੋਣ ਦੀ ਸੰਭਾਵਨਾ ਜ਼ਾਹਰ ਕੀਤੀ ਸੀ। ਅਟਲਾਂਟਿਸ ਦੀ ਹੋਂਦ ਸੱਚ 'ਚ ਹੈ ਜਾਂ ਨਹੀਂ ਇਸ ਬਾਰੇ ਕਈ ਸਾਲ ਵਿਵਾਦ ਹੁੰਦਾ ਰਿਹਾ, 360 ਈ. ਪੂ. 'ਚ ਪਲੈਟੋ ਦੇ ਲਿਖੇ 'ਡਾਇਲਾਗ' 'ਚ ਇਸ ਇਤਿਹਾਸਕ ਸ਼ਹਿਰ ਦੇ ਬਾਰੇ ਜਾਣਕਾਰੀ ਹੈ। ਪਲੈਟੋ ਨੇ ਲਿਖਿਆ ਹੈ, "ਜਿਸ ਦੀਪ ਨੂੰ ਉਹ ਅਟਲਾਂਟਿਸ ਕਹਿੰਦੇ ਹਨ, ਉਹ ਇੱਕ ਦਿਨ ਅਤੇ ਰਾਤ 'ਚ ਹੀ ਸਮੁੰਦਰ 'ਚ ਗਾਇਬ ਹੋ ਜਾਂਦਾ ਹੈ।

ਜਾਣਕਾਰ ਉਸ ਹਿੱਸੇ ਦੀ ਖੁਦਾਈ ਕਰਨ ਦੀ ਯੋਜਨਾ ਬਣਾ ਰਹੇ ਹਨ। ਜਿੱਥੇ ਅਟਲਾਂਟਿਸ ਸ਼ਹਿਰ ਦੇ ਹੋਣ ਦੀ ਸੰਭਾਵਨਾ ਹੈ। ਨਾਲ ਹੀ ਮੱਧ ਸਪੇਨ 'ਚ ਰਹੱਸਮਈ ਸ਼ਹਿਰਾਂ ਦੀ ਵੀ ਖੁਦਾਈ ਕੀਤੀ ਜਾਵੇਗੀ। ਤਾਂਕਿ ਖੁਦਾਈ 'ਚ ਮਿਲੀਆਂ ਚੀਜਾਂ ਦਾ ਅਧਿਐਨ ਕੀਤਾ ਜਾ ਸਕੇ।




## ਕਿਵੇਂ ਹੁੰਦਾ ਹੈ ਪਰਮਾਣੂ ਦਾ ਰਿਸਾਵ?

ਭੁਚਾਲ ਅਤੇ ਸੁਨਾਮੀ ਤੋਂ ਬਾਅਦ ਹੁਣ ਜਪਾਨ 'ਚ ਪਰਮਾਣੂ ਸੰਕਟ ਦਾ ਖ਼ਤਰਾ ਮੰਡਰਾ ਰਿਹਾ ਹੈ। ਭੁਚਾਲ ਦਾ ਅਸਰ ਟੋਕੀਓ ਦੇ ਫੁਕੁਸ਼ਿਮਾ ਡਾਈਚੀ ਪਰਮਾਣੂ ਬਿਜਲੀ ਘਰ 'ਤੇ ਪੈਂਦਾ ਹੈ।

ਜਪਾਨ 'ਚ ਫੁਕੁਸ਼ਿਮਾ ਡਾਈਚੀ ਪਰਮਾਣੂ ਬਿਜਲੀ ਘਰ, ਕੁਲੈਕਟਰ ਵਾਟਰ ਰਿਐਕਟਰ ਸਿਸਟਮ ਵਾਲੇ ਪਰਮਾਣੂ ਦੀ ਸਹਾਇਤਾ ਨਾਲ ਬਿਜਲੀ ਪੈਦਾ ਕਰਦਾ ਹੈ। ਰਿਐਕਟਰ ਦੇ ਅੰਦਰ ਮੌਜੂਦ ਪਰਮਾਣੂ ਵਿਖੰਡਣ ਦੇ ਜ਼ਰੀਏ ਗਰਮੀ ਪੈਦਾ ਕਰਦੇ ਹਨ। ਇਸ ਤਰ੍ਹਾਂ ਰਿਐਕਟਰ 'ਚ ਮੌਜੂਦ ਪਾਣੀ ਗਰਮ ਹੋ ਜਾਂਦਾ ਹੈ। ਜਿਸ ਨੂੰ ਟਰਬਾਈਨ 'ਚੋਂ ਲੰਘਾ ਕੇ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਠੰਡਾ ਹੋਣ ਤੋਂ ਬਾਅਦ ਇਹ ਪਾਣੀ ਦੁਬਾਰਾ ਰਿਐਕਟਰ 'ਚ ਚਲਿਆ ਜਾਂਦਾ ਹੈ ਅਤੇ ਗਰਮ ਹੋ ਕੇ ਵਾਪਸ ਟਰਬਾਈਨ ਤੱਕ ਚਲਿਆ ਜਾਂਦਾ ਹੈ।

**ਰਿਐਕਟਰ ਠੰਡਾ ਕਰਨ ਦੇ ਲਈ ਬਿਜਲੀ ਜ਼ਰੂਰੀ :** ਇਸ ਤਰ੍ਹਾਂ ਰਿਐਕਟਰ ਦਾ ਅੰਦਰੂਨੀ ਹਿੱਸਾ ਲੰਬੀਆਂ ਨਾਲੀਆਂ ਦਾ ਬਣਿਆ ਹੁੰਦਾ ਹੈ। ਜਿਸ ਅੰਦਰ ਪਰਮਾਣੂ ਈਂਧਨ ਦੀਆਂ ਛੜਾਂ ਲੱਗੀਆਂ ਹੁੰਦੀਆਂ ਹਨ, ਇਨ੍ਹਾਂ ਛੜਾਂ 'ਚ ਯੂਰੇਨੀਅਮ ਹੁੰਦੀ ਹੈ ਅਤੇ ਜਦੋਂ ਇਸਨੂੰ ਰੇਡੀਓਧਰਮੀ ਤਰੀਕੇ ਨਾਲ ਜੋੜਿਆ ਜਾਂਦਾ ਹੈ ਤਾਂ ਬਹੁਤ ਵੱਡੀ ਮਾਤਰਾ 'ਚ ਊਰਜਾ ਪੈਦਾ ਹੁੰਦੀ ਹੈ, ਇਹੀ ਊਰਜਾ ਨਾਲੀਆਂ 'ਚ ਮੌਜੂਦ ਪਾਣੀ ਦਾ ਤਾਪਮਾਨ ਵਧਾ ਦਿੰਦੀ ਹੈ। ਇਸ ਨਾਲ ਊਰਜਾ ਦੇ ਭਰੇ ਨਿਊਟ੍ਰਾਨ ਵੀ ਪੈਦਾ ਹੁੰਦੇ ਹਨ। ਇਸ ਪ੍ਰਕਿਰਿਆ ਨੂੰ ਰੋਕਣ ਜਾਂ ਨਿਯੰਤਰਿਤ ਕਰਨ ਦੇ ਲਈ ਈਂਧਨ ਦੀਆਂ ਛੜਾਂ ਦੇ ਵਿਚਕਾਰ ਨਿਯੰਤਰਿਕ ਛੜੀ ਲੱਗੀ ਹੁੰਦੀ ਹੈ। ਜਦੋਂ ਪਰਮਾਣੂ ਬਿਜਲੀ ਘਰ ਬੰਦ ਕਰਨਾ ਹੁੰਦਾ ਹੈ ਤਾਂ ਉਸਦੇ ਲਈ ਇਨ੍ਹਾਂ ਨਿਯੰਤਰਿਕ ਛੜਾਂ ਨੂੰ ਰਿਐਕਟਰ 'ਚ ਪਾਇਆ ਜਾਂਦਾ ਹੈ। ਇਸ ਤਰ੍ਹਾਂ ਪਰਮਾਣੂ ਵਿਖੰਡਣ ਹੋਣਾ ਪੂਰੀ ਤਰ੍ਹਾਂ ਬੰਦ ਹੋ ਜਾਂਦਾ ਹੈ ਅਤੇ ਰਿਐਕਟਰ ਠੰਡਾ ਹੋ ਜਾਂਦਾ ਹੈ। ਇਸ ਲਈ ਬਿਜਲੀ ਨਾਲ ਚਲਣ ਵਾਲੇ ਪੰਪ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਫੁਕੁਸ਼ਿਮਾ 'ਚ ਰੱਖਿਆ ਯੰਤਰ ਨੇ ਭੁਚਾਲ ਤੋਂ ਬਾਅਦ ਗਈ ਬਿਜਲੀ ਦੇ ਕਾਰਨ ਕੰਮ ਕਰਨਾ ਬੰਦ ਕਰ ਦਿੱਤਾ। ਬਿਜਲੀ ਦੇ ਨਾ ਹੋਣ ਕਾਰਨ ਜੈਨਰੇਟਰ ਦੀ ਮੱਦਦ ਲਈ ਗਈ। ਪਰ ਉਹ ਵੀ ਚੰਗੀ ਤਰ੍ਹਾਂ ਚਲ ਨਹੀਂ ਸਕਿਆ। ਇਸ ਤੋਂ ਬਾਅਦ ਰਿਐਕਟਰ ਨੂੰ ਠੰਡਾ ਕਰਨ ਦੇ ਲਈ ਬਿਜਲੀ ਦੀ ਬੈਟਰੀ ਦਾ ਸਹਾਰਾ ਲਿਆ ਗਿਆ। ਪਰ ਬੈਟਰੀ ਥੋੜੀ ਦੇਰ ਦੇ ਲਈ ਹੀ ਕੰਮ ਆ ਸਕੀ। ਰਿਐਕਟਰ 'ਚ ਪਾਣੀ ਦਾ ਤਾਪਮਾਨ ਵਧਦਾ ਜਾ ਰਿਹਾ ਹੈ ਅਤੇ ਉਸ ਦੇ ਭਾਫ਼ 'ਚ ਬਦਲਣ ਦੇ ਕਾਰਨ ਰਿਐਕਟਰ 'ਚ ਦਬਾਵ ਵੀ ਵੱਧ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਜਿੱਥੇ ਵਿਸਫ਼ੋਟ ਹੋਇਆ, ਇਸ ਵਿਸਫ਼ੋਟ ਦੀ ਵਜ੍ਹਾ ਨਾਲ ਸ਼ੰਕਾ ਜਤਾਈ ਗਈ ਹੈ ਕਿ ਅਜਿਹੀਆਂ ਰੇਡੀਓ ਐਕਟਿਵ ਕਿਰਨਾਂ ਨਿਕਲਣਗੀਆਂ, ਜਿਸ ਨਾਲ ਲੱਖਾਂ ਲੋਕ ਗੰਭੀਰ ਰੂਪ 'ਚ ਬਿਮਾਰ ਹੋ ਸਕਦੇ ਹਨ।

**– ਪੂਜਾ ਬਾਂਸਲ**

# ਰੋਜ਼ਾਨਾ ਜੀਵਨ 'ਚ ਪੁਲਾੜ ਤਕਨੀਕਾਂ ਦਾ ਉਪਯੋਗ

ਪੁਲਾੜ ਦੀਆਂ ਵਿਕਸਤ ਤਕਨੀਕਾਂ ਨੇ ਮਨੁੱਖ ਦੇ ਲਈ ਕਈ ਕਲਿਆਣਕਾਰੀ ਕੰਮ ਕੀਤੇ ਹਨ ਅਤੇ ਮਨੁੱਖ ਦੇ ਜੀਵਨ ਸਤਰ ਨੂੰ ਉੱਚਾ ਚੁੱਕਿਆ ਹੈ। ਨੀਲ ਆਰਮਸਟਰਾਂਗ ਦੇ ਰੂਪ 'ਚ ਇੱਕ ਮਨੁੱਖ ਨੂੰ ਚੰਦਰਮਾ ਦੀ ਸਤ੍ਹਾ ਤੋਂ ਉਤਾਰ ਕੇ ਮਨੁੱਖੀ ਸਭਿਅਤਾ ਨੇ ਕੇਵਲ ਆਪਣਾ ਇੱਕ ਸੁਪਨਾ ਹੀ ਨਹੀਂ ਪੂਰਾ ਕੀਤਾ ਹੈ ਬਲਕਿ ਇਸਦੀਆਂ ਪੁਲਾੜ ਤਕਨੀਕਾਂ ਨੇ ਉਪਯੋਗਾਂ ਨੂੰ ਵੀ ਕਾਫ਼ੀ ਲਾਭ ਪਹੁੰਚਾਇਆ ਹੈ। ਦਿਲ ਦੇ ਰੋਗ ਦੇ ਮਰੀਜ, ਜਿਨ੍ਹਾਂ ਦੇ ਪੇਸਮੇਕਰ ਲੱਗਿਆ ਹੈ, ਜਿਸ ਕਾਰਨ ਉਨ੍ਹਾਂ ਨੂੰ ਨਵਾਂ ਜੀਵਨ ਮਿਲਿਆ ਹੈ, ਇਸ ਸਭ ਕੁੱਝ ਪੁਲਾੜ ਮਾਨੀਟਰਨ ਇਲੈਕਟ੍ਰੋਨਿਕ ਤਕਨੀਕ ਨਾਲ ਹੀ ਸੰਭਵ ਹੋ ਸਕਿਆ ਹੈ। ਜਿਸਦਾ ਵਿਕਾਸ ਪ੍ਰਿਥਵੀ 'ਚ ਚੱਕਰ ਲਗਾ ਰਹੇ ਬਣਾਵਟੀ ਉਪ-ਗ੍ਰਹਿਆਂ ਦੇ ਸਵਾਸਥ ਮਾਨੀਟਰਨ ਦੇ ਲਈ ਕੀਤਾ ਗਿਆ ਸੀ। ਸ਼ੂਗਰ ਰੋਗ ਨਾਲ ਪੀੜਿਤ ਮਰੀਜਾਂ ਨੂੰ ਇੰਪਲਾਨਟੇਬੁਲ ਇਨਸੂਲਿਨ ਪੰਪ ਨਾਲ ਕਾਫ਼ੀ ਰਾਹਤ ਮਿਲੀ ਹੈ, ਜਿਸ ਨਾਲ ਸ਼ੂਗਰ ਰੋਗ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਦਿਲ ਦੇ ਰੋਗ ਮਾਨੀਟਰਨ ਉਪਕਰਣ, ਟੈਲੀਮੈਡੀਸਿਨ, ਬਣਾਵਟੀ ਦਿਲ, ਰੋਬੋਟਿਕ ਅਤੇ ਸੁਦੂਰ ਸ਼ਲਯ ਚਿਕਿਤਸਾ, ਇਨਫਰਾਰੈੱਡ ਥਰਮਾਮੀਟਰ ਅਤੇ ਬਣਾਵਟੀ ਲੱਤਾਂ ਦੇ ਲਈ ਪਦਾਰਥ ਪੁਲਾੜ ਦੀ ਹੀ ਦੇਣ ਹੈ। ਡਿਜੀਟਲ ਦਿਲ ਸੰਬੰਧੀ ਪ੍ਰਤੀਬਿੰਬਨ ਅਤੇ ਡਿਜੀਟਲ ਸਿਗਨਲ ਪ੍ਰੋਸੈਸਿੰਗ ਤਕਨੀਕਾਂ ਪੁਲਾੜ ਯੁਗ ਦੀ ਦੇਣ ਹਨ। ਕਿਉਂਕਿ ਇਸ ਤੋਂ ਬਿਨਾਂ ਬੈਲੂਨ ਐਂਜਲੋਗ੍ਰਾਫ਼ੀ, ਸੀ. ਟੀ. ਸਕੈਨ ਅਤੇ ਐਮ. ਆਰ. ਆਈ ਵਰਗੀਆਂ ਤਕਨੀਕਾਂ ਸੰਭਵ ਨਹੀਂ ਸਨ।

**ਪੁਲਾੜ 'ਚ ਘੁੰਮ ਰਹੇ ਬਣਾਵਟੀ ਉਪ-ਗ੍ਰਹਿਆਂ ਦਾ ਕਮਾਲ** : ਪੁਲਾੜ 'ਚ ਚੱਕਰ ਲਗਾ ਰਹੇ ਬਣਾਵਟੀ ਉਪ-ਗ੍ਰਹਿਆਂ ਨੇ ਮਨੁੱਖ ਨੂੰ ਕਈ ਤਕਨੀਕਾਂ ਦੀ ਸਹਾਇਤਾ ਨਾਲ ਕਾਫ਼ੀ ਲਾਭ ਪਹੁੰਚਾਇਆ ਹੈ। ਸੁਦੂਰ ਸੰਵੇਦਨ ਉਪ-ਗ੍ਰਹਿਆਂ ਦੀ ਸਹਾਇਤਾ ਨਾਲ ਪ੍ਰਿਥਵੀ ਦੇ ਅੰਦਰ ਛੁਪੇ ਅਨੇਕਾਂ ਖਣਿਜਾਂ ਨੂੰ ਲੱਭਣ 'ਚ ਮੱਦਦ ਮਿਲੀ ਹੈ। ਮੌਸਮ ਵਿਗਿਆਨੀ ਉਪਗ੍ਰਹਿਆਂ ਨੇ ਮੌਸਮ ਦੀ ਭਵਿੱਖਬਾਣੀ 'ਚ ਮਹੱਤਵਪੂਰਣ ਸਹਾਇਤਾ ਕੀਤੀ ਹੈ। ਵਿਗਿਆਨਕ ਉਪ-ਗ੍ਰਹਿਆਂ ਨੇ ਵਾਯੂਮੰਡਲ ਅਤੇ ਓਜ਼ੋਨ ਪਰਤ ਦੀ ਜਾਂਚ 'ਚ ਉਪਯੋਗੀ ਭੂਮਿਕਾ ਨਿਭਾਈ ਹੈ।



**ਕੰਮ ਦੇ ਖੇਤਰ 'ਚ ਪੁਲਾੜ ਤਕਨੀਕ ਦਾ ਸਹਾਇਕ ਹੋਣਾ** : ਅੱਜ ਸਾਡੇ ਜੀਵਨ 'ਚ ਇੰਟਰਨੈੱਟ ਦਾ ਬਹੁਤ ਉਪਯੋਗ ਹੈ। ਅੱਜ ਅਸੀਂ ਇਸਦੀ ਕਲਪਣਾ ਵੀ ਨਹੀਂ ਕਰ ਸਕਦੇ ਕਿ ਇਸਦੇ ਬਿਨਾਂ ਅਸੀਂ ਕਿਵੇਂ ਰਹਿ ਸਕਾਂਗੇ। ਅੱਜ ਹਰ ਬੱਚਾ ਪੀ. ਸੀ. ਦੇ ਨਾਲ ਕਾਫ਼ੀ ਸਹਿਜ ਮਹਿਸੂਸ ਕਰਦਾ ਹੈ। ਜੇਕਰ 1960 ਅਤੇ 1970 ਦੇ ਦਹਾਕੇ ਦੀ ਪੁਲਾੜ ਦੌੜ ਨਾ ਹੁੰਦੀ ਤਾਂ ਸ਼ਾਇਦ ਪੀ. ਸੀ. ਦਾ ਹੋਣਾ ਸੰਭਵ ਨਹੀਂ ਸੀ। ਜਿਸ ਚੰਦਰ ਲੈਂਡਰ ਦੇ ਦੁਆਰਾ ਪਹਿਲੇ ਚੰਦਰ ਮਾਨਵ ਨੇ ਚੰਦਰਮਾ 'ਤੇ ਆਪਣੇ ਚਰਨ ਰੱਖੇ ਉਹ ਅੱਜ ਦੇ ਕੰਪਿਊਟਰਾਂ ਦੀ ਤੁਲਨਾ 'ਚ ਇੱਕ ਛੋਟੀ ਲੱਭਤ ਸੀ। 1969 ਦੇ ਚੰਦਰ ਲੈਂਡਰਾਂ ਦੀ ਤੁਲਨਾ 'ਚ ਅੱਜ ਡੈਸਕ ਟੋਪ, ਕੈਲਕੂਲੇਟਰ ਵਰਗੀਆਂ ਤਕਨੀਕਾਂ ਬਹੁਤ ਜ਼ਿਆਦਾ ਕੰਪਿਊਟਰੀ ਸਮਤਾ ਰੱਖਦੀਆਂ ਹਨ।

**ਫੈਬਰਿਕ ਅਤੇ ਕੱਪੜੇ ਦਾ ਖੇਤਰ** : ਇਨ੍ਹਾਂ ਖੇਤਰਾਂ 'ਚ ਵੀ ਪੁਲਾੜ ਤਕਨੀਕਾਂ ਨੇ ਕਾਫ਼ੀ ਲਾਭ ਪਹੁੰਚਾਇਆ ਹੈ। ਫਾਇਰ ਫਾਈਟਰਸ ਸੂਟਾਂ ਦਾ ਨਿਰਮਾਣ ਜ਼ਿਆਦਾਤਰ ਸਮਤਾ ਵਾਲੇ ਅਗਨੀ ਅਵਰੋਧੀ ਪਦਾਰਥਾਂ ਨਾਲ ਹੀ ਕੀਤਾ ਜਾ ਸਕਦਾ ਹੈ। ਜਿਨ੍ਹਾਂ ਦਾ ਵਿਕਾਸ ਪੁਲਾੜ ਉਡਾਨ ਦੇ ਲਈ ਕੀਤਾ ਗਿਆ ਹੈ। ਬਚਾਅ ਕਰਨ ਵਾਲੇ ਕੰਬਲ, ਵਾਟਰ ਹੀਟਰਾਂ ਦੇ ਆਵਰਣ ਅਤੇ ਹੋਮ ਇਨਸੂਲੈਟਿੰਗ ਪ੍ਰਕਿਰਿਆ ਦਾ ਮਹਾਨ ਅੰਦੋਲਨਕਾਰੀ ਕੰਮ ਵੀ ਨਵੇਂ ਐਲਯੁਮਿਨਾਇਜਡ ਪਦਾਰਥਾਂ ਦੇ ਦੁਆਰਾ ਹੀ ਸੰਭਵ ਹੋ ਸਕਿਆ ਹੈ, ਜਿਨ੍ਹਾਂ ਦਾ ਵਿਕਾਸ ਪੁਲਾੜ ਰਾਕਟਾਂ ਅਤੇ ਉਪ-ਗ੍ਰਹਿਆਂ ਦੇ ਇਨਸੂਲੇਸ਼ਨ ਦੇ ਲਈ ਕੀਤਾ ਗਿਆ ਸੀ। ਸਪੇਸ ਸ਼ਟਲ ਦੇ ਲਈ ਵਿਕਸਤ ਮਜ਼ਬੂਤ ਅਤੇ ਜ਼ਿਆਦਾਤਰ ਹਲਕੇ ਪਦਾਰਥਾਂ ਦਾ ਉਪਯੋਗ ਅੱਜ ਹੈਲਮੈਟ, ਟੈਨਿਸ ਰੈਕੇਟ ਅਤੇ ਹੋਰ ਤਰ੍ਹਾਂ ਦੇ ਖੇਡ ਉਤਪਾਦਾਂ ਦੇ ਨਿਰਮਾਣ ਦੇ ਲਈ ਕੀਤਾ ਜਾ ਰਿਹਾ ਹੈ। ਜਿਨ੍ਹਾਂ ਕੂਲ ਸੂਟਾਂ ਨੂੰ ਪਾ ਕੇ ਚੰਦਰਯਾਨੀ ਦੁਆਰਾ ਚੰਦਰਮਾ ਦੀ ਸਤ੍ਹਾ ਤੇ ਘੁੰਮਣ ਲਈ ਕੀਤਾ ਜਾਂਦਾ ਸੀ, ਅੱਜ ਉਨ੍ਹਾਂ ਦਾ ਉਪਯੋਗ ਰੇਸ ਕਾਰ ਡਰਾਈਵਰਾਂ, ਰਿਐਕਟਰ ਤਕਨੀਕਾਂ ਆਦਿ 'ਚ ਕੀਤਾ ਜਾਂਦਾ ਹੈ।

**ਖੇਡ ਦਾ ਖੇਤਰ** : ਖਿਡਾਰੀਆਂ ਦੇ ਜੁੱਤਿਆਂ ਦਾ ਡਿਜ਼ਾਇਨ ਵੀ ਓਪੋਲੋ ਪਰਿਯੋਜਨਾ ਲਈ ਲਾਭਦਾਇਕ ਹੈ। ਅੰਤਰ ਰਾਸ਼ਟਰੀ ਪੁਲਾੜ ਸਟੇਸ਼ਨ 'ਚ ਯੋਗਾ ਦੇ

ਲਈ ਉਪਯੁਕਤ 'ਸਪਾਈਰਾਫਲੈਕਸ' ਤੰਤਰ ਦਾ ਉਪਯੋਗ ਹੁਣ ਹੈਲਥ ਕਲੱਬਾਂ ਦੇ ਲਈ ਕੀਤਾ ਜਾ ਰਿਹਾ ਹੈ।

**ਮਨੁੱਖੀ ਕਲਿਆਣ ਦੇ ਲਈ ਉਪਯੁਕਤ ਕੀਤੀਆਂ ਜਾ ਰਹੀਆਂ ਕੁੱਝ ਹੋਰ ਪੁਲਾੜ ਤਕਨੀਕਾਂ :**

✪ ਕਾਰਡਲੈੱਸ ਪਾਵਰ ਟੂਲਸ ਤਕਨੀਕ ਦੀ ਵਰਤੋਂ ਬਹੁਤ ਵੱਧ ਗਈ ਹੈ। ਇਹ ਵੀ ਪੁਲਾੜ ਯੁੱਗ ਦੀ ਦੇਣ ਹੈ।

✪ ਓਪੋਲੋ ਪਰਿਯੋਜਨਾ ਦੇ ਦੌਰਾਨ ਉਪਯੁਕਤ ਪਾਣੀ ਸ਼ੁੱਧੀਕਰਨ ਤਕਨੀਕ ਦਾ ਪ੍ਰਯੋਗ ਅੱਜ ਵਿਸ਼ਵ ਦੇ ਜ਼ਿਆਦਾਤਰ ਦੇਸ਼ਾਂ 'ਚ ਜਲ ਅਪੂਰਤੀ ਤੰਤਰ ਦੇ ਪ੍ਰਯੋਗ ਲਈ ਕੀਤਾ ਜਾ ਰਿਹਾ ਹੈ।

✪ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੇ ਲਈ ਵਿਕਸਤ ਕੀਤੀਆਂ ਗਈਆਂ ਰੋਬੋਟਿਕ ਭੁਜਾਵਾਂ ਦਾ ਪ੍ਰਯੋਗ ਅਨੇਕਾਂ ਮੈਡੀਕਲ, ਜੈਵਿਕ ਖੇਤਰਾਂ ਦੇ ਲਈ ਕੀਤਾ ਜਾ ਰਿਹਾ ਹੈ।

✪ ਸਪੇਸ ਸ਼ਟਲ ਦੇ ਪੁਲਾੜ ਯਾਤਰੀ ਜਦੋਂ ਪ੍ਰਿਥਵੀ 'ਤੇ ਵਾਪਸ ਆਉਂਦੇ ਹਨ ਤਾਂ ਇੱਕ ਯੁਕਤੀ ਦਾ ਪ੍ਰਯੋਗ ਇਨ੍ਹਾਂ ਪੁਲਾੜ ਯਾਤਰੀਆਂ ਦੇ ਸਰੀਰਕ ਸਵਾਸਥ ਅਤੇ ਸੰਤੁਲਨ ਦੇ ਮਾਪਣ ਦੇ ਲਈ ਕੀਤਾ ਜਾਂਦਾ ਹੈ। ਇਸ ਦਾ ਪ੍ਰਯੋਗ ਅੱਜ ਸਿਰ ਦੀ ਸੱਟ, ਸਟਰੋਕ, ਸਨਾਯੂ ਤੰਤਰ ਦੇ ਮਰੀਜਾਂ ਦੇ ਲਈ ਕੀਤਾ ਜਾਂਦਾ ਹੈ।

✪ ਸਪੇਸ ਸ਼ਟਲ ਦੇ ਟਰਬੋ ਪੰਪ ਦੀ ਤਕਨੀਕ 'ਤੇ ਅਧਾਰਤ ਇੱਕ ਦਿਲ ਦੇ ਲਈ ਉਪਯੁਕਤ ਪੰਪ ਬਣਾਇਆ ਗਿਆ ਹੈ, ਜਿਸਦਾ ਪਰਿਮਾਪ 2 ਇੰਚ ਲੰਬਾਈ×1 ਇੰਚ ਵਿਆਸ ਹੈ ਅਤੇ ਇਸਦਾ ਭਾਰ 4 ਔਂਸ ਤੋਂ ਵੀ ਘੱਟ ਹੈ। ਇਹ 6 ਮਹੀਨੇ ਤੱਕ ਦਿਲ ਦੇ ਵਿਕਲਪ ਦੇ ਰੂਪ 'ਚ ਕੰਮ ਕਰਦਾ ਹੈ ਅਤੇ ਇਹ ਉਨ੍ਹਾਂ ਦਿਲ ਦੇ ਮਰੀਜਾਂ ਦੇ ਲਈ ਲਾਭਦਾਇਕ ਹੈ ਜੋ ਦਿਲ ਦਾ ਟਰਾਂਸਪਲਾਂਟ ਕਰਨ ਦੇ ਲਈ ਕਿਸੇ ਦਾਨੀ ਸੱਜਣ ਦਾ ਇੰਤਜ਼ਾਰ ਕਰ ਰਹੇ ਹਨ।

✪ ਸਪੇਸ ਸ਼ਟਲ ਦੇ ਲਈ ਵਿਕਸਤ ਗੈਸ ਲੀਕ ਸੰਸੂਚਨ ਤੰਤਰ ਦਾ ਪ੍ਰਯੋਗ ਫੋਰਡ ਮੋਟਰ ਕੰਪਨੀ ਦੇ ਦੁਆਰਾ ਕੁਦਰਤੀ ਗੈਸ ਕਾਰ ਦੇ ਨਿਰਮਾਣ ਲਈ ਕੀਤਾ ਜਾ ਰਿਹਾ ਹੈ।

✪ ਸਪੇਸ ਸ਼ਟਲ 'ਚ ਪੌਦਿਆਂ ਦੀ ਜਾਂਚ ਦੇ ਲਈ ਵਿਸ਼ੇਸ਼ ਤਰ੍ਹਾਂ ਦੀ ਪ੍ਰਕਾਸ਼ਿਕੀ ਪ੍ਰੌਦਯੋਗਿਕੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅੱਜ ਇਸ ਦਾ ਪ੍ਰਯੋਗ ਦਿਮਾਗੀ ਫੋੜੇ ਦੇ ਇਲਾਜ ਦੇ ਲਈ ਕੀਤਾ ਜਾ ਰਿਹਾ ਹੈ।

ਕੁੱਝ ਚੀਜ਼ਾਂ ਦਾ ਹੋਣਾ ਲੱਗਭਗ ਅਸੰਭਵ ਹੀ ਹੁੰਦਾ, ਜੇਕਰ ਸਪੇਸ ਸ਼ਟਲ ਦੁਆਰਾ ਨਿਯਮਿਤ ਪ੍ਰੋਗਰਾਮ ਨਾ ਹੁੰਦੇ।



**(ਸਪੇਸ ਸ਼ਟਲ : ਪ੍ਰਿਥਵੀ ਗ੍ਰਹਿ 'ਤੇ ਨਿਯਮਤ ਇੱਕ ਜਟਿਲ ਮਸ਼ੀਨ)**

✪ ਤਕਨੀਕੀ : ਪੁਲਾੜ ਯੁੱਗ ਤਕਨੀਕ ਦੇ ਕਾਰਨ ਅਨੇਕਾਂ ਸਹੂਲਤਾਂ ਜਿਵੇਂ ਸੀ. ਡੀ. ਪਲੇਅਰ, ਅਤੇ ਵੀ. ਸੀ. ਆਰ. ਅਤੇ ਮਾਈਕ੍ਰੋਵੇਵ ਓਵਨ (ਜਿਨ੍ਹਾਂ ਦਾ ਕੁੱਝ ਸਮਾਂ ਪਹਿਲਾਂ ਕਿਸੇ ਨੇ ਨਾਂ ਵੀ ਨਹੀਂ ਸੁਣਿਆ ਸੀ) ਵਰਗੇ ਉਤਪਾਦ ਅੱਜ ਘਰੇਲੂ ਉਤਪਾਦ ਬਣ ਗਏ ਹਨ।

**ਪਰਵਹਿਣ ਦੇ ਖੇਤਰ 'ਚ ਪੁਲਾੜ ਤਕਨੀਕਾਂ ਦਾ ਉਪਯੋਗ :** ਅੱਜ ਰੈਡੀਅਲ ਟਾਇਰ ਦਾ ਰੋਡ ਮਾਈਲੇਜ 10,000 ਮੀਲ ਹੈ ਅਤੇ ਇਸਦਾ ਕਾਰਨ ਇਹ ਹੈ ਕਿ ਇਸਦੇ ਨਿਰਮਾਣ 'ਚ ਪੁਲਾੜ ਮਿਸ਼ਨ ਵਾਇਜਰ ਦੇ ਲੈਂਡਰ ਪੈਰਾਸ਼ੂਟ ਦੇ ਦ੍ਰਵ ਦਾ ਪ੍ਰਯੋਗ ਕੀਤਾ ਗਿਆ। ਨਵੇਂ, ਉੱਚ ਤਾਪਮਾਨ ਸੰਯੁਕਤ ਪੁਲਾੜ ਪਦਾਰਥਾਂ ਦਾ ਪ੍ਰਯੋਗ ਵਧੀਆ ਬ੍ਰੇਕ ਲਾਈਨਿੰਗ ਦੇ ਨਿਰਮਾਣ ਲਈ ਕੀਤਾ ਜਾ ਸਕਦਾ ਹੈ, ਜਿਨ੍ਹਾਂ ਦਾ ਪ੍ਰਯੋਗ ਟਰੱਕਾਂ, ਆਯੁਰਵੈਦਿਕ ਉਪਕਰਣਾਂ ਅਤੇ ਕਾਰਾਂ 'ਚ ਕੀਤਾ ਜਾ ਰਿਹਾ ਹੈ। ਪੁਲਾੜ ਅਧਾਰਤ ਸੰਯੁਕਤ ਪਦਾਰਥਾਂ ਦੇ ਪ੍ਰਯੋਗ ਨਾਲ ਵਾਯੂ ਰਾਕਟਾਂ ਅਤੇ ਹੈਲੀਕਾਪਟਰਾਂ ਦੇ ਭਾਰ 'ਚ ਕਾਫ਼ੀ ਕਮੀ ਆਈ ਹੈ। ਸਪੇਸ ਸ਼ਟਲ ਦੇ ਮੋਬਾਇਲ ਲਾਂਚਰ ਪਲੇਟਫਾਰਮ 'ਚ ਉਪਯੁਕਤ ਵਾਤਾਵਰਣ ਦ੍ਰਿਸ਼ਟੀ ਨਾਲ ਉਪਯੋਗੀ ਸਨੇਹਕ ਦਾ ਉਪਯੋਗ ਰੇਲ ਰੋਡ, ਟਰੱਕ ਰੱਖ ਰਖਾਵ ਅਤੇ ਹੋਰ ਖੇਤਰਾਂ 'ਚ ਕੀਤਾ ਜਾ ਰਿਹਾ ਹੈ। ਪੁਲਾੜ ਦੁਆਰਾ ਵਿਕਸਤ ਕੀਤੇ ਗਏ ਕੰਪਿਊਟਰ ਪ੍ਰੋਗਰਾਮ ਨਾਲ ਵਾਯੂ ਰਾਕਟਾਂ ਦੇ ਉਪਯੋਗ 'ਚ ਕਾਫ਼ੀ ਸਹਾਇਤਾ ਮਿਲੀ।

ਵਿਸ਼ਵ ਦੀ ਵਧਦੀ ਹੋਈ ਜਨਸੰਖਿਆ ਨਾਲ ਸਾਨੂੰ ਅਵਾਸੀ ਸਥਲਾਂ ਦੀ ਲੋੜ ਹੋਵੇਗੀ ਅਤੇ ਉਸ ਸਮੇਂ ਪੁਲਾੜ ਅਵਾਸੀਕਰਨ ਇੱਕ ਵਿਸ਼ਾਲ ਮੁੱਦਾ ਬਣੇਗਾ। ਊਰਜਾ ਦੀ ਲੋੜ ਵਧੇਗੀ, ਜਿਸਦੇ ਪ੍ਰਤੀ ਮਾਨਵ ਪਹਿਲਾਂ ਤੋਂ ਹੀ ਸੁਚੇਤ ਹੈ। ਊਰਜਾ ਉਪਗ੍ਰਹਿ 'ਤੇ ਵਿਸ਼ਾਲ ਪੈਮਾਨੇ 'ਤੇ ਕੰਮ ਚੱਲ ਰਿਹਾ ਹੈ, ਅਜਿਹਾ ਅਨੁਮਾਨ ਹੈ ਕਿ ਜਿਸ ਦਿਨ ਐਸ. ਪੀ. ਐਸ. ਪਰਿਯੋਜਨਾ ਸਫ਼ਲ ਹੋ ਜਾਂਦੀ ਹੈ, ਉਸ ਦਿਨ ਊਰਜਾ ਦੀ ਸਮੱਸਿਆ ਖ਼ਤਮ ਹੋ ਜਾਵੇਗੀ।

ਕੁਦਰਤੀ ਆਫ਼ਤਾਂ ਜਿਵੇਂ ਭੁਚਾਲ, ਇੱਕ ਅਜਿਹਾ ਖੇਤਰ ਹੈ, ਜਿਸ ਕਾਰਨ ਮਨੁੱਖ ਲਾਚਾਰ ਹੈ ਅਤੇ ਇਸਦੇ ਪੁਨਰ ਨਿਰਮਾਣ ਦਾ ਕੋਈ ਠੋਸ ਤਰੀਕਾ ਵੀ ਨਹੀਂ ਅਜੇ ਤੱਕ ਮਿਲਿਆ। ਪਰ ਮਹੱਤਵਅਕਾਂਸ਼ੀ ਕਦੇ ਹਾਰ ਨਹੀਂ ਮੰਨਦੇ, ਉਪਗ੍ਰਹਿਆਂ ਦੁਆਰਾ ਭੁਚਾਲ ਆਉਣ ਤੋਂ ਪਹਿਲਾਂ ਉਸ ਦੀ ਸੂਚਨਾ ਹੋਣ, ਵਰਗੇ ਕੰਮ ਕੀਤੇ ਜਾ ਰਹੇ ਹਨ। ਇਸਦੇ ਨਤੀਜੇ ਵਜੋਂ ਕਾਫ਼ੀ ਵਧੀਆ ਪਰਿਣਾਮ ਮਿਲਦੇ ਹਨ।

– ਛਿੰਦਰਪਾਲ ਕੌਰ

# ਮਹਾਨ ਵਿਗਿਆਨੀ ਡਾਕਟਰ ਹਰਗੋਬਿੰਦ ਖੁਰਾਣਾ

ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਨੋਬਲ ਇਨਾਮ ਵਿਜੇਤਾ ਵਿਗਿਆਨੀ ਡਾ. ਹਰਗੋਬਿੰਦ ਖੁਰਾਣਾ ਦਾ ਜਨਮ ਪੱਛਮੀ ਪੰਜਾਬ (ਪਾਕਿਸਤਾਨ) ਦੇ ਮੁਲਤਾਨ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਰਾਇਪੁਰ ਵਿਖੇ 9 ਜਨਵਰੀ, 1922 ਈ: ਨੂੰ ਹੋਇਆ। ਉਹਨਾਂ ਦੇ ਪਿਤਾ ਪਿੰਡ ਦੇ ਪਟਵਾਰੀ ਸਨ। ਹਰਗੋਬਿੰਦ ਦੇ ਤਿੰਨ ਵੱਡੇ ਭਰਾ ਅਤੇ ਇਕ ਭੈਣ ਸੀ। ਹਰਗੋਬਿੰਦ ਨੇ ਮੁੱਢਲੀ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਵਿਚੋਂ ਪ੍ਰਾਪਤ ਕੀਤੀ। ਪ੍ਰਾਇਮਰੀ ਪਾਸ ਕਰਨ ਪਿੱਛੋਂ ਉਸ ਨੂੰ ਮੁਲਤਾਨ ਦੇ ਡੀ. ਏ. ਵੀ. ਹਾਈ ਸਕੂਲ ਵਿੱਚ ਪੜ੍ਹਨ ਲਾਇਆ ਗਿਆ। ਇਥੋਂ ਉਸ ਨੇ 1938 ਈ: ਵਿੱਚ ਮੈਟ੍ਰਿਕ ਦਾ ਇਮਤਿਹਾਨ ਸਾਰੇ ਪੰਜਾਬ ਵਿੱਚੋਂ ਦੂਸਰੇ ਸਥਾਨ 'ਤੇ ਰਹਿ ਕੇ ਪਾਸ ਕੀਤਾ। ਹਰਗੋਬਿੰਦ ਨੂੰ ਇਸ ਗੱਲ ਦਾ ਝੋਰਾ ਸੀ ਕਿ ਉਹ ਪੰਜਾਬ ਵਿਚੋਂ ਪਹਿਲੇ ਨੰਬਰ 'ਤੇ ਕਿਉਂ ਨਹੀਂ ਆਇਆ। ਜਦੋਂ ਸਕੂਲ ਦੇ ਅਧਿਆਪਕ ਉਸ ਨੂੰ ਵਧਾਈ ਦੇਣ ਲਈ ਘਰ ਪੁੱਜੇ ਤਾਂ ਉਹ ਡੁੱਸ-ਡੁੱਸ ਕਰਕੇ ਰੋ ਰਿਹਾ ਸੀ। ਅਧਿਆਪਕਾਂ ਨੇ ਕਾਰਣ ਪੁੱਛਿਆ ਤਾਂ ਪਤਾ ਲੱਗਿਆ ਕਿ ਉਹ ਪੰਜਾਬ ਵਿੱਚੋਂ ਪਹਿਲੇ ਨੰਬਰ 'ਤੇ ਨਾ ਆਉਣ ਕਰਕੇ ਰੋ ਰਿਹਾ ਹੈ।

ਅਧਿਆਪਕਾਂ ਨੇ ਉਸ ਦੀ ਤੀਬਰ ਲਗਨ ਵੇਖ ਕੇ ਹੱਲਾਸ਼ੇਰੀ ਦਿੱਤੀ ਅਤੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਉਹ ਬੁਲੰਦੀਆਂ ਦੀਆਂ ਨਵੀਆਂ ਸਿਖਰਾਂ ਛੂਹੇਗਾ। ਉਸ ਨੇ 1943 ਈ: ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਬੀ. ਐਸ. ਸੀ. ਅਤੇ 1945 ਈ: ਵਿੱਚ ਕੈਮਿਸਟਰੀ ਵਿੱਚ ਐਮ. ਐਸ. ਸੀ. ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤੀ। ਸਕੂਲ ਦੇ ਦਿਨਾਂ ਦੌਰਾਨ ਉਹ ਆਪਣੇ ਅਧਿਆਪਕ ਰਤਨ ਲਾਲ ਅਤੇ ਲਾਹੌਰ ਵਿਖੇ ਆਪਣੇ ਪ੍ਰੋਫ਼ੈਸਰ ਮਹਾਂ ਸਿੰਘ ਤੋਂ ਬਹੁਤ ਪ੍ਰਭਾਵਿਤ ਹੋਏ। ਐਮ. ਐਸ. ਸੀ. ਕਰਨ ਉਪਰੰਤ ਉਹ ਭਾਰਤ ਸਰਕਾਰ ਦੀ ਫੈਲੋਸ਼ਿਪ ਉੱਤੇ ਅਮਰੀਕਾ ਦੀ ਲਿਵਰਪੂਲ ਯੂਨੀਵਰਸਿਟੀ ਵਿਖੇ ਗਏ ਅਤੇ 1948 ਵਿੱਚ ਉਥੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਪੀ. ਐਚ. ਡੀ. ਦੀ ਡਿਗਰੀ ਉਹਨਾਂ ਨੇ ਪ੍ਰੋਫ਼ੈਸਰ ਰਾਬਰਟਸਨ ਦੀ ਦੇਖ-ਰੇਖ ਹੇਠ ਮੁਕੰਮਲ ਕੀਤੀ। 1948 ਈ: ਵਿੱਚ ਡਾ. ਹਰਗੋਬਿੰਦ ਖੁਰਾਣਾ ਭਾਰਤ ਪਰਤ ਆਏ। ਉਹਨਾਂ ਨੇ ਦੇਸ਼ ਵਿੱਚ ਯੋਗ ਨੌਕਰੀ ਲੱਭਣ ਦੇ ਕਈ ਯਤਨ ਕੀਤੇ, ਪਰ ਕਾਮਯਾਬ ਨਾ ਹੋ ਸਕੇ। ਉਹਨਾਂ ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਦੀ ਨੌਕਰੀ ਲਈ ਵੀ ਬਿਨੈ-ਪੱਤਰ ਭੇਜਿਆ, ਪਰ ਮਹਾਨ ਵਿਗਿਆਨੀ ਨੂੰ ਸਫ਼ਲਤਾ ਹਾਸਲ ਨਾ ਹੋਈ। ਭਾਰਤੀ ਲੋਕਾਂ ਦੀ



ਇਹ ਤ੍ਰਾਸਦੀ ਹੀ ਕਹੀ ਜਾ ਸਕਦੀ ਹੈ ਕਿ ਹੋਣਹਾਰ ਵਿਗਿਆਨੀ ਨੂੰ ਦੇਸ਼ ਵਿੱਚ ਰੁਜ਼ਗਾਰ ਦੇ ਅਵਸਰ ਨਾ ਮਿਲ ਸਕੇ। ਰੁਜ਼ਗਾਰ ਪ੍ਰਾਪਤੀ ਲਈ ਡਾ. ਖੁਰਾਣਾ ਨੂੰ ਫਿਰ ਵਿਦੇਸ਼ ਜਾਣਾ ਪਿਆ। ਇੰਗਲੈਂਡ ਪਹੁੰਚਕੇ ਡਾ. ਖੁਰਾਣਾ ਨੇ ਕੈਂਬਰਿਜ ਯੂਨੀਵਰਸਿਟੀ ਦੇ ਨੋਬਲ ਇਨਾਮ ਜੇਤੂ ਸੰਸਾਰ ਪ੍ਰਸਿੱਧ ਵਿਗਿਆਨੀ ਅਲੈਗਜੈਂਡਰ ਟਾਡ ਨਾਲ ਮਿਲਕੇ ਕੰਮ ਕਰਨਾ ਸ਼ੁਰੂ ਕੀਤਾ। ਉਹਨਾਂ 1952 ਤੋਂ 1960 ਤੱਕ ਵੈਨਕੂਵਰ ਵਿਖੇ ਬ੍ਰਿਟਿਸ਼ ਕਾਮਨਵੈਲਥ ਰਿਸਰਚ ਕੌਂਸਲ ਵਿੱਚ ਆਰਗੈਨਿਕ ਕੈਮਿਸਟਰੀ ਗਰੁੱਪ ਦੇ ਮੁਖੀ ਵਜੋਂ ਕੰਮ ਕੀਤਾ। 1952 ਈ: ਵਿੱਚ ਡਾ. ਹਰਗੋਬਿੰਦ ਖੁਰਾਣਾ ਦਾ ਵਿਆਹ ਸਵਿਸ ਮੁਟਿਆਰ ਐਲਿਜ਼ਬਥ ਸਿਲਬਰ ਨਾਲ ਹੋਇਆ। ਐਲਿਜ਼ਬਥ ਸਿਲਬਰ ਨੇ ਡਾ. ਖੁਰਾਣਾ ਨੂੰ ਪੂਰਨ ਸਹਿਯੋਗ ਦਿੱਤਾ ਅਤੇ ਬਹੁਤ ਉਤਸ਼ਾਹਿਤ ਕੀਤਾ। ਉਹ ਅਮਰੀਕਾ ਦੀ ਰੋਕ ਫੈਲਰ ਯੂਨੀਵਰਸਿਟੀ ਦੇ ਵਿਜ਼ਟਿੰਗ ਪ੍ਰੋਫ਼ੈਸਰ ਵੀ ਰਹੇ। 1959 ਈ: ਵਿੱਚ ਡਾ. ਖੁਰਾਣਾ ਨੇ ਇਕ ਐਨਜ਼ਾਈਮ ਦਾ ਨਿਰਮਾਣ ਕੀਤਾ, ਜਿਸ ਸਦਕਾ ਉਹਨਾਂ ਦਾ ਨਾਂ ਸੰਸਾਰ ਵਿੱਚ ਪ੍ਰਸਿੱਧ ਹੋਣ ਲੱਗਾ। ਉਹਨਾਂ ਨੂੰ 1960 ਈ: ਵਿੱਚ ਵਿਸਕਾਨਸਿਨ ਯੂਨੀਵਰਸਿਟੀ ਦੀ ਇੰਸਟੀਚਿਊਟ ਆਫ਼ ਐਨਜ਼ਾਈਮ ਰਿਸਰਚ ਵਿੱਚ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ। ਇਥੇ ਉਹਨਾਂ ਨੇ ਡੀ. ਐਨ. ਏ ਅਤੇ ਆਰ. ਐਨ. ਏ. ਬਨਾਉਣ ਦੇ ਢੰਗਾਂ ਦੀ ਖੋਜ ਕੀਤੀ। ਇਸ ਖੋਜ ਦੇ ਆਧਾਰ 'ਤੇ ਹੀ ਅੱਜਕੱਲ੍ਹ ਬਹੁਤ ਸਾਰੇ ਜੈਨੇਟਿਕ ਦੋਸ਼ਾਂ ਦਾ ਇਲਾਜ ਸੰਭਵ ਹੋ ਸਕਿਆ ਹੈ। ਉਹਨਾਂ ਨੂੰ 1968 ਵਿੱਚ ਦਵਾਈਆਂ ਅਤੇ ਸਰੀਰਕ ਕਿਰਿਆ ਵਿਗਿਆਨ ਦੇ ਖੇਤਰ ਵਿਚ ਨੋਬਲ ਪੁਰਸਕਾਰ ਪ੍ਰਾਪਤ ਹੋਇਆ। ਇਹ ਇਨਾਮ ਉਹਨਾਂ ਨੂੰ ਮਾਰਸ਼ਲ ਨਿਰੇਬਰਗ ਅਤੇ ਰਾਬਰਟ ਹਾਲੈ ਨਾਲ ਸਾਂਝੇ ਤੌਰ 'ਤੇ ਮਿਲਿਆ। ਨੋਬਲ ਇਨਾਮ ਵਿਜੇਤਾ ਡਾ. ਖੁਰਾਣਾ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ। ਡਾਕਟਰ ਖੁਰਾਣਾ ਨੂੰ ਨੋਬਲ ਇਨਾਮ ਮਿਲਣ 'ਤੇ ਦੇਸ਼ ਵਿਚ ਬਹੁਤ ਖੁਸ਼ੀਆਂ ਮਨਾਈਆਂ ਗਈਆਂ।

ਡਾਕਟਰ ਖੁਰਾਣਾ ਨੂੰ ਅਮਰੀਕਾ ਦੀ ਨਾਗਰਿਕਤਾ ਪ੍ਰਾਪਤ ਹੈ। ਉਹ 1970 ਵਿੱਚ ਮੈਸੇਚਿਊਟਸ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿੱਚ ਜੀਵ ਵਿਗਿਆਨ ਅਤੇ ਰਸਾਇਣ ਵਿਗਿਆਨ ਦੇ ਪ੍ਰੋਫ਼ੈਸਰ ਨਿਯੁਕਤ ਹੋਏ। ਡਾ. ਖੁਰਾਣਾ ਦੀ ਪ੍ਰਸਿੱਧੀ ਹੋਰ ਵੀ ਵੱਧ ਗਈ, ਜਦੋਂ ਉਹ ਨਕਲੀ ਜੀਨ ਬਨਾਉਣ ਵਿੱਚ ਕਾਮਯਾਬ ਹੋ ਗਏ। ਡਾ. ਖੁਰਾਣਾ ਅਤੇ ਉਹਨਾਂ ਦੇ ਸਾਥੀਆਂ ਨੇ ਐਸ਼ਕਿਰਸਿਆ ਕੌਲੀ ਦੇ 207 ਜੀਨ ਬਣਾਏ। ਇਸ ਦਾ ਉਦਘਾਟਨ ਅਗਸਤ 1976 ਵਿੱਚ ਹੋਇਆ ਜਦੋਂ ਇਸ ਬਨਾਉਟੀ ਜੀਨ ਨੂੰ ਐਸ਼ਕਿਰਸਿਆ ਵਿੱਚ ਪਾਇਆ ਗਿਆ ਤਾਂ ਉਹ ਅਸਲੀ ਜੀਨ ਦੀ ਤਰ੍ਹਾਂ ਕੰਮ ਕਰਨ ਲੱਗ ਪਿਆ। ਇਸ ਕਾਢ ਨੇ ਸਾਰੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਡਾ. ਖੁਰਾਨਾ ਕੋਸ਼ਿਕਾਂ ਵਿੱਚ ਜੀਨ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਬਾਰੇ ਬੜੀ ਬਾਰੀਕੀ ਨਾਲ ਅਧਿਐਨ ਕਰ ਰਹੇ ਹਨ। ਉਹਨਾਂ ਨੂੰ ਭਾਰਤ ਸਰਕਾਰ ਵੱਲੋਂ ਪਦਮ ਵਿਭੂਸ਼ਨ ਦੇ ਇਨਾਮ ਨਾਲ ਵੀ ਨਿਵਾਜਿਆ ਗਿਆ ਹੈ। ਡਾ. ਭੰਡਾਲ ਅਤੇ ਡਾ. ਥਿੰਦ ਆਪਣੀ ਪੁਸਤਕ 'ਵਿਗਿਆਨ ਦੇ ਪਾਂਧੀ' ਵਿੱਚ ਡਾ. ਹਰਗੋਬਿੰਦ ਖੁਰਾਣਾ ਬਾਰੇ ਲਿਖਦੇ ਹਨ, "ਡਾ. ਹਰਗੋਬਿੰਦ ਖੁਰਾਣਾ ਇੱਕ ਮਿੱਠਬੋਲੜੇ ਇਨਸਾਨ ਹਨ ਅਤੇ ਉਹਨਾਂ ਦੀ ਜ਼ਿੰਦਗੀ ਵਿੱਚ ਸਾਧਾਰਨਤਾ ਕੁੱਟ-ਕੁੱਟ ਕੇ ਭਰੀ ਹੋਈ ਹੈ। ਸ਼ਾਂਤ ਸੁਭਾਅ ਬਿਰਤੀ ਦੇ ਮਾਲਕ, ਡਾ. ਖੁਰਾਣਾ ਨੂੰ ਆਪਣੀਆਂ ਪ੍ਰਾਪਤੀਆਂ 'ਤੇ ਕੋਈ ਗਰੂਰ ਨਹੀਂ। ਉਹ ਆਪਣੀ ਸੋਚ ਨੂੰ ਸਨਮਾਨਾਂ ਤੋਂ ਉੱਪਰ ਉਠਾ, ਆਪਣੀ ਖੋਜ ਵਿੱਚ ਹੀ ਰੁਚਿਤ ਰਹਿੰਦੇ ਹਨ। ਭਾਵੇਂ ਕਿ ਉਹਨਾਂ ਨੂੰ ਸਮੇਂ ਸਮੇਂ ਨੋਬਲ ਇਨਾਮ, ਦੇ ਨਾਲ ਨਾਲ ਹੀਨਮਾਨ ਇਨਾਮ, ਲਸ਼ਕਰ ਫਾਊਂਡੇਸ਼ਨ ਐਵਾਰਡ ਅਤੇ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ"।

ਡਾ. ਹਰਗੋਬਿੰਦ ਖੁਰਾਣਾ ਬੜੇ ਸਰਲ ਅਤੇ ਸਾਦਾ ਸੁਭਾਅ ਵਾਲੇ ਵਿਅਕਤੀ ਹਨ। ਉਹ ਵਿਦੇਸ਼ਾਂ ਵਿੱਚ ਰਹਿਕੇ ਵੀ ਆਪਣੇ ਵਤਨ ਨਾਲ ਜੁੜੇ ਹੋਏ ਹਨ। ਦੇਸ਼ ਵਾਸੀਆਂ ਨੂੰ ਅਜਿਹੇ ਮਹਾਨ ਵਿਗਿਆਨੀ 'ਤੇ ਮਾਣ ਹੈ ਅਤੇ ਅਜਿਹੇ ਵਿਗਿਆਨੀ ਆਉਣ ਵਾਲੀਆਂ ਪੀੜ੍ਹੀਆਂ ਦੇ ਪ੍ਰੇਰਨਾ ਸਰੋਤ ਬਣਦੇ ਹਨ।

- **ਦਲਜੀਤ ਰਾਏ ਕਾਲੀਆ**, ਸਿਵਲ ਹਸਪਤਾਲ, ਜ਼ੀਰਾ।

# ਯਾਦਾਂ ਦੇ ਝਰੋਖੇ 'ਚੋਂ

ਮੇਘ ਰਾਜ ਮਿੱਤਰ

ਅਸੀਂ ਤਰਕਸ਼ੀਲ ਲਗਭੱਗ 27 ਵਰ੍ਹਿਆਂ ਤੋਂ ਇਸ ਗੱਲ ਦਾ ਪ੍ਰਚਾਰ ਕਰ ਰਹੇ ਹਾਂ ਕਿ ਭੂਤਾਂ ਪ੍ਰੇਤਾਂ ਦੀ ਕੋਈ ਹੋਂਦ ਨਹੀਂ ਹੁੰਦੀ, ਸਗੋਂ ਮਾਨਸਿਕ ਪ੍ਰਭਾਵ ਹੇਠ ਹੀ ਕੁਝ ਵਿਅਕਤੀ ਅਜਿਹੀਆਂ ਕਾਰਵਾਈਆਂ ਕਰਦੇ ਰਹਿੰਦੇ ਹਨ, ਜਿਨ੍ਹਾਂ ਦਾ ਕਾਰਨ ਸਧਾਰਨ ਵਿਅਕਤੀਆਂ ਨੂੰ ਸਮਝ ਨਹੀਂ ਆਉਂਦਾ। ਦੋ-ਤਿੰਨ ਸਦੀਆਂ ਪਹਿਲਾਂ ਤਾਂ ਇੰਗਲੈਂਡ ਵਿੱਚ ਅਜਿਹੀਆਂ ਕਾਰਵਾਈਆਂ ਕਰਨ ਵਾਲੇ ਦੋਸ਼ੀਆਂ ਨੂੰ ਚੁੜੇਲਾਂ ਸਮਝ ਕੇ ਜਲਾ ਦਿੱਤਾ ਜਾਂਦਾ ਸੀ। ਅੱਜ ਵੀ ਕਈ ਧਾਰਮਿਕ ਸਥਾਨਾਂ ਤੇ ਅਜਿਹੀਆਂ ਕਾਰਵਾਈਆਂ ਕਰਨ ਵਾਲੇ ਮਾਨਸਿਕ ਰੋਗੀਆਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਜਨਮ ਤੋਂ ਹੀ ਕੁਝ ਨੁਕਸ ਲੈ ਕੇ ਜੰਮੇ ਬੱਚਿਆਂ ਨੂੰ ਦੇਵੀਆਂ ਜਾਂ ਹਨੂੰਮਾਨ ਜੀ ਸਮਝ ਕੇ ਪੂਜਾ ਸ਼ੁਰੂ ਕਰ ਦਿੱਤੀ ਜਾਂਦੀ ਹੈ। ਅਜਿਹਾ ਹੀ ਇਕ ਕੇਸ 25 ਜਨਵਰੀ 2011 ਨੂੰ ਸੈਕਟਰ 32 ਚੰਡੀਗੜ੍ਹ ਦੇ ਸਰਕਾਰੀ ਹਸਪਤਾਲ ਵਿਚੋਂ ਮੇਰੇ ਬੇਟੇ ਵਿਸ਼ਵ ਭਾਰਤੀ ਨੂੰ ਵੇਖਣ ਲਈ ਮਿਲਿਆ। ਇਸ ਵਿਅਕਤੀ ਨੂੰ ਨਸ਼ੇ ਦੀਆਂ ਦਵਾਈਆਂ ਲੈਣ ਦੀ ਆਦਤ ਸੀ। ਇਸਦਾ ਨਾਂ ਸਰਬਜੀਤ ਤੇ ਇਹ ਦੋਰਾਹਾ ਜ਼ਿਲ੍ਹਾ ਲੁਧਿਆਣਾ ਦੇ ਨਜ਼ਦੀਕੀ ਪਿੰਡ ਜਟਾਵਾ ਦਾ ਵਸਨੀਕ ਸੀ। 26 ਸਾਲਾਂ ਇਸ ਵਿਅਕਤੀ ਨੂੰ ਪੇਟ ਦਰਦ ਦੀ ਤਕਲੀਫ਼ ਹੋਈ ਤੇ ਨਾਲ ਹੀ ਪਿਸ਼ਾਬ ਦਾ ਬੰਨ ਪੈ ਗਿਆ। ਪਰਿਵਾਰ ਵਾਲੇ ਇਸਨੂੰ ਚੰਡੀਗੜ੍ਹ ਦੇ 32 ਸੈਕਟਰ ਵਾਲੇ ਸਰਕਾਰੀ ਹਸਪਤਾਲ ਵਿੱਚ ਲੈ ਆਏ। ਡਾਕਟਰਾਂ ਨੇ ਜਦੋਂ ਉਸਦਾ ਐਕਸਰਾ ਕੀਤਾ ਤਾਂ ਉਸਦੇ ਮਿਹਦੇ ਵਿੱਚ ਚਮਚੇ ਨਜ਼ਰ ਆਏ ਜੋ ਲਗਭੱਗ ਤਿੰਨ ਇੰਚ ਲੰਬੇ ਸਨ। ਚਮਚੇ ਘਟੀਆ ਸਟੀਲ ਦੇ ਹੋਣ ਕਾਰਨ ਉਹ ਇਕ ਗੁੱਛੇ ਵਿੱਚ ਜੁੜ ਗਏ ਸਨ ਨਹੀਂ ਤਾਂ ਇਨ੍ਹਾਂ ਨੂੰ ਐਂਡੋਸਕੋਪੀ ਰਾਹੀਂ ਹੀ ਬਾਹਰ ਕੱਢ ਦਿੱਤਾ ਜਾਂਦਾ। ਅਪਰੇਸ਼ਨ ਰਾਹੀਂ ਉਸਦੇ ਮਿਹਦੇ ਨੂੰ ਖੋਲ ਕੇ ਹੀ ਇਹ ਬਾਰਾਂ ਚਮਚੇ ਪੇਟ ਵਿੱਚੋਂ ਬਾਹਰ ਆ ਸਕੇ। ਡਾਕਟਰਾਂ ਦਾ ਕਹਿਣਾ ਸੀ ਕਿ ਬਹੁਤ ਸਾਰੇ ਮਾਨਸਿਕ ਰੋਗੀ ਵਾਲ ਤੇ ਨਹੁੰ ਖਾਂਦੇ ਰਹਿੰਦੇ ਹਨ। ਕਈ ਵਾਰ ਅਪਰੇਸ਼ਨ ਰਾਹੀਂ ਉਹਨਾਂ ਦੇ ਮਿਹਦਿਆਂ ਵਿਚੋਂ ਵਾਲਾਂ ਨੂੰ ਕੱਢਣਾ ਵੀ ਪੈਂਦਾ ਹੈ। ਇਸ ਬਿਮਾਰੀ ਦਾ ਅੰਗਰੇਜ਼ੀ ਨਾਂ ਟ੍ਰਾਈਕੋਬੀਜ਼ੋਰ (Trichobezoar) ਹੈ। ਪਰ ਐਨੀ ਵੱਡੀ ਮਾਤਰਾ ਵਿੱਚ ਸਟੀਲ ਮਿਲਣਾ ਇੱਕ ਨਿਵੇਕਲੀ ਘਟਨਾ ਹੈ।

**ਯੇਦੀਯੁਰੱਪਾ ਦਾ ਕਾਰਨਾਮਾ**: ਭਾਜਪਾ ਦਾ ਜੇ ਬੱਸ ਚੱਲੇ ਤਾਂ ਉਹ ਭਾਰਤ ਨੂੰ ਖਿੱਚਕੇ ਆਦਿ ਕਾਲ ਵਾਲੇ ਯੁੱਗ ਵਿੱਚ ਲੈ ਜਾਵੇ। ਵਿਗਿਆਨਕ ਦੁਨੀਆਂ ਦੇ ਲੋਕਾਂ ਨੂੰ ਰਾਕੇਟਾਂ ਵਿੱਚ ਬਿਠਾ ਕੇ ਦੂਸਰੇ ਗ੍ਰਹਿਆਂ ਤੇ ਤਾਰਿਆਂ ਤੱਕ ਲੈ ਜਾਣ ਲਈ ਯਤਨਸ਼ੀਲ ਹਨ ਪਰ ਭਾਜਪਾ ਵਾਲੇ ਭੌਰੇ ਪੁੱਟ ਕੇ ਹੇਠਾਂ ਵੱਲ ਨੂੰ ਲੈ ਜਾਣ ਲਈ ਯਤਨ ਕਰ ਰਹੇ ਹਨ। ਇਸ ਦੀ ਤਾਜ਼ਾ ਉਦਾਹਰਣ ਉਹਨਾਂ ਦੁਆਰਾ ਕਰਨਾਟਕਾ ਦੇ ਮੁੱਖ ਮੰਤਰੀ ਬਣਾਏ ਗਏ ਯੇਦੀਯੁਰੱਪਾ ਦੀ ਹੈ। ਉਸਨੇ ਦੂਸਰੇ ਭ੍ਰਿਸ਼ਟ ਨੇਤਾਵਾਂ ਦੀ ਨਕਲ ਕਰਦੇ ਹੋਏ ਕਰਨਾਟਕ ਦੀ ਸਰਕਾਰੀ ਜ਼ਮੀਨ ਆਪਣੇ ਪੁੱਤਰਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਕੌਡੀਆਂ ਦੇ ਭਾਅ ਅਲਾਟ ਕਰ ਦਿੱਤੀ ਸੀ। ਇਸ ਲਈ ਵਿਰੋਧੀ ਧਿਰ ਵੱਲੋਂ ਉਸਦੇ ਖ਼ਿਲਾਫ਼ ਐਨਾ ਰੌਲਾ ਰੱਪਾ ਪਾ ਦਿੱਤਾ ਕਿ ਉਸਨੂੰ ਆਪਣੀ ਕੁਰਸੀ ਜਾਂਦੀ ਨਜ਼ਰ ਆਉਣ ਲੱਗ ਪਈ। ਬੱਸ ਫਿਰ ਕੀ ਸੀ ਕਿ ਉਸਦੀ ਅੰਧ ਵਿਸ਼ਵਾਸੀ ਸੋਚ ਉਸਨੂੰ ਕਹਿਣ ਲੱਗੀ ਕਿ ਇਹ ਸਭ ਕੁਝ ਕਾਲੇ ਜਾਦੂ ਕਾਰਨ ਕਿਸੇ ਨੇ ਕੀਤਾ ਹੋਇਆ ਹੈ। ਇਸ ਕਾਲੇ ਜਾਦੂ ਦੇ ਅਸਰ ਨੂੰ ਖ਼ਤਮ



ਕਰਨ ਲਈ ਉਸਨੂੰ ਤਿੰਨ ਦਿਨ ਲਈ ਅਲਫ ਨੰਗਾ ਹੋ ਕੇ ਹੇਠਾਂ ਸੌਣਾ ਪਵੇਗਾ ਅਤੇ ਨਾਲ ਹੀ ਕਿਸੇ ਨਦੀ ਵਿੱਚ ਅਲਫ ਨੰਗਾ ਹੋ ਕੇ ਸੂਰਜ ਨੂੰ ਬਾਰਾਂ ਵਾਰ ਪ੍ਰਨਾਮ ਕਰਨਾ ਪਵੇਗਾ।" ਕਿਹਾ ਜਾਂਦਾ ਹੈ ਕਿ ਮੁੱਖ ਮੰਤਰੀ ਨੇ ਇੱਕ ਗਧੇ ਦੀ ਬਲੀ ਵੀ ਦੇ ਦਿੱਤੀ ਹੈ। ਕਾਲੇ ਹਿਰਨ ਨੂੰ ਮਾਰਨ ਬਦਲੇ ਸਲਮਾਨ ਖਾਨ ਨੂੰ ਤਾਂ ਅਦਾਲਤ ਨੇ ਸਜ਼ਾ ਸੁਣਾ ਦਿੱਤੀ ਹੈ। ਗਧੇ ਦੀ ਬਲੀ ਦੇਣ ਲਈ ਪਤਾ ਨਹੀਂ ਅਦਾਲਤ ਕਦੋਂ ਇਸ ਦੋਸ਼ੀ ਨੂੰ ਗ੍ਰਿਫ਼ਤਾਰ ਕਰੇਗੀ।

**ਨੱਕੇ ਵਾਲਾ ਬਾਬਾ ਨੱਕੇ ਵਿੱਚ ਹੀ ਰੁੜ ਗਿਆ**: ਭ੍ਰਿਗੂ ਗ੍ਰੰਥ ਦੀ ਅਸਲੀਅਤ ਵਾਲਾ ਲੇਖ ਪੜ੍ਹਕੇ ਇੱਕ ਸ਼ਰਧਾਲੂ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦਾ ਇਕ ਕਸਬਾ ਹੈ, 'ਮੂਨਕ' ਇੱਥੋਂ ਦੀ ਟੋਹਾਣਾ ਰੋਡ ਤੇ ਬਾਬਾ ਨੱਕੇ ਵਾਲੇ ਦੀ ਯਾਦ ਵਿੱਚ ਇੱਕ ਡੇਰੇ ਦੀ ਉਸਾਰੀ ਕਰਵਾਈ ਗਈ ਹੈ। 93-94 ਦੀ ਗੱਲ ਹੈ ਕਿ ਡੇਰੇ ਵਿੱਚ ਦੀਵਾਨ ਸਜਿਆ ਹੋਇਆ ਸੀ। ਪਾਖੰਡੀ ਸਾਧ ਸ਼ਬਦ ਗਾ ਰਿਹਾ ਸੀ, ਹੜ੍ਹ ਕਿਵੇਂ ਆਜੂਗਾ? "ਬਾਬਾ ਨੱਕੇ ਵਾਲੇ ਨੇ ਨੱਕਾ ਮੋੜ ਦਿੱਤਾ।" ਇਸੇ ਸਮੇਂ ਦੌਰਾਨ ਉੱਥੇ ਹੜ੍ਹ ਆ ਗਿਆ, ਪਾਖੰਡੀ ਸਾਧ ਦਾ ਬਾਜਾ ਸਮੇਤ ਉਸਦੇ ਢੋਲਕ ਦੇ ਪਾਣੀ ਵਿੱਚ ਰੁੜਦਾ ਜਾਂਦਾ ਨਜ਼ਰ ਆ ਰਿਹਾ ਸੀ।

ਰੋਜ਼ਾਨਾ ਸਪੋਕਸਮੈਨ ਦੇ ਇੱਕ ਪਾਠਕ ਨੇ ਦੱਸਿਆ ਕਿ ਕਿਵੇਂ ਪਹੇਵੇ ਵਿਖੇ ਇੱਕ ਬਹੁਤ ਵੱਡੇ ਜੋਤਿਸ਼ ਦਾ ਦਫ਼ਤਰ ਹੈ। ਇਸ ਦਫ਼ਤਰ ਦਾ ਮੁਖੀ ਬਲਰਾਜ ਤਿਲਕ ਅਮਰ ਗਿਰੀ ਹੈ। ਹਰ ਵੇਲੇ 100-200 ਵਿਅਕਤੀ ਇਸ ਵਿੱਚ ਆਪਣੀਆਂ ਭਵਿੱਖਬਾਣੀਆਂ ਬਾਰੇ ਜਾਨਣ ਲਈ ਇਥੇ ਬੈਠੇ ਰਹਿੰਦੇ ਹਨ।

ਸਪੋਕਸਮੈਨ ਦੇ ਪਾਠਕ ਨੇ ਇਸ ਡੇਰੇ ਦੇ ਮਾਲਕ ਨੂੰ ਪੁੱਛਿਆ ਕਿ ਤੁਸੀਂ ਕਿੰਨੇ ਕੁ ਸਮੇਂ ਲਈ ਭਵਿੱਖਬਾਣੀ ਕਰ ਦਿੰਦੇ ਹੋ। ਜੋਤਿਸ਼ੀ ਜੀ ਕਹਿਣ ਲੱਗੇ ਕਿ ਮੈਂ ਆਉਣ ਵਾਲੇ 100 ਸਾਲ ਤੱਕ ਦੀ ਭਵਿੱਖਬਾਣੀ ਆਰਾਮ ਨਾਲ ਕਰ ਸਕਦਾ ਹਾਂ।"

ਠੀਕ ਵੀਹ ਦਿਨਾਂ ਪਿੱਛੋਂ ਹੀ ਉਸਦਾ ਹੋਣਹਾਰ ਸਪੁੱਤਰ ਮੋਟਰ ਸਾਈਕਲ ਦੇ ਐਕਸੀਡੈਂਟ ਨਾਲ ਸਦਾ ਦੀ ਨੀਂਦ ਸੋ ਗਿਆ। ਪਾਠਕ ਨੇ ਗਿਰੀ ਜੀ ਨੂੰ ਕਿਹਾ "ਤੁਸੀਂ ਤਾਂ ਕਹਿੰਦੇ ਸੀ, ਮੈਂ 100 ਸਾਲ ਦੀ ਭਵਿੱਖਬਾਣੀ ਕਰ ਸਕਦਾ ਹਾਂ ਪਰ ਤੁਸੀਂ ਤਾਂ 20 ਦਿਨ ਦੀ ਭਵਿੱਖਬਾਣੀ ਵੀ ਨਾ ਕਰ ਸਕੇ।"

ਜੋਤਿਸ਼ੀ ਜੀ ਨੂੰ ਡੁੱਬ ਮਰਨ ਲਈ ਥਾਂ ਨਹੀਂ ਸੀ ਲੱਭ ਰਹੀ।

**ਦਸਤਾਨੇ**: ਅਮਰੀਕਾ ਤੋਂ ਇੱਕ ਮਿੱਤਰ ਦਲਜੀਤ ਸਿੰਘ ਦਾ ਫੋਨ

ਆਇਆ ਕਹਿਣ ਲੱਗਿਆ, "ਮੈਂ ਤੁਹਾਨੂੰ ਇੱਕ ਕਹਾਣੀ ਸੁਣਾਉਣਾ ਚਾਹੁੰਦਾ ਹਾਂ, ਜੋ ਤਰਕਸ਼ੀਲਾਂ ਦੇ ਕੰਮ ਦੀ ਹੈ।" ਮੈਂ ਕਿਹਾ, ਸੁਣਾ!

"ਇਕ ਵਾਰ ਇੱਕ ਸੰਤ ਕੁਝ ਚੇਲਿਆਂ ਨਾਲ ਸਮੁੰਦਰ ਦੇ ਕਿਨਾਰੇ ਦੀ ਸੈਰ ਕਰ ਰਿਹਾ ਸੀ। ਅਚਾਨਕ ਉਸ ਨੂੰ ਨਜ਼ਰ ਆਇਆ ਕਿ ਇੱਕ ਠੂੰਹਾਂ ਪਾਣੀ ਵਿੱਚ ਡੁੱਬ ਰਿਹਾ ਹੈ, ਉਸ ਸੰਤ ਨੇ ਹੱਥ ਪਾਇਆ ਤੇ ਠੂੰਹੇ ਨੂੰ ਬਾਹਰ ਕੱਢ ਦਿੱਤਾ ਪਰ ਠੂੰਹੇ ਨੇ ਉਸਦੇ ਹੱਥ ਤੇ ਹੀ ਡੰਗ ਮਾਰ ਦਿੱਤਾ। ਸੰਤ ਜੀ ਨੇ ਦੋ ਚਾਰ ਵਾਰ ਅਜਿਹਾ ਹੀ ਵੇਖਿਆ ਤੇ ਜਦੋਂ ਉਹ ਉਹਨਾਂ ਨੂੰ ਬਾਹਰ ਕੱਢਦੇ ਉਹ ਡੰਗ ਮਾਰ ਦਿੰਦਾ। ਪੰਜਵੀਂ ਕੁ ਵਾਰ ਜਦੋਂ ਸੰਤ ਜੀ ਫਿਰ ਠੂੰਹੇ ਨੂੰ ਡੁਬਣੋਂ ਬਚਾਉਣ ਲਈ ਹੱਥ ਵਧਾਉਣ ਲੱਗੇ ਤਾਂ ਇੱਕ ਸਰਧਾਲੂ ਨੇ ਉਹਨਾਂ ਨੂੰ ਰੋਕ ਲਿਆ ਕਹਿਣ ਲੱਗਾ "ਲਉ ਪਲਾਸਟਿਕ ਦਾ ਦਸਤਾਨਾ। ਇਹ ਪਹਿਨ ਲਵੋ ਹੁਣ ਠੂੰਹੇ ਤੁਹਾਡੇ ਡੰਗ ਨਹੀਂ ਮਾਰਨਗੇ। ਸੋ ਤਰਕਸ਼ੀਲਾਂ ਨੂੰ ਚਾਹੀਦਾ ਹੈ ਕਿ ਉਹ ਵੀ ਦਸਤਾਨਿਆਂ ਦਾ ਇਸਤੇਮਾਲ ਸਿੱਖ ਲੈਣ।" ਮੈਂ ਉਸਨੂੰ ਗੱਲ ਹੋਰ ਸਪਸ਼ਟ ਕਰਨ ਲਈ ਕਿਹਾ ਤਾਂ ਉਹ ਕਹਿਣ ਲੱਗਿਆ ਕਿ ਤਰਕਸ਼ੀਲ ਜਦੋਂ ਇਹ ਕਹਿ ਦਿੰਦੇ ਨੇ ਕਿ ਰੱਬ ਦੀ ਕੋਈ ਹੋਂਦ ਨਹੀਂ ਤਾਂ ਲੋਕ ਉਹਨਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਣਾ ਸ਼ੁਰੂ ਕਰ ਦਿੰਦੇ ਹਨ। ਜੇ ਉਹ ਇਹ ਕਹਿ ਦਿਆ ਕਰਨ ਕਿ "ਰੱਬ ਨਿਰ ਅਕਾਰ ਹੈ ਤੇ ਤਰਕਸ਼ੀਲ ਸਮੁੱਚੇ ਬ੍ਰਹਿਮੰਡ ਨੂੰ ਚਲਾਉਣ ਵਾਲੀ ਸ਼ਕਤੀ ਨੂੰ ਹੀ ਰੱਬ ਕਹਿੰਦੇ ਹਨ। ਤਾਂ ਲੋਕ ਤਰਕਸ਼ੀਲਾਂ ਨੂੰ ਮਾਨ ਨਾਲ ਦੇਖਣਾ ਸ਼ੁਰੂ ਕਰ ਦੇਣਗੇ।" ਭਾਵੇਂ ਮੈਂ ਉਸਨੂੰ ਇਹ ਕਹਿਕੇ ਗੱਲ ਖ਼ਤਮ ਕਰ ਦਿੱਤੀ ਕਿ ਤਰਕਸ਼ੀਲ ਕਿਸੇ ਕਿਸਮ ਦੀ ਕੋਈ ਵੀ ਮੌਕਾਪ੍ਰਸਤੀ ਨਹੀਂ ਕਰਨਗੇ। ਆਪਣੀ ਗੱਲ ਨੂੰ ਸਪਸ਼ਟ ਲੋਕਾਂ ਵਿੱਚ ਲਿਜਾਣਗੇ। ਇਸ ਲਈ ਉਹਨਾਂ ਨੂੰ ਭਾਵੇਂ ਕੋਈ ਵੀ ਕੀਮਤ ਤਾਰਨੀ ਪਵੇ।

**ਪਿੱਪਲ ਦੀ ਪੂਜਾ:** ਕੈਨੇਡਾ ਤੋਂ ਮੇਰੇ ਬੇਟੇ ਅਮਿੱਤ ਦਾ ਇੱਕ ਦੋਸਤ ਜੋ ਪੇਸ਼ੇ ਵਜੋਂ ਇੱਕ ਇੰਜਨੀਅਰ ਹੈ ਸਾਡੇ ਘਰ ਆਇਆ। ਕਹਿਣ ਲੱਗਿਆ ਕਿ ਮੇਰੇ ਮਾਮੇ ਦਾ ਲੜਕਾ ਬਹੁਤ ਹੀ ਸ਼ਰਾਰਤੀ ਹੈ। ਇੱਕ ਦਿਨ ਅਸੀਂ ਦੋ ਵੱਡੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਹਰਮਿੰਦਰ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ ਸਾਂ। ਇੱਕ ਗੱਡੀ ਵਿੱਚ ਉਹ ਸਵਾਰ ਸੀ ਦੂਜੀ ਗੱਡੀ ਵਿੱਚ ਅਸੀਂ ਸਵਾਰ ਸਾਂ। ਸਾਡੀ ਗੱਡੀ ਕਿਸੇ ਕਾਰਨ ਵੱਸ ਕੁਝ ਲੇਟ ਹੋ ਗਈ। ਉਹਨਾਂ ਨੇ ਸਾਨੂੰ ਨਾਲ ਰਲਾਉਣਾ ਸੀ। ਸੋ ਉਸ ਲੜਕੇ ਨੇ ਰਸਤੇ ਵਿੱਚ ਇੱਕ ਪਿੱਪਲ ਕੋਲ ਗੱਡੀ ਰੁਕਵਾਂ ਲਈ ਅਤੇ ਉਤਰਨ ਸਾਰ ਹੀ ਉਸ ਨੇ ਪਿੱਪਲ ਨੂੰ ਮੱਥਾ ਟੇਕ ਦਿੱਤਾ। ਵੇਖਦੇ ਵੇਖਦੇ ਗੱਡੀ ਦੀਆਂ ਬਾਕੀ ਸਵਾਰੀਆਂ ਨੇ ਵੀ ਪਿੱਪਲ ਨੂੰ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਬਾਅਦ ਅਸੀਂ ਵੀ ਉੱਥੇ ਪਹੁੰਚ ਗਏ ਕੁਝ ਇਸਤਰੀਆਂ ਸਾਨੂੰ ਕਹਿਣ ਲੱਗੀਆਂ ਤੁਸੀਂ ਵੀ ਇਸ ਪਿੱਪਲ ਨੂੰ ਮੱਥਾ ਟੇਕ ਲਵੋ। ਮੈਂ ਪੁੱਛ ਬੈਠਾ, "ਇੱਥੇ ਨਾ ਤਾਂ ਕੋਈ ਗੁਰਦੁਆਰਾ ਹੈ ਤੇ ਨਾ ਹੀ ਕੋਈ ਸਮਾਧ ਤੁਸੀਂ ਕਿਸ ਚੀਜ਼ ਨੂੰ ਮੱਥਾ ਟੇਕ ਰਹੇ ਹੋ?" ਸਭ ਉਸ ਲੜਕੇ ਵੱਲ ਹੱਥ ਕਰਨ ਲੱਗ ਪਏ ਕਿ ਪਹਿਲਾਂ ਉਸਨੇ ਮੱਥਾ ਟੇਕਿਆ ਸੀ। ਮੈਂ ਉਸਨੂੰ ਪੁੱਛ ਹੀ ਲਿਆ ਕਿ "ਤੂੰ ਭਾਈ ਕਿਸ ਚੀਜ਼ ਨੂੰ ਮੱਥਾ ਟੇਕਿਆ"। ਉਹ ਕਹਿਣ ਲੱਗਿਆ ਕਿ "ਵੀਰੇ ਤੈਨੂੰ ਉਡੀਕਣਾ ਤਾਂ ਹੈ ਸੀ", "ਇਸ ਲਈ ਗੱਡੀ ਰੋਕਣਾ ਜ਼ਰੂਰੀ ਸੀ। ਮੈਂ ਸੋਚਿਆ ਕਿ ਮੱਥਾ ਟੇਕਣ ਦੀ ਸ਼ਰਾਰਤ ਹੀ ਕਰ ਲਈ ਜਾਵੇ।"

**"ਸ਼ਿਵਜੀ ਪ੍ਰਗਟ ਹੋ ਗਏ":** ਮੈਨੂੰ ਹੁਣੇ ਹੀ ਮਾਲੇਰਕੋਟਲੇ ਦੇ ਕੋਲੋਂ ਕੁੱਪ ਰੋਹੀੜੇ ਤੋਂ ਇੱਕ ਤਰਕਸ਼ੀਲ ਸਾਥੀ ਦਾ ਫੋਨ ਆਇਆ ਹੈ। ਉਸਨੇ ਦੱਸਿਆ ਕਿ ਕਿਵੇਂ ਕੁਝ ਲੋਕਾਂ ਨੇ ਇਸ ਗੱਲ ਦਾ ਫੈਸਲਾ ਕਰ ਲਿਆ ਕਿ ਲੁਧਿਆਣੇ ਨੂੰ ਜਾਣ ਵਾਲੀ ਜੀ. ਟੀ. ਰੋਡ ਤੇ ਸ਼ਿਵਜੀ ਜੀ ਦਾ ਇੱਕ ਮੰਦਰ ਬਣਾਇਆ ਜਾਵੇ। ਇਸ ਮੰਦਰ ਦੀ ਮੰਨਤਾ ਵਧਾਉਣ ਲਈ ਉਹਨਾਂ ਨੇ ਇੱਕ ਪੱਥਰ ਲਿਆ ਕੇ ਇੱਕ ਖੇਤ ਵਿੱਚ ਰੱਖ ਦਿੱਤਾ ਤੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਸ ਸਥਾਨ ਤੇ ਸ਼ਿਵਜੀ ਪ੍ਰਗਟ ਹੋਏ ਤੇ ਉਹਨਾਂ ਦੇ ਨਾਲ ਸੱਪ ਦੇਵਤਾ ਵੀ ਸੀ। ਬੱਸ ਹੁਣ ਮੰਦਰ ਉਸਾਰੀ ਬਹੁਤ ਹੀ ਸ਼ਰਧਾ ਪੂਰਨ ਰੂਪ ਵਿੱਚ ਸ਼ੁਰੂ ਕਰਵਾ ਦਿੱਤੀ ਹੈ। ਲੁਧਿਆਣੇ ਦੇ ਇਕ ਸ਼ਰਧਾਲੂ ਨੇ ਉਸ ਮੰਦਰ ਲਈ ਦੋ ਵਿੱਘੇ ਜ਼ਮੀਨ ਵੀ ਖ਼ਰੀਦ ਦਿੱਤੀ ਹੈ। ਅਸਲ ਸ਼੍ਰੋਮਣੀ ਕਮੇਟੀ ਵਲੋਂ ਕੁਪ ਰਹੀੜਾ ਵਿਖੇ ਕੂਕਿਆਂ ਦੀ ਸ਼ਹੀਦੀ ਯਾਦਗਾਰ ਦੀ ਕੀਤੀ ਜਾ ਰਹੀ ਉਸਾਰੀ ਵੇਖ ਕੇ ਕੁਝ ਵਿਅਕਤੀਆਂ ਦੇ ਮਨ ਵਿੱਚ ਇਹ ਗੱਲ ਜਚ ਗਈ ਹੈ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕ ਇਸ ਯਾਦਗਾਰ ਨੂੰ ਵੇਖਣ ਲਈ ਆਉਣਗੇ। ਇਸ ਲਈ ਇਹਨਾਂ ਵਿੱਚੋਂ ਕੁਝ ਦਰਸ਼ਕ ਮੰਦਰ ਦੇ ਦਰਸ਼ਨਾਂ ਲਈ ਵੀ ਜ਼ਰੂਰ ਆਉਣਗੇ।

**ਜਦੋਂ ਸੜਕ ਹੀ ਦੇਵਤਾ ਬਣ ਗਈ:** ਲੁਧਿਆਣੇ ਦੇ ਇੰਡਸਟਰੀਅਲ ਏਰੀਏ ਦੀ ਘਟਨਾ ਹੈ ਸਵੇਰੇ-ਸਵੇਰੇ ਹੀ ਚੂੰਗੀ ਦੀ ਬੱਚਤ ਕਰਨ ਲਈ ਲੂਣ ਦੇ ਤੇਜ਼ਾਬ ਦੇ ਭਰਿਆ ਇੱਕ ਟੈਂਕਰ ਸੜਕ ਤੇ ਹੀ ਲੀਕ ਕਰ ਗਿਆ। ਲੂਣ ਦੇ ਤੇਜ਼ਾਬ ਨੇ ਲੁੱਕ ਨਾਲ ਰਸਾਇਣਕ ਕ੍ਰਿਆ ਕਰਨੀ ਸ਼ੁਰੂ ਕਰ ਦਿੱਤੀ। ਕੁਝ ਰਸਾਇਣਿਕ ਕ੍ਰਿਆਵਾਂ ਅਜਿਹੀਆਂ ਵੀ ਹੁੰਦੀਆਂ ਹਨ, ਜਿਹਨਾਂ ਕਰਕੇ ਗਰਮੀ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹ ਰਸਾਇਣਿਕ ਕ੍ਰਿਆ ਵੀ ਤਾਪ ਨਿਕਾਸੀ ਰਸਾਇਣਿਕ ਕ੍ਰਿਆ ਸੀ। ਸਿੱਟੇ ਵਜੋਂ ਸੜਕ ਦਾ ਇਹ ਟੋਟਾ ਗਰਮ ਹੋਣਾ ਸ਼ੁਰੂ ਹੋ ਗਿਆ। ਲੁੱਕ ਨਾਲ ਤੇਜ਼ਾਬ ਦੀ ਕਿਰਿਆ ਸਦਕਾ ਇਸ ਸਥਾਨ ਤੇ ਕੁਝ ਗੈਸ ਵੀ ਬਣ ਗਈ। ਇਸ ਗੈਸ ਦੇ ਚੜ੍ਹਨ ਕਾਰਨ ਇੱਕ ਗਾਂ ਵੀ ਮਰ ਗਈ। ਇਸ ਘਟਨਾ ਦਾ ਲਾਹਾ ਖੱਟਣ ਲਈ ਪੁਜਾਰੀ ਵਰਗ ਵੀ ਪਿੱਛੇ ਹੱਟਣ ਵਾਲਾ ਨਹੀਂ ਸੀ। ਉਹ ਇਸ ਗੱਲ ਤੋਂ ਭਲੀ ਭਾਂਤ ਜਾਣੂ ਹੁੰਦੇ ਹਨ ਕਿ ਧਰਮ ਇੱਕ ਅਜਿਹਾ ਵਿਉਪਾਰ ਹੈ, ਜਿਸ ਉੱਤੇ ਕੋਈ ਟੈਕਸ ਵੀ ਨਹੀਂ ਲੱਗਦਾ। ਉਂਞ ਵੀ ਇਸ ਵਿੱਚੋਂ ਸੌ ਪ੍ਰਤੀਸ਼ਤ ਹੀ ਲਾਭ ਹੁੰਦਾ ਹੈ। ਇਸ ਲਈ ਉਹਨਾਂ ਨੇ ਵੀ ਇਹ ਅਫਵਾਹਾਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ ਕਿ ਇਸ ਥਾਂ 'ਤੇ ਲਾਵਾ ਫੁੱਟੇਗਾ ਤੇ ਚਮਤਕਾਰ ਵਾਪਰੇਗਾ। ਜਦੋਂ ਕੁਝ ਕਰਮਚਾਰੀਆਂ ਨੇ ਸੜਕ ਦੀ ਮੁਰੰਮਤ ਕਰਨੀ ਚਾਹੀ ਤਾਂ ਉਹਨਾਂ ਨੂੰ ਵੀ ਇਹ ਕਿਹਾ ਗਿਆ ਕਿ ਤੁਹਾਨੂੰ ਕੁਦਰਤੀ ਚਮਤਕਾਰਾਂ ਵਿੱਚ ਦਾਖ਼ਲ ਨਹੀਂ ਦੇਣਾ ਚਾਹੀਦਾ।


## ਕੇਵਲ ਤਰਕਸ਼ੀਲ ਮੈਂਬਰਾਂ ਲਈ

**ਹੇਠ ਲਿਖਿਆਂ ਜਾਦੂ ਦੀਆਂ ਆਈਟਮਾਂ ਵਾਲੀ ਕਿਟ ਸੀ. ਡੀ. ਸਮੇਤ ਇਸ ਪਤੇ ਤੇ ਸੰਪਰਕ ਕਰਨ ਨਾਲ 2000/- ਰੁਪਏ ਵਿੱਚ ਮਿਲ ਸਕਦੀ ਹੈ।**

1. ਖਾਲੀ ਹੱਥਾਂ 'ਚ ਰੁਮਾਲ ਗਾਇਬ ਕਰਨਾ
2. ਰੁਮਾਲ ਤੋਂ ਜਾਦੂ ਦੀ ਛੜੀ ਬਣਾਉਣਾ
3. ਖਾਲੀ ਬੈਗ ਵਿੱਚੋਂ ਡਾਇਸ ਪੈਦਾ ਕਰਨੇ
4. ਖਾਲੀ ਬਰਤਨ ਵਿੱਚ ਅੱਗ ਜਲਾ ਕੇ ਕਬੂਤਰ ਪੈਦਾ ਕਰਨਾ
5. ਤਲਵਾਰ ਨੂੰ ਮੂੰਹ ਰਾਹੀਂ ਅੰਦਰ ਲੈ ਜਾਣਾ
6. ਸੀ. ਡੀ. ਰੀਕਾਰਡ ਦੇ ਰੰਗ ਬਦਲਣੇ
7. ਚਮਚ ਤੋਂ ਬਦਲ ਕੇ ਕਰਦਾਂ ਤਿਆਰ ਕਰਨਾ
8. ਲੜਕੀ ਤੋਂ ਸ਼ੇਰ ਬਣ ਜਾਣਾ
9. ਤਾਸ਼ ਦਾ ਪੱਤਾ ਆਪਣੇ ਆਪ ਬਾਹਰ ਆ ਜਾਣਾ
10. ਗੁਲਾਬ ਦਾ ਫੁੱਲ ਪੈਦਾ ਕਰਨ ਤੇ ਗਾਇਬ ਕਰਨਾ
11. ਬੋਤਲ ਗਾਇਬ ਕਰਨਾ
12. ਪੈਨ ਨੋਟ ਵਿੱਚ ਆਰ-ਪਾਰ ਕਰਨਾ
13. ਦੁੱਧ ਗਲਾਸ

– *ਅਮਰ ਇਕਬਾਲ,* 95013-40005

# ਗੂੰਗਾ ਤੋਤਾ ਬੋਲ ਪਿਆ



ਚੌਦਾਂ ਸਾਲਾਂ ਦਾ ਜਸਵੀਰ ਅੱਠਵੀਂ ਜਮਾਤ ਵਿੱਚ ਪੜ੍ਹਦਾ ਸੀ। ਪੜ੍ਹਨ ਉਹ ਕਮਜ਼ੋਰ ਸੀ ਪਰ ਸਿਹਤ ਉਸਦੀ ਬਹੁਤ ਵਧੀਆ ਸੀ। ਚੌਦਾਂ ਸਾਲਾਂ ਦੀ ਉਮਰ ਵਿੱਚ ਹੀ ਉਹ ਪੂਰਾ ਜਵਾਨ ਦਿਖਾਈ ਦਿੰਦਾ ਸੀ। ਮੱਧ ਵਰਗੀ ਕਿਸਾਨ ਪਰਿਵਾਰ ਵਿੱਚ ਜੰਮਿਆ ਜਸਵੀਰ ਘਰ ਦਾ ਕੰਮ ਵੀ ਪੂਰੀ ਲਗਨ ਨਾਲ ਕਰਦਾ ਸੀ। ਖੇਡਣ ਦਾ ਵੀ ਉਸਨੂੰ ਸ਼ੌਕ ਸੀ। ਪਰ ਪੜ੍ਹਨ ਵਿੱਚ ਉਸਦਾ ਮਨ ਨਹੀਂ ਲੱਗਦਾ ਸੀ। ਜਸਵੀਰ ਦਾ ਇਕ ਦੋਸਤ ਸੀ ਜਿਸਦਾ ਪਰਿਵਾਰ 'ਬਾਬਾ ਵਡਭਾਗ ਸਿੰਘ' ਦਾ ਸ਼ਰਧਾਲੂ ਸੀ। ਇੱਕ ਦਿਨ ਇਸ ਦੋਸਤ ਨੇ ਜਸਵੀਰ ਨੂੰ ਦੱਸਿਆ ਕਿ ਉਸਦਾ ਪੂਰਾ ਪਰਿਵਾਰ 'ਡੇਰਾ ਵਡਭਾਗ ਸਿੰਘ' ਦੀ ਚੌਂਕੀ ਭਰਨ ਜਾ ਰਿਹਾ ਹੈ। ਦੋਸਤ ਨੇ ਜਸਵੀਰ ਨੂੰ ਵੀ ਆਪਣੇ ਨਾਲ ਚੱਲਣ ਲਈ ਕਿਹਾ।

ਜਦੋਂ ਜਸਵੀਰ ਨੇ ਆਪਣੇ ਘਰਦਿਆਂ ਕੋਲੋਂ ਦੋਸਤ ਦੇ ਨਾਲ 'ਡੇਰਾ ਵਡਭਾਗ ਸਿੰਘ' ਜਾਣ ਦੀ ਆਗਿਆ ਮੰਗੀ ਤਾਂ ਘਰਦਿਆਂ ਨੇ ਤੁਰੰਤ ਇਨਕਾਰ ਕਰ ਦਿੱਤਾ। ਜਸਵੀਰ ਦਾ ਵੱਡਾ ਭਰਾ ਸੁਖਬੀਰ ਟ੍ਰੈਕਟਰ ਮਕੈਨਿਕ ਸੀ। ਉਹ ਨੇੜੇ ਦੇ ਸ਼ਹਿਰ ਵਿੱਚ ਆਪਣੀ ਵਰਕਸ਼ਾਪ ਚਲਾਉਂਦਾ ਸੀ। ਜਸਵੀਰ ਦੀ ਵੱਡੀ ਭੈਣ ਸੱਤਵੀਂ ਜਮਾਤ ਵਿੱਚੋਂ ਹਟਕੇ ਘਰਦਾ ਕੰਮ ਕਰਨ ਵਿੱਚ ਮਾਂ ਦਾ ਸਹਿਯੋਗ ਕਰਦੀ ਸੀ। ਪਿਉ ਦੀ 7 ਕਿੱਲੇ ਜਮੀਨ ਸੀ ਜਿਸ ਵਿੱਚ ਉਹ ਆਪ ਖੇਤੀ ਕਰਦਾ ਸੀ। ਤਿੰਨੇ ਬੱਚੇ ਅਤੇ ਮਾਤਾ ਪਿਤਾ ਸੁਖੀ ਜੀਵਨ ਜੀ ਰਹੇ ਸਨ। ਭਾਵੇਂ ਜਸਵੀਰ ਘਰੇਲੂ ਕੰਮਾਂ ਵਿੱਚ ਸਹਿਯੋਗ ਦਿੰਦਾ ਸੀ ਪਰ ਪੜ੍ਹਾਈ ਵਿੱਚੋਂ ਕਮਜ਼ੋਰ ਹੋਣ ਕਾਰਨ ਉਸਨੂੰ ਕਦੇ-ਕਦੇ ਮਾਂ-ਪਿਓ ਦੀਆਂ ਝਿੜਕਾਂ ਖਾਣੀਆਂ ਪੈਂਦੀਆਂ ਸਨ। ਉਸਨੂੰ ਖੇਡਣ ਅਤੇ ਦੋਸਤਾਂ ਨਾਲ ਘੁੰਮਣਾ ਫਿਰਨਾ ਚੰਗਾ ਲੱਗਦਾ ਸੀ। ਬਾਹਰ ਦੇ ਇਲਾਕਿਆਂ ਦੀ ਸੈਰ ਕਰਨ ਦੀ ਉਸਦੇ ਮਨ ਵਿੱਚ ਬੜੀ ਇੱਛਾ ਸੀ। ਇਸੇ ਇੱਛਾ ਕਰਕੇ ਹੀ ਉਹ ਆਪਣੇ ਦੋਸਤ ਨਾਲ 'ਡੇਰਾ ਸਾਹਿਬ' ਜਾਣ ਲਈ ਤਿਆਰ ਹੋ ਗਿਆ ਸੀ।

ਜਸਵੀਰ ਦਾ ਪਰਿਵਾਰ ਸਿੱਖ ਪਰਿਵਾਰ ਸੀ। ਉਹਨਾਂ ਦੀ ਸ਼ਰਧਾ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚ ਸੀ। ਇਸ ਤੋਂ ਬਿਨਾਂ ਉਹ ਕਿਸੇ ਹੋਰ ਸਥਾਨ ਜਾਂ ਵਿਅਕਤੀ ਨੂੰ ਕੋਈ ਮਹੱਤਵ ਨਹੀਂ ਦਿੰਦੇ ਸਨ। ਡੇਰਾ ਵਡਭਾਗ ਸਿੰਘ ਵਿੱਚ ਉਹਨਾਂ ਦੀ ਕੋਈ ਰੁਚੀ ਨਹੀਂ ਸੀ। ਇਸੇ ਲਈ ਉਹਨਾਂ ਨੇ ਜਸਵੀਰ ਨੂੰ ਜਾਣ ਤੋਂ ਰੋਕ ਦਿੱਤਾ ਸੀ।

**ਰਾਤ ਨੂੰ ਬਾਬੇ ਦਾ ਦਿਖਾਈ ਦੇਣਾ :** ਘਰਦਿਆਂ ਦਾ ਕੋਰਾ ਜੁਆਬ ਸੁਣਕੇ ਜਸਬੀਰ ਨਿਰਾਸ਼ ਹੋ ਗਿਆ। ਉਸਨੇ ਬੜੀ ਮੁਸ਼ਕਿਲ ਨਾਲ ਦਿਨ ਗੁਜਾਰਿਆ। ਸ਼ਾਮ ਦਾ ਖਾਣਾ ਖਾ ਕੇ ਜਲਦੀ ਹੀ ਉਹ ਸੌਣ ਲਈ ਮੰਜੇ ਉੱਤੇ ਪੈ ਗਿਆ। ਰਾਤ ਨੂੰ ਸੁਪਨੇ ਵਿੱਚ ਉਸਨੂੰ ਬਾਬਾ ਵਡਭਾਗ ਸਿੰਘ ਦੀ ਆਤਮਾ ਦਿਖਾਈ ਦਿੱਤੀ। ਇਸ ਆਤਮਾ ਨੇ ਜਸਬੀਰ ਨੂੰ ਕਿਹਾ, "ਤੂੰ ਡੇਰੇ ਤੇ ਜਰੂਰ ਆਉਣਾ ਹੈ, ਜੇ ਨਹੀਂ ਆਇਆ ਤਾਂ ਮੈਂ ਤੈਨੂੰ ਗੂੰਗਾ ਕਰ ਦਿਆਂਗਾ।" ਸਵੇਰੇ ਉੱਠਕੇ ਜਸਵੀਰ ਨੇ ਆਪਣਾ ਇਹ ਸੁਪਨਾ ਘਰਦਿਆਂ ਨੂੰ ਸੁਣਾਇਆ। ਘਰਦਿਆਂ ਨੇ ਇਸ ਪਾਸੇ ਕੋਈ ਧਿਆਨ ਨਾ ਦਿੱਤਾ। ਦੋਸਤ ਦਾ ਪਰਿਵਾਰ ਡੇਰੇ ਚਲਾ ਗਿਆ ਸੀ। ਉਹਨਾਂ ਦੇ ਜਾਣ ਤੋਂ ਬਾਅਦ ਜਸਵੀਰ ਸੱਚਮੁੱਚ ਹੀ ਗੂੰਗਾ ਹੋ ਗਿਆ ਸੀ। ਉਸਦੀ ਜ਼ੁਬਾਨ ਪੂਰੀ ਤਰ੍ਹਾਂ ਬੰਦ ਹੋ ਚੁੱਕੀ ਸੀ। ਘਰਦਿਆਂ ਨੇ ਉਸਨੂੰ ਬੁਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਬੋਲ ਨਾ ਸਕਿਆ।

**ਸੁਪਨਾ ਸੱਚ ਸਿੱਧ ਹੋਇਆ :** 'ਡੇਰਾ ਵਡਭਾਗ ਸਿੰਘ' ਨਾ ਜਾਣ ਕਾਰਨ ਬਾਬੇ ਦੀ ਆਤਮਾ ਦੀ ਗੱਲ ਸੱਚ ਸਿੱਧ ਹੋਈ। ਜਸਵੀਰ ਉਸਤੋਂ ਬਾਅਦ ਕੁੱਝ ਵੀ ਨਾ ਬੋਲ ਸਕਿਆ। ਹੁਣ ਉਸਨੂੰ ਇਲਾਜ ਲਈ ਡਾਕਟਰ ਕੋਲ ਲਿਜਾਇਆ ਗਿਆ। ਡਾਕਟਰ ਨੇ ਉਸਦੀ ਜੀਭ, ਗਲਾ ਆਦਿ ਚੈੱਕ ਕੀਤਾ ਅਤੇ ਦਵਾਈ ਦੇ ਦਿੱਤੀ। ਦਵਾਈ ਵੀ ਜਸਵੀਰ ਨੂੰ ਬੜੀ ਮੁਸ਼ਕਿਲ ਨਾਲ ਖੁਆਈ ਗਈ। ਪਰ ਉਸਦਾ ਗਲ਼ਾ ਨਾ ਖੁੱਲ੍ਹਿਆ। ਉਹ ਕੁੱਝ ਨਾ ਬੋਲ ਸਕਿਆ। ਘਰਦਿਆਂ ਨੂੰ ਬਹੁਤ ਚਿੰਤਾ ਹੋਈ। ਜਿਵੇਂ ਕਿ ਸਾਡੇ ਪਿੰਡਾਂ ਵਿੱਚ ਆਮ ਹੁੰਦਾ ਹੀ ਹੈ, ਅੱਡ ਅੱਡ ਤਰ੍ਹਾਂ ਦੇ ਲੋਕ ਅਲੱਗ-ਅਲੱਗ ਰਾਵਾਂ ਦੇਣ ਲੱਗੇ।

ਕੋਈ ਇਸਨੂੰ ਭੂਤ ਪ੍ਰੇਤ ਜਾਂ ਓਪਰੀ ਕਸਰ ਕਹਿਣ ਲੱਗਾ। ਕੋਈ ਕਹਿੰਦਾ ਕਿ ਬਾਬਾ ਵਡਭਾਗ ਸਿੰਘ ਨੇ ਹੀ ਉਸਨੂੰ ਸਰਾਪ ਦੇ ਦਿੱਤਾ ਹੈ। ਕੋਈ ਕਹਿੰਦਾ ਕਿ ਮਨੋਵਿਗਿਆਨਕ ਰੋਗ ਹੈ। ਇਸ ਤਰ੍ਹਾਂ ਸਾਰਾ ਪਰਿਵਾਰ ਉਲਝਣ ਵਿੱਚ ਫਸ ਗਿਆ। ਸਮਝ ਨਹੀਂ ਆਉਂਦੀ ਸੀ ਕਿ ਕੀ ਕੀਤਾ ਜਾਵੇ। ਭੂਤ ਪ੍ਰੇਤ ਜਾਂ ਬਾਬਾ ਵਡਭਾਗ ਸਿੰਘ ਵਿੱਚ ਉਹਨਾਂ ਨੂੰ ਕੋਈ ਵਿਸ਼ਵਾਸ਼ ਨਹੀਂ ਸੀ।

**ਤਰਕਸ਼ੀਲਾਂ ਤੱਕ ਪਹੁੰਚ :** ਇਸੇ ਦੌਰਾਨ ਉਹਨਾਂ ਦੇ ਇੱਕ ਗੁਆਂਢੀ ਨੇ ਪਰਿਵਾਰ ਨੂੰ ਮੇਰੇ ਬਾਰੇ ਦੱਸਿਆ। ਇਹ ਵਿਅਕਤੀ ਭਾਵੇਂ ਪੂਰਨ ਤੌਰ 'ਤੇ ਭੇਖਧਾਰੀ ਸਿੱਖ ਹੈ। ਪਰ ਇਸਦੇ ਪਰਿਵਾਰ ਦੇ ਬਹੁਤੇ ਮੈਂਬਰਾਂ ਦਾ ਮਾਨਸਿਕ-ਇਲਾਜ ਮੇਰੇ ਦੁਆਰਾ ਕੀਤਾ ਗਿਆ ਸੀ। ਇਸਨੇ ਸੁਸਾਇਟੀ ਦੀਆਂ ਕੁੱਝ ਕਿਤਾਬਾਂ ਵੀ ਪੜ੍ਹੀਆਂ ਸਨ ਅਤੇ ਤਰਕਸ਼ੀਲ ਵਿਚਾਰਧਾਰਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ ਪਰ ਤਰਕਸ਼ੀਲ ਵਿਚਾਰ ਹੁੰਦਿਆਂ ਵੀ ਇਹ ਆਪਣੇ ਸਿੱਖ-ਸਮਾਜ ਨਾਲ ਜੁੜਿਆ ਰਹਿਣਾ ਚਾਹੁੰਦਾ ਸੀ। ਇਸ ਕਰਕੇ ਖੁੱਲ੍ਹਕੇ ਤਰਕਸ਼ੀਲ ਕਹਾਉਣ ਤੋਂ ਡਰਦਾ ਸੀ। ਭਾਵੇਂ ਇਸਦੇ ਪੂਰੇ ਪਰਿਵਾਰ ਉੱਤੇ

ਹੀ ਤਰਕਸ਼ੀਲ ਵਿਚਾਰਧਾਰਾ ਦਾ ਅਸਰ ਸੀ ਪਰ ਉਹ ਸੁਸਾਇਟੀ ਨਾਲ ਜੁੜਨ ਤੋਂ ਡਰਦੇ ਸਨ ਤਾਂ ਕਿ ਸਿੱਖ-ਸਮਾਜ ਉਹਨਾਂ ਨੂੰ ਅੱਡ ਨਾ ਸਮਝੇ।

ਭਾਰਤੀ ਸਮਾਜ ਦੇ ਹਰ ਧਰਮ ਜਾਂ ਮੱਤ ਦੇ ਲੋਕਾਂ ਵਿੱਚੋਂ ਬਹੁਤ ਵੱਡੀ ਸੰਖਿਆ ਵਿੱਚ ਲੋਕ ਖੁੱਲ੍ਹੇ ਤੌਰ 'ਤੇ ਇਹ ਮੰਨਣ ਲੱਗੇ ਹਨ ਕਿ ਤਰਕਸ਼ੀਲ ਸੁਸਾਇਟੀ ਨੇ ਸਮਾਜ ਦਾ ਬਹੁਤ ਵੱਡਾ ਫਾਇਦਾ ਕੀਤਾ ਹੈ। ਉਹਨਾਂ ਨੇ ਸਮਾਜ ਨੂੰ ਅਗਿਆਨਤਾ ਅਤੇ ਅੰਧਵਿਸਵਾਸ਼ਾਂ ਦੇ ਹਨ੍ਹੇਰੇ ਵਿੱਚੋਂ ਬਾਹਰ ਕੱਢਕੇ ਗਿਆਨ ਦੀ ਰੌਸ਼ਨੀ ਦਿੱਤੀ ਹੈ, ਉਹਨਾਂ (ਲੋਕਾਂ) ਦੀਆਂ ਲੱਖਾਂ-ਕਰੋੜਾਂ ਮਾਨਸਿਕ ਸਮੱਸਿਆਵਾਂ ਦਾ ਹੱਲ ਦੱਸਿਆ ਹੈ। ਪਰ ਲੋਕ ਆਪਣੇ ਧਾਰਮਕ-ਸਮਾਜ ਨਾਲੋਂ ਟੁੱਟਣਾ ਨਹੀਂ ਚਾਹੁੰਦੇ। ਤਰਕਸ਼ੀਲ ਕਹਾਉਣਾ ਆਪਣੇ ਆਪਨੂੰ ਆਮ ਸਮਾਜ ਨਾਲੋਂ ਤੋੜਨਾ ਹੀ ਹੈ। ਸ਼ੁਰੂ ਵਿੱਚ ਤਾਂ ਆਪਣੇ ਹੀ ਘਰ ਦੇ ਮੈਂਬਰ ਤਰਕਸ਼ੀਲ ਵਿਅਕਤੀ ਦੀ ਵਿਰੋਧਤਾ ਕਰਦੇ ਹਨ ਪਰ ਹੌਲੀ ਹੌਲੀ ਉਹ ਸਮਝਣ ਲੱਗਦੇ ਹਨ। ਇਸ ਕਰਕੇ ਬਹੁਤੇ ਵਿਅਕਤੀ ਆਪਣੇ ਉਪਰ ਤਰਕਸ਼ੀਲਤਾ ਦੀ ਮੋਹਰ ਲਵਾਉਣ ਤੋਂ ਡਰਦੇ ਹਨ। ਅਜਿਹੇ ਲੋਕ ਤਰਕਸ਼ੀਲਾਂ ਦਾ ਆਦਰ ਕਰਦੇ ਹਨ। ਆਪਣੀਆਂ ਮਾਨਸਿਕ ਸਮੱਸਿਆਵਾਂ ਦਾ ਹੱਲ ਵੀ ਉਹਨਾਂ ਤੋਂ ਕਰਵਾਉਂਦੇ ਹਨ। ਉਹਨਾਂ ਦਾ ਸਾਹਿਤ ਵੀ ਪੜ੍ਹਦੇ ਹਨ ਪਰ ਫਿਰ ਵੀ ਆਪਣੇ ਰੂੜ੍ਹੀਵਾਦੀ ਧਰਮਾਂ ਜਾਂ ਮੱਤਾਂ ਨਾਲ ਜੁੜੇ ਰਹਿੰਦੇ ਹਨ ਭਾਵੇਂ ਉਨ੍ਹਾਂ ਦਾ ਇਹ ਧਰਮ ਜਾਂ ਮੱਤ ਤਾਂਤਰਿਕ ਹੋਵੇ ਜਾਂ ਨਾ। ਇਹ ਵਿਅਕਤੀ ਵੀ ਸੁਸਾਇਟੀ ਦੇ ਅਜਿਹੇ ਹਮਦਰਦਾਂ ਵਿੱਚੋਂ ਇੱਕ ਸੀ। ਖੈਰ! ਇਸਨੇ ਕੇਸ ਦੀ ਗੰਭੀਰਤਾ ਨੂੰ ਸਮਝਿਆ ਅਤੇ ਜਸਵੀਰ ਨੂੰ ਖ਼ੁਦ ਲੈ ਕੇ ਮੇਰੇ ਕੋਲ ਆਇਆ।

**ਕੇਸ ਹਿਸਟਰੀ** : ਚਾਹ-ਪਾਣੀ ਪਿਆਉਣ ਤੋਂ ਬਾਅਦ ਮੈਂ ਕੇਸ-ਹਿਸਟਰੀ ਬਾਰੇ ਜਾਣਕਾਰੀ ਲਈ। ਗੱਲਾਂ-ਗੱਲਾਂ ਵਿੱਚ ਹੀ ਇੱਕ ਵਿਸ਼ੇਸ ਗੱਲ ਸਾਹਮਣੇ ਆਈ। ਜਸਵੀਰ ਦੀ ਭੂਆ ਦਾ ਮੁੰਡਾ ਵੀ ਇਸੇ ਤਰ੍ਹਾਂ ਦੇ ਇੱਕ ਗੰਭੀਰ ਰੋਗ ਦਾ ਸ਼ਿਕਾਰ ਹੋ ਗਿਆ ਸੀ। ਇਹ ਮੁੰਡਾ ਇੱਕ ਬਹੁਤ ਹੀ ਭਿਆਨਕ ਸਦਮੇਂ ਦਾ ਸ਼ਿਕਾਰ ਹੋਇਆ ਸੀ। ਸੰਨ 1984 ਦੇ ਦਿੱਲੀ-ਦੰਗਿਆਂ ਦੇ ਦੌਰਾਨ ਅਨੇਕਾਂ ਹੀ ਸਿੱਖ ਭਿਆਨਕ ਤਰੀਕਿਆਂ ਨਾਲ ਮਾਰ ਦਿੱਤੇ ਗਏ ਸਨ। ਸਿੱਖਾਂ ਦੇ ਗਲ਼ ਵਿੱਚ ਜਲ਼ਦੇ ਹੋਏ ਟਾਇਰ ਪਾ ਕੇ, ਉਹਨਾਂ ਦੇ ਦਾੜ੍ਹੀ-ਕੇਸ ਖਿੱਚ ਕੇ ਘੜੀਸਿਆ ਗਿਆ ਸੀ ਅਤੇ ਤਸੀਹੇ ਦੇ ਕੇ ਅਖੌਤੀ ਧਾਰਮਕ ਲੋਕਾਂ ਵੱਲੋਂ ਮਾਰਿਆ ਗਿਆ ਸੀ। ਜਸਵੀਰ ਦੀ ਭੂਆ ਦੇ ਪਰਿਵਾਰ ਨਾਲ ਵੀ ਅਜਿਹਾ ਹੀ ਹੋਇਆ ਸੀ। ਆਪਣੇ ਪਰਿਵਾਰ ਨਾਲ ਵਾਪਰੇ ਇਹਨਾਂ ਹਾਦਸਿਆਂ ਨੂੰ ਦੇਖਕੇ ਹੀ ਜਸਵੀਰ ਦੀ ਭੂਆ ਦਾ ਮੁੰਡਾ ਮਾਨਸਿਕ ਸਦਮੇ ਦਾ ਸ਼ਿਕਾਰ ਹੋ ਕੇ ਪਾਗ਼ਲ ਹੋ ਗਿਆ ਸੀ। ਭਾਰਤ ਦੇ ਵੱਡੇ-ਵੱਡੇ ਹਸਪਤਾਲਾਂ ਵਿੱਚ ਵੀ ਉਸਦਾ ਇਲਾਜ ਨਾ ਹੋ ਸਕਿਆ ਅਤੇ ਪਰਿਵਾਰ ਲਈ ਉਹ ਇੱਕ ਬੋਝ ਜਿਹਾ ਬਣ ਗਿਆ ਸੀ। ਜਸਵੀਰ ਦਾ ਇਸ ਮੁੰਡੇ ਨਾਲ ਕਾਫੀ ਪ੍ਰੇਮ ਸੀ। ਜਦੋਂ ਤੋਂ ਜਸਵੀਰ ਇਸ ਮੁੰਡੇ ਨੂੰ ਇਸ ਹਾਲਤ ਵਿੱਚ ਦੇਖ ਚੁੱਕਿਆ ਸੀ, ਉਦੋਂ ਤੋਂ ਹੀ ਉਹ ਕੁਝ ਗੰਭੀਰ ਜਿਹਾ ਰਹਿੰਦਾ ਸੀ। ਫਿਰ ਬਾਬੇ ਦੇ ਸੁਪਨੇ ਨੇ ਤਾਂ ਉਸਨੂੰ ਗੂੰਗਾ ਹੀ ਬਣਾ ਦਿੱਤਾ ਸੀ। ਇਸ ਕਰਕੇ ਘਰਦਿਆਂ ਦੀ ਚਿੰਤਾ ਬਹੁਤ ਵਧ ਗਈ ਸੀ। ਘਰਦਿਆਂ ਤੋਂ ਇਸ ਗੱਲ ਦਾ ਮੈਨੂੰ ਪਤਾ ਲੱਗ ਗਿਆ ਸੀ ਕਿ ਜਸਵੀਰ ਆਪਣੀ ਗੱਲ ਨੂੰ ਕਾਗਜ ਉੱਤੇ ਲਿਖਕੇ ਦੱਸ ਦਿੰਦਾ ਹੈ। ਹੁਣ ਮੈਂ ਜਸਵੀਰ ਨੂੰ ਆਪਣੇ ਕਮਰੇ ਵਿੱਚ ਇਕੱਲੇ ਨੂੰ ਬੁਲਾਇਆ।

**ਇਲਾਜ ਹੋ ਗਿਆ** : ਜਸਵੀਰ ਦੀ ਸ਼ਕਲ ਦੇਖਦੇ ਹੀ ਮੈਨੂੰ ਪਤਾ ਲੱਗ ਗਿਆ ਸੀ ਕਿ ਉਹ ਗੂੰਗਾ ਨਹੀਂ, ਬਲਕਿ ਗੂੰਗਾ ਹੋਣ ਦਾ ਨਾਟਕ ਕਰ ਰਿਹਾ ਸੀ। ਮੈਂ ਉਸਨੂੰ ਇੱਕ ਕਾਪੀ ਅਤੇ ਪੈੱਨ ਦਿੱਤਾ ਅਤੇ ਸਾਰੀ ਗੱਲ ਲਿਖਕੇ ਦੱਸਣ ਲਈ ਕਿਹਾ। ਉਸਨੇ ਕਾਪੀ ਉੱਤੇ ਲਿਖਕੇ ਦੱਸਿਆ ਕਿ ਬਾਬੇ ਨੇ ਹੀ ਉਸਨੂੰ ਗੂੰਗਾ ਕੀਤਾ ਹੈ। ਬਾਬਾ ਹੁਣ ਵੀ ਉਸਨੂੰ ਬੁਲਾ ਰਿਹਾ ਹੈ। ਜਦੋਂ ਤੱਕ ਉਹ ਡੇਰੇ ਨਹੀਂ ਜਾਵੇਗਾ। ਉਦੋਂ ਤਕ ਬਾਬਾ ਉਸਨੂੰ ਗੂੰਗਾ ਹੀ ਰੱਖੇਗਾ। ਇਸ ਕਰਕੇ ਉਸਨੂੰ ਤੁਰੰਤ ਬਾਬੇ ਦੇ ਡੇਰੇ ਲਿਜਾਇਆ ਜਾਵੇ। ਕਾਪੀ ਉੱਤੇ ਹੀ ਪ੍ਰਸ਼ਨ ਉੱਤਰਾਂ ਦਾ ਸਿਲਸਿਲਾ ਚੱਲਦਾ ਰਿਹਾ। ਇਸੇ ਦੌਰਾਨ ਪਤਾ ਚੱਲਿਆ ਕਿ ਜਸਵੀਰ ਦੇ ਵੱਡੇ ਭਰਾ ਅਤੇ ਪਿਤਾ ਦਾ ਉਸ ਉੱਤੇ ਮਾਨਸਿਕ-ਦਬਾਅ ਕਾਫੀ ਹੈ। ਉਸਨੇ ਦੱਸਿਆ ਕਿ ਉਹ ਆਪਣੇ ਪਿੰਡ ਵਾਲੇ ਸਕੂਲ ਨਹੀਂ ਪੜ੍ਹਨਾ ਚਾਹੁੰਦਾ ਕਿਉਂਕਿ ਸਕੂਲ ਵਿੱਚ ਬੱਚੇ ਉਸਨੂੰ ਤੰਗ ਕਰਦੇ ਹਨ। ਉਹ ਕੱਦਕਾਠ ਵਿੱਚ ਸਕੂਲ 'ਚੋਂ ਸਭ ਤੋਂ ਵੱਡਾ ਸੀ ਅਤੇ ਪੜ੍ਹਾਈ ਵਿੱਚ ਕਮਜ਼ੋਰ ਹੋਣ ਕਰਕੇ ਅਧਿਆਪਕ ਵੀ ਉਸਦੀ ਬੇਇੱਜਤੀ ਕਰਦੇ ਸਨ। ਇਸ ਕਰਕੇ ਉਹ ਸਕੂਲ ਬਦਲਣਾ ਚਾਹੁੰਦਾ ਸੀ। ਮੈਂ ਉਸਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਨ ਦਾ ਵਿਸ਼ਵਾਸ ਦੁਆਇਆ। ਉਸਨੂੰ ਇਹ ਵੀ ਕਿਹਾ ਕਿ ਮੈਂ ਉਸਦਾ ਗੂੰਗਾਪਣ ਵੀ ਠੀਕ ਕਰ ਦੇਵਾਂਗਾ। ਉਸਦੇ ਪਿਓ ਅਤੇ ਭਰਾ ਨੂੰ ਵੀ ਸਮਝਾ ਦੇਵਾਂਗਾ ਕਿ ਉਸਦੇ ਉੱਤੇ ਬੇਮਤਲਬ ਦਬਾਅ ਨਾ ਪਾਉਣ। ਉਸਨੂੰ ਖੇਲ੍ਹਣ ਲਈ ਵੀ ਸਮਾਂ ਦਿੱਤਾ ਜਾਵੇਗਾ। ਪਰ ਇਹ ਸਾਰਾ ਕੁੱਝ ਤਾਂ ਹੀ ਹੋਵੇਗਾ, ਜੇ ਉਹ ਮੇਰੇ ਕਹੇ ਅਨੁਸਾਰ ਆਪਣਾ ਇਲਾਜ ਕਰਵਾਏਗਾ ਤੇ ਮੇਰੀ ਗੱਲ ਮੰਨੇਗਾ।

ਡਾਕਟਰ ਨੇ ਉਸਦੇ ਗਲ਼ੇ ਵਿੱਚ ਖਰਾਬੀ ਦੱਸੀ ਸੀ। ਜਦੋਂ ਮੈਂ ਉਸਨੂੰ ਮੂੰਹ ਖੋਲ੍ਹਣ ਲਈ ਕਿਹਾ ਤਾਂ ਉਸਨੇ ਇੱਕ ਖ਼ਾਸ ਅੰਦਾਜ਼ ਵਿੱਚ ਜੀਭ ਫੁਲਾਅ ਕੇ ਗੋਲ ਕਰਦੇ ਹੋਏ ਮੂੰਹ ਖੋਲ੍ਹਿਆ। ਜੀਭ ਫੁੱਲੀ ਅਤੇ ਸੁੱਜੀ ਹੋਈ ਪ੍ਰਤੀਤ ਹੁੰਦੀ ਸੀ। ਪਰ ਗਲੇ ਨੂੰ ਵਿਸ਼ੇਸ ਤੌਰ 'ਤੇ ਕਸ਼ਟਦਾਇਕ, ਸੁੱਜਿਆ ਹੋਇਆ ਅਤੇ ਜ਼ਖ਼ਮੀ ਦਿਖਾਉਣ ਦਾ ਉਹ ਪੂਰਾ ਨਾਟਕ ਕਰ ਰਿਹਾ ਸੀ। ਉਹ ਇਹ ਦਿਖਾਵਾ ਕਰ ਰਿਹਾ ਸੀ ਕਿ ਪੂਰਾ ਜ਼ੋਰ ਲਾਉਣ ਨਾਲ ਵੀ ਉਸਦਾ ਗਲ਼ਾ ਨਹੀਂ ਖੁੱਲ੍ਹਦਾ। ਮੈਂ ਉਸਦੀ ਸਾਰੀ ਕਹਾਣੀ ਸਮਝ ਚੁੱਕਿਆ ਸੀ। ਆਪਣੀਆਂ ਸਾਰੀਆਂ ਮੰਗਾਂ ਮਨਵਾਉਣ ਲਈ ਹੀ ਉਹ ਇਹ ਨਾਟਕ ਕਰ ਰਿਹਾ ਸੀ। ਬਹੁਤ ਸਾਰੇ ਮਾਨਸਿਕ ਰੋਗੀ ਆਪਣੀ ਗੱਲ ਮਨਵਾਉਣ ਲਈ ਆਮ ਤੌਰ 'ਤੇ ਅਜਿਹੇ ਬਹਾਨੇ ਕਰਦੇ ਹਨ।

ਪੂਰੇ ਵਿਸ਼ਵਾਸ ਵਿੱਚ ਲੈ ਕੇ ਮੈਂ ਉਸਨੂੰ ਹਿਪਨੋਟਾਈਜ ਕੀਤਾ। ਇਸ ਹਾਲਤ ਵਿੱਚ ਹੀ ਉਸਦੇ ਮੂੰਹ ਅਤੇ ਗਲੇ ਉੱਤੇ ਹਿਪਨੋਟਿਕ-ਪਾਸ ਦੇ ਕੇ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਜਿਉਂ ਹੀ ਉਹ ਹਿਪਨੋਟਿਕ ਨੀਂਦ ਵਿੱਚੋਂ ਜਾਗੇਗਾ, ਉਹ ਆਰਾਮ ਨਾਲ ਬੈਠਕੇ ਮੇਰੇ ਨਾਲ ਗੱਲਬਾਤ ਕਰੇਗਾ। ਇਸਦੀ ਪਰਖ ਕਰਨ ਲਈ ਮੈਂ ਹਿਪਨੋਟਿਕ ਨੀਂਦ ਵਿੱਚ ਹੀ ਮੇਰੇ ਪਿੱਛੇ ਪਿੱਛੇ ਗਿਣਤੀ ਬੋਲਣ ਲਈ ਕਿਹਾ। ਇੱਕ ਤੋਂ ਲੈ ਕੇ ਮੈਂ ਵੀਹ ਤੱਕ ਗਿਣਤੀ ਬੋਲੀ। ਉਹ ਮੇਰੇ ਪਿੱਛੇ ਲਗਾਤਾਰ ਗਿਣਤੀ ਵਾਲੇ ਸ਼ਬਦ ਬੋਲਦਾ ਰਿਹਾ। ਆਰੰਭ ਵਿੱਚ ਤਾਂ ਉਸਨੇ ਪੂਰਾ ਜ਼ੋਰ ਲਗਾਕੇ ਸ਼ਬਦ ਬੋਲੇ ਪਰ ਫਿਰ ਬੜੇ ਆਰਾਮ ਨਾਲ ਵੀਹ ਤੱਕ ਗਿਣਤੀ ਬੋਲਦਾ ਗਿਆ। ਹੁਣ ਉਸਦੀ ਬੋਲਣ ਦੀ ਝਿਜਕ ਦੂਰ ਹੋ ਗਈ ਸੀ। ਮੈਂ ਉਸਨੂੰ ਤਸੱਲੀ ਦਿੱਤੀ ਕਿ ਉਸਦਾ ਗਲਾ ਅਤੇ ਜੀਭ ਪੂਰੀ ਤਰ੍ਹਾਂ ਠੀਕ ਹੋ ਗਈ ਹੈ। ਇਸ ਲਈ ਉਹ ਹੁਣ ਪੂਰੀ ਤਰ੍ਹਾਂ ਬੋਲਕੇ ਗੱਲਬਾਤ ਕਰ ਸਕੇਗਾ। ਮੈਂ ਉਸਨੂੰ ਇਹ ਕਹਿਕੇ ਡਰਾਇਆ ਕਿ ਜੇਕਰ ਉਹ ਮੇਰੀ ਗੱਲ ਨਹੀਂ ਮੰਨੇਗਾ ਤਾਂ ਉਸਦੀ ਕੋਈ ਵੀ ਮੰਗ ਪੂਰੀ ਨਹੀਂ ਹੋਵੇਗੀ ਅਤੇ ਮੈਂ ਸਾਰੀ ਸਚਾਈ ਘਰ ਵਾਲਿਆਂ ਨੂੰ ਦੱਸ ਦੇਵਾਂਗਾ। ਹੁਣ ਉਸਨੂੰ ਹਿਪਨੋਟਿਕ-ਨੀਂਦ ਵਿੱਚੋਂ ਜਗਾ ਲਿਆ ਗਿਆ ਅਤੇ ਕਈ ਸਵਾਲ ਪੁੱਛੇ। ਉਸਨੂੰ ਯਕੀਨ ਹੋ ਚੁੱਕਿਆ ਸੀ ਕਿ ਮੇਰੀ ਗੱਲ ਮੰਨਕੇ ਹੀ ਉਸਦੀਆਂ ਮੰਗਾਂ ਪੂਰੀਆਂ ਹੋ ਸਕਦੀਆਂ ਹਨ। ਇਸ ਲਈ ਉਹ ਖੁੱਲ੍ਹਕੇ ਮੇਰੇ ਨਾਲ ਗੱਲਾਂ ਕਰਨ ਲੱਗਾ।

ਕਹਾਣੀ ਸਪੱਸ਼ਟ ਹੋ ਗਈ ਸੀ। ਉਸਦੀ

ਡੇਰਾ ਵਡਭਾਗ ਸਿੰਘ ਵਿੱਚ ਕੋਈ ਰੁਚੀ ਜਾਂ ਸ਼ਰਧਾ ਨਹੀਂ ਸੀ। ਉਹ ਤਾਂ ਆਪਣੇ ਦੋਸਤ ਨਾਲ ਕੇਵਲ ਸੈਰ-ਸਪਾਟੇ ਦੇ ਉਦੇਸ਼ ਨਾਲ ਹੀ ਘੁੰਮਣ ਜਾਣਾ ਚਾਹੁੰਦਾ ਸੀ। ਪਰ ਉਹ ਜਾਣਦਾ ਸੀ ਕਿ ਸਿੱਧੇ ਰੂਪ ਵਿੱਚ ਸੈਰ-ਸਪਾਟੇ ਦੇ ਬਹਾਨੇ ਘਰ ਵਾਲੇ ਉਸਨੂੰ ਕਦੇ ਵੀ ਜਾਣ ਦੀ ਆਗਿਆ ਨਹੀਂ ਦੇ ਸਕਦੇ ਸਨ। ਇਸ ਲਈ ਉਸਨੇ ਸੁਪਨੇ ਵਿੱਚ ਬਾਬੇ ਦੁਆਰਾ ਬੁਲਾਏ ਜਾਣ ਦਾ ਬਹਾਨਾ ਘੜ ਲਿਆ ਸੀ। ਉਸਨੇ ਇਹ ਡਰਾਵਾ ਵੀ ਦਿੱਤਾ ਸੀ ਕਿ ਜੇਕਰ ਉਸਨੂੰ ਨਾ ਜਾਣ ਦਿੱਤਾ ਗਿਆ ਤਾਂ ਬਾਬਾ ਉਸਨੂੰ ਗੂੰਗਾ ਕਰ ਦੇਵੇਗਾ। ਜਦੋਂ ਪਰਿਵਾਰ ਵਾਲਿਆਂ ਨੇ ਉਸਦੀ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਉਸ ਕੋਲ ਗੂੰਗਾ ਹੋ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਸੇ ਲਈ ਉਹ ਗੂੰਗਾ ਹੋ ਗਿਆ ਸੀ। ਜਿਉਂ ਜਿਉਂ ਘਰ ਵਾਲੇ ਪ੍ਰੇਸ਼ਾਨ ਹੁੰਦੇ, ਉਸਨੂੰ ਮਜ਼ਾ ਆਉਂਦਾ। ਡਾਕਟਰ ਕੋਲ ਵੀ ਉਸਨੇ ਜੀਭ ਫੁਲਾ ਕੇ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਕਿ ਉਸਦੇ ਗਲ, ਜੀਭ ਅਤੇ ਮੂੰਹ ਵਿੱਚ ਬਹੁਤ ਤਕਲੀਫ ਹੈ। ਡਾਕਟਰ ਦੀ ਨਾ ਤਾਂ ਉਸਨੂੰ ਕੋਈ ਜ਼ਰੂਰਤ ਸੀ ਤੇ ਨਾ ਹੀ ਉਸ ਨਾਲ ਉਸਦਾ ਇਲਾਜ ਹੋਣਾ ਸੀ। ਉਹ ਤਾਂ ਬਦਲੇ ਦੀ ਭਾਵਨਾ ਨਾਲ ਉਹਨਾਂ ਦਾ ਉੱਲੂ ਬਣਾ ਰਿਹਾ ਸੀ।

ਮੈਂ ਹੁਣ ਜਸਵੀਰ ਨੂੰ ਪੂਰੀ ਤਰ੍ਹਾਂ ਸਮਝਾ ਦਿੱਤਾ ਸੀ ਕਿ ਹੁਣ ਤੋਂ ਬਾਅਦ ਉਸਨੂੰ ਆਪਣੀ ਕੋਈ ਮੰਗ ਪੂਰੀ ਕਰਵਾਉਣ ਲਈ ਕੋਈ ਬਹਾਨਾ ਨਹੀਂ ਕਰਨਾ ਪਵੇਗਾ। ਉਹ ਸਿਰਫ ਮੇਰੇ ਕੋਲ ਆਪਣੀ ਇੱਛਾ ਜ਼ਾਹਰ ਕਰੇਗਾ ਅਤੇ ਮੈਂ ਉਸਦੀ ਹਰ ਜ਼ਾਇਜ ਇੱਛਾ ਪੂਰੀ ਕਰਵਾ ਦੇਵਾਂਗਾ। ਪਰ ਉਹ ਆਪਣੀ ਪੜ੍ਹਾਈ ਦਿਲ ਲਾ ਕੇ ਕਰੇਗਾ। ਵੱਡਿਆਂ ਦੀਆਂ ਜ਼ਾਇਜ ਇੱਛਾਵਾਂ ਦਾ ਪਾਲਣ ਕਰੇਗਾ। ਘਰ ਦੇ ਕੰਮ-ਕਾਜ ਵਿੱਚ ਹੱਥ ਵਟਾਏਗਾ ਅਤੇ ਸਮਾਂ ਮਿਲਣ ਤੇ ਖੇਲ੍ਹੇਗਾ। ਪੂਰੀ ਕੇਸ ਹਿਸਟਰੀ ਵਿੱਚੋਂ ਇੱਕ ਗੱਲ ਉਭਰਕੇ ਸਾਹਮਣੇ ਆਈ ਸੀ ਕਿ ਉਹ ਇੱਕ ਸੰਵੇਦਨਸ਼ੀਲ ਮੁੰਡਾ ਸੀ। ਅਵਾਰਾ ਘੁੰਮਣਾ ਉਸਨੂੰ ਪਸੰਦ ਨਹੀਂ ਸੀ। ਉਹ ਚਰਿੱਤਰਵਾਨ ਬਣਿਆ ਰਹਿਣਾ ਚਾਹੁੰਦਾ ਸੀ। ਇਸ ਲਈ ਉਸਦੀ ਕੁੜੀਆਂ ਵਿੱਚ ਕੋਈ ਰੁਚੀ ਨਹੀਂ ਸੀ। ਹਿਪਨੋਟਿਕ ਨੀਂਦ ਵਿੱਚੋਂ ਜਾਗਣ ਤੋਂ ਬਾਅਦ ਲੱਗਭੱਗ ਅੱਧਾ ਘੰਟਾ ਉਹ ਗੱਲਾਂ ਕਰਦਾ ਰਿਹਾ। ਉਸਨੂੰ ਇਹ ਵੀ ਸਮਝਾਇਆ ਗਿਆ ਕਿ ਜੇਕਰ ਸੈਰ-ਸਪਾਟੇ ਲਈ ਜਾਣਾ ਹੀ ਹੋਵੇ ਤਾਂ ਧਰਮ-ਸਥਾਨਾਂ ਤੋਂ ਇਲਾਵਾਂ ਹਜ਼ਾਰਾਂ ਅਜਿਹੇ ਸਥਾਨ ਹਨ, ਜਿੱਥੇ ਕੇਵਲ ਸੈਰ ਸਪਾਟੇ ਜਾਂ ਮਨੋਰੰਜਨ ਲਈ ਲੋਕ ਜਾਂਦੇ ਹਨ। ਅਜਿਹੇ ਟੂਰ ਦੇ ਮੌਕੇ ਸਕੂਲ-ਕਾਲਜ ਦੀ ਪੜ੍ਹਾਈ ਸਮੇਂ ਮਿਲਦੇ ਹੀ ਰਹਿੰਦੇ ਹਨ।

ਹੁਣ ਮੈਂ ਜਸਵੀਰ ਨੂੰ ਕਮਰੇ ਤੋਂ ਬਾਹਰ ਭੇਜ ਦਿੱਤਾ ਅਤੇ ਉਸਦੇ ਵੱਡੇ ਭਰਾ ਨੂੰ ਬੁਲਾਇਆ। ਜਸਵੀਰ ਨੂੰ ਮੇਰੇ ਨਾਲ ਗੱਲਾਂ ਕਰਦਾ ਸੁਣਕੇ ਉਸਦੇ ਭਾਈ ਨੂੰ ਪੂਰੀ ਤਸੱਲੀ ਹੋ ਗਈ ਸੀ ਕਿ ਹੁਣ ਜਸਵੀਰ ਦਾ ਗੂੰਗਾਪਣ ਦੂਰ ਹੋ ਗਿਆ ਹੈ। ਹੁਣ ਮੈਂ ਉਸਦੇ ਭਾਈ ਨੂੰ ਉਸਦੀਆਂ ਸਾਰੀਆਂ ਮੰਗਾਂ ਬਾਰੇ ਦੱਸ ਦਿੱਤਾ। ਉਸਨੂੰ ਇਹ ਵੀ ਸਮਝਾਇਆ ਗਿਆ ਕਿ ਜੇਕਰ ਜਸਵੀਰ ਦੀਆਂ ਜ਼ਾਇਜ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਦੋਬਾਰਾ ਗੂੰਗਾ ਹੋ ਸਕਦਾ ਹੈ। ਉਸਦਾ ਭਾਈ ਸਮਝਦਾਰ ਸੀ। ਉਸਨੇ ਮੈਨੂੰ ਭਰੋਸਾ ਦਿਵਾਇਆ ਕਿ ਉਹ ਮੇਰੇ ਕਹੇ ਅਨੁਸਾਰ ਹੀ ਚੱਲਣਗੇ। ਪਰ ਮੈਂ ਉਸਨੂੰ ਇਹ ਨਹੀਂ ਦੱਸਿਆ ਕਿ ਜਸਵੀਰ ਜਾਣ ਬੁੱਝਕੇ ਗੂੰਗਾ ਬਣਿਆ ਹੈ। ਉਸਨੂੰ ਤਾਂ ਇਹੀ ਸਮਝਾਇਆ ਗਿਆ ਕਿ ਉਹ ਇੱਕ ਮਾਨਸਿਕ ਰੋਗੀ ਹੈ ਜਿਸਦਾ ਸੰਬੰਧ ਉਸਦੀਆਂ ਕਈ ਮਾਨਸਿਕ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ। ਜ਼ਿਆਦਾ ਜਾਣਕਾਰੀ ਲਈ ਉਹਨਾਂ ਨੂੰ ਤਰਕਸ਼ੀਲ ਸਾਹਿਤ ਪੜ੍ਹਨ ਲਈ ਦਿੱਤਾ ਗਿਆ ਤਾਂ ਕਿ ਇਸ ਤਰ੍ਹਾਂ ਦੇ ਹੋਰ ਅਨੇਕਾਂ ਕੇਸਾਂ ਬਾਰੇ ਜਾਣਕਾਰੀ ਮਿਲ ਸਕੇ।

ਹੁਣ ਅਨੇਕ ਸਾਲ ਬੀਤ ਚੁੱਕੇ ਹਨ। ਜਸਵੀਰ ਪੂਰੀ ਤਰ੍ਹਾਂ ਠੀਕ ਹੈ। ਘਰ ਵਾਲਿਆਂ ਦੀ ਸਮਝਦਾਰੀ ਨਾਲ ਉਸਨੂੰ ਮਾਨਸਿਕ ਰੋਗੀ ਹੋਣ ਤੋਂ ਬਚਾ ਲਿਆ ਗਿਆ। ਦੂਜਾ ਪਹਿਲੂ ਇਹ ਵੀ ਹੈ ਕਿ ਤਰਕਸ਼ੀਲ-ਸੁਸਾਇਟੀ ਵਿੱਚ ਉਹਨਾਂ ਦਾ ਵਿਸ਼ਵਾਸ਼ ਹੋਰ ਪੱਕਾ ਹੋ ਗਿਆ। ਉਹਨਾਂ ਦੀ ਥਾਂ ਜੇਕਰ ਕੋਈ ਅੰਧ-ਵਿਸ਼ਵਾਸੀ ਪਰਿਵਾਰ ਹੁੰਦਾ ਜਾਂ ਕਿਸੇ ਅੰਧ-ਵਿਸ਼ਵਾਸੀ ਦੇ ਕਹਿਣ ਉੱਤੇ ਜਸਵੀਰ ਨੂੰ ਡੇਰਾ ਵਡਭਾਗ ਸਿੰਘ ਲੈ ਜਾਂਦੇ, ਤਾਂ ਵੀ ਜਸਵੀਰ ਜ਼ਰੂਰ ਠੀਕ ਹੋ ਜਾਂਦਾ ਕਿਉਂਕਿ ਉਹ ਬਾਬੇ ਦੇ ਸਰਾਪ ਦੇ ਕਾਰਨ ਗੂੰਗਾ ਨਹੀਂ ਹੋਇਆ ਸੀ। ਉਹ ਤਾਂ ਆਪਣੇ ਦੋਸਤ ਨਾਲ ਘੁੰਮਣਾ-ਫਿਰਨਾ ਚਾਹੁੰਦਾ ਸੀ। ਇੱਛਾ ਪੂਰੀ ਨਾ ਹੋਣ ਕਾਰਨ ਅਜਿਹਾ ਕਰਨਾ ਉਸਦੀ ਮਜ਼ਬੂਰੀ ਬਣ ਗਈ ਸੀ। ਜੇਕਰ 'ਡੇਰੇ' ਜਾ ਕੇ ਉਹ ਠੀਕ ਹੋ ਜਾਂਦਾ ਤਾਂ ਘਰ ਵਾਲਿਆਂ ਦਾ ਜ਼ਰੂਰ ਹੀ ਬਾਬੇ ਦੀ ਸ਼ਕਤੀ ਵਿੱਚ ਵਿਸ਼ਵਾਸ ਹੋ ਜਾਂਦਾ। ਇਸ ਤਰ੍ਹਾਂ ਪਰਿਵਾਰ ਬਾਬੇ ਵਿੱਚ ਅੰਨ੍ਹੀ ਸ਼ਰਧਾ ਰੱਖਣ ਲੱਗ ਪੈਂਦਾ ਤੇ ਹਰ ਸਾਲ ਉੱਥੇ ਚੌਂਕੀਆਂ ਭਰਦਾ ਰਹਿੰਦਾ।

ਜਸਵੀਰ ਦੀ ਭੂਆ ਦੇ ਮੁੰਡੇ ਨਾਲ ਭਾਵੇਂ ਜਸਵੀਰ ਦਾ ਬਹੁਤ ਪ੍ਰੇਮ ਸੀ। ਉਸਦੇ ਅਪੰਗ ਜਾਂ ਪਾਗਲ ਹੋਣ ਦਾ ਦੁੱਖ ਵੀ ਸੀ। ਪਰ ਜਸਵੀਰ ਦੇ ਗੂੰਗੇਪਣ ਦਾ ਉਸਦੇ ਰੋਗ ਨਾਲ ਕੋਈ ਸੰਬੰਧ ਨਹੀਂ ਸੀ। ਮੁੱਖ ਤੌਰ 'ਤੇ ਤਾਂ ਦੋਸਤ ਨਾਲ ਘੁੰਮਣ ਦੀ ਇੱਛਾ ਨੇ ਹੀ ਉਸਦੇ ਮਨ ਤੇ ਪ੍ਰਭਾਵ ਪਾਇਆ ਸੀ ਤੇ ਅਜਿਹਾ ਕਰਨ ਲਈ ਮਜ਼ਬੂਰ ਕੀਤਾ ਸੀ। ਇਸ ਤੋਂ ਇਲਾਵਾ ਲਗਾਤਾਰ ਮਨ ਉੱਤੇ ਪੈਂਦੇ ਦਬਾਅ, ਸਾਥੀਆਂ ਦੀ ਛੇੜਛਾੜ, ਪੜ੍ਹਾਈ ਵਿੱਚ ਕਮਜ਼ੋਰ ਹੋਣਾ ਆਦਿ ਗੌਣ ਕਾਰਨ ਸਨ। ਸਾਰੀਆਂ ਮੰਗਾਂ ਦਾ ਸਹੀ ਤਰੀਕੇ ਨਾਲ ਨਿਪਟਾਰਾ ਕਰਕੇ ਸਮੱਸਿਆ ਹੱਲ ਕਰ ਲਈ ਗਈ। ਤਰਕਸ਼ੀਲ ਸਾਹਿਤ ਪੜ੍ਹਨ ਨਾਲ ਪਰਿਵਾਰ ਦੀ ਸੋਚ ਹੋਰ ਵੀ ਪੱਕੀ ਹੋ ਗਈ ਕਿ ਕਿਸੇ ਤਰ੍ਹਾਂ ਦੀ ਕੋਈ ਅਲੌਕਿਕ ਜਾਂ ਚਮਤਕਾਰੀ ਸ਼ਕਤੀ ਨਹੀਂ ਹੁੰਦੀ। ਕੇਵਲ ਸਰੀਰਕ ਮਾਨਸਿਕ ਸਮੱਸਿਆਵਾਂ ਹੀ ਹਨ, ਜੋ ਵਿਅਕਤੀ ਨੂੰ ਆਮ ਤੌਰ 'ਤੇ ਗੈਰਵਿਗਿਆਨਕ ਹੱਲ ਵੱਲ ਧੱਕ ਦਿੰਦੀਆਂ ਹਨ। ਕਿਉਂਕਿ ਤਾਰਕਿਕ ਅਤੇ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਨਾਲ ਸਾਧਾਰਨ ਲੋਕਾਂ ਦਾ ਸੰਪਰਕ ਹੀ ਘੱਟ ਹੁੰਦਾ ਹੈ। ਇਹ ਸੰਪਰਕ ਜਿੰਨਾ ਵਧਦਾ ਜਾਵੇਗਾ। ਸਮੱਸਿਆਵਾਂ ਉੱਨੀ ਹੀ ਜਲਦੀ ਅਤੇ ਪੂਰੀ ਤਰ੍ਹਾਂ ਸੁਲਝਣਗੀਆਂ ਅਤੇ ਸਧਾਰਨ ਲੋਕਾਂ ਦੀ ਸੂਝ ਵੀ ਵਧੇਗੀ। ਇਸ ਲਈ ਤਰਕਸ਼ੀਲਾਂ ਨੂੰ ਚਾਹੀਦਾ ਹੈ ਕਿ ਉਹ ਸਾਧਾਰਨ ਲੋਕਾਂ ਦੀਆਂ ਅਜਿਹੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਵੱਧ ਤੋਂ ਵੱਧ ਯੋਗਦਾਨ ਦੇਣ।

*- ਰਾਜਾਰਾਮ ਹੰਡਿਆਇਆ*


**ਸੂਚਨਾ**

*ਸਾਲ 2003, 2004, 2005, 2006, 2007, 2008, 2009 ਅਤੇ 2010ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਵਧੀਆ ਜਿਲਦ ਦੇ ਵਿੱਚ ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 80 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 155 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 225 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 295 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 365 ਰੁਪਏ ਅਤੇ ਛੇ ਸਾਲਾਂ ਦੀਆਂ ਫਾਈਲਾਂ ਤੁਹਾਨੂੰ 435 ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।*

# ਸ਼ਨਾਖਤ

ਸ਼ਨਾਖਤ ਦਾ ਸੁਆਲ ਸਾਨੂੰ ਸਦਾ ਕੁਰੇਦਦਾ ਰਹਿੰਦਾ ਹੈ ਕਿ, "ਮੈਂ ਕੌਣ ਹਾਂ?" ਬਾਬਾ ਬੁੱਲ੍ਹੇ ਸ਼ਾਹ ਵੀ ਆਪਣੀ ਮਸਤੀ ਵਿੱਚ ਇਹ ਸੁਆਲ ਪੁੱਛਦਾ ਹੈ ਕਿ, "ਮੈਂ ਕੀ ਜਾਣਾਂ ਮੈਂ ਕੌਣ?" ਅਸੀਂ ਜਦ ਇਕ ਦੂਜੇ ਨਾਲ ਸੰਪਰਕ ਕਰਦੇ ਹਾਂ ਤਾਂ ਇਹ ਸੁਆਲ ਸਾਡਾ ਪਿੱਛਾ ਕਰਦਾ ਹੈ : ਇਹ ਕੌਣ ਹੈ? ਆਦਮੀ ਜਾਂ ਔਰਤ। ਇਸ ਤੋਂ ਬਾਦ ਅਸੀਂ ਦੇਖਦੇ ਹਾਂ ਕਿ ਇਹ ਕੱਦਦਾਰ ਹੈ ਜਾਂ ਛੋਟਾ ਮੱਧਰਾ ਹੈ ਜਾਂ ਦਰਮਿਆਨੇ ਦਰਜੇ ਦਾ ਹੈ। ਅੱਖਾਂ ਅਤੇ ਨੱਕ ਦਾ ਸਾਈਜ਼ ਵੀ ਸਾਡੇ ਦਿਮਾਗ 'ਚ ਫੋਟੋ ਬਣਾਉਂਦਾ ਹੈ। ਗੰਜ, ਵਾਲਾਂ ਦਾ ਰੰਗ, ਮੱਥੇ ਦੀ ਚੌੜਾਈ, ਠੋਡੀ ਅਤੇ ਮੂੰਹ ਦੇ ਚੌਖਟੇ ਦਾ ਸਾਈਜ਼ ਵੀ ਸਾਡਾ ਧਿਆਨ ਖਿੱਚਦਾ ਹੈ। ਗਰਦਨ, ਕੰਨ, ਬਾਹਾਂ, ਲੱਕ ਦਾ ਸਾਈਜ਼ ਅਤੇ ਢਿੱਡ ਲੱਤਾਂ ਵੀ ਅੱਖੋਂ ਪਰੋਖੇ ਨਹੀਂ ਹੁੰਦੀਆਂ। ਫਿਰ ਅਸੀਂ ਉਸ ਇਨਸਾਨ ਦਾ ਨਾਮ ਜਾਨਣਾ ਚਾਹੁੰਦੇ ਹਾਂ ਅਤੇ ਨਾਂ ਤੋਂ ਅੰਦਾਜ਼ਾ ਲਾਉਂਦੇ ਹਾਂ ਕਿ ਇਹ ਹਿੰਦੂ, ਸਿੱਖ, ਮੁਸਲਮਾਨ ਜਾਂ ਇਸਾਈ ਹੈ ਜਾਂ ਇਸ ਧਾਰਮਿਕ ਅਕੀਦੇ ਵਾਲੇ ਪਰਵਾਰ 'ਚ ਜੰਮਿਆ ਪਲਿਆ ਹੈ। ਸਾਡੀ ਜਾਨਣ ਦੀ ਰੁਚੀ ਹੋਰ ਵੱਧਦੀ ਹੈ ਅਤੇ ਉਸ ਇਨਸਾਨ ਦਾ ਪਿਛੋਕੜ ਜਾਨਣ ਦੀ ਮਨਸ਼ਾ ਹੋਰ ਧੂ ਪਾਉਂਦੀ ਹੈ, ਇਹ ਕਿਸ ਦੇਸ਼ ਦਾ ਹੈ ਅਤੇ ਕਿਹੜੇ ਪ੍ਰਾਂਤ ਦਾ ਪਤਾ ਲਾਇਆ ਜਾਂਦਾ, ਧੁਰ ਤੱਕ ਪਹੁੰਚਣ ਲਈ ਗਲੀ ਮੁਹੱਲੇ ਅਤੇ ਪੱਤੀਆਂ ਤੱਕ ਚਲੀ ਜਾਂਦੀ ਹੈ। ਭਾਰਤੀ ਸੰਦਰਭ 'ਚ ਗੱਲ ਜਾਤਾਂ ਪਾਤਾਂ ਤੱਕ ਜਾ ਅਪੜਦੀ ਹੈ। ਬਾਪ, ਬਾਬੇ ਤੱਕ ਹੀ ਗੱਲ ਖ਼ਤਮ ਨਹੀਂ ਹੋ ਜਾਂਦੀ, ਸਗੋਂ ਸੰਪਰਕ ਵਾਲੇ ਇਨਸਾਨ ਦੀ ਪੜ੍ਹਾਈ ਲਿਖਾਈ, ਨੌਕਰੀ, ਧਾਰਮਿਕ ਅਤੇ ਸਿਆਸੀ ਵਿਚਾਰ ਵੀ ਸ਼ਨਾਖਤ ਦਾ ਹਿੱਸਾ ਬਣ ਜਾਂਦੇ ਹਨ। ਇਸੇ ਕਰਕੇ ਅਸੀਂ ਆਪਣੇ ਨਾਮਾਂ ਨਾਲ ਪੜ੍ਹਾਈ ਦੀਆਂ ਡਿਗਰੀਆਂ ਲਾਉਂਦੇ ਹਾਂ।

ਗੋਤ ਜਾਂ ਤਖੱਲਸ ਲਾਉਂਦੇ ਹਾਂ ਅਤੇ ਕਈ ਵਾਰ ਸ਼ਹਿਰ ਦਾ ਨਾਮ ਵੀ। ਨੌਕਰੀ ਦਾ ਨਾਮ ਵੀ ਆਪਣੇ ਨਾਲ ਜੋੜਿਆ ਜਾਂਦਾ ਹੈ, ਜਿਵੇਂ ਪ੍ਰੋਫੈਸਰ, ਮਾਸਟਰ, ਮੈਨੇਜਰ, ਸੂਬੇਦਾਰ, ਨੰਬਰਦਾਰ, ਸਰਪੰਚ ਆਦਿ ਤਾਂ ਕਿ ਇੱਕ ਵੱਖਰੀ ਸ਼ਨਾਖਤ ਬਣ ਸਕੇ। ਕਈ ਲੋਕ ਆਪਣੇ ਨਾਂ ਨਾਲ ਲਾਲਾ, ਸਰਦਾਰ, ਚੌਧਰੀ ਅਤੇ ਕੰਵਰ ਆਦਿ ਲਾਉਂਦੇ ਹਨ। ਮਿਲੀਆਂ ਉਪਾਧੀਆਂ ਵੀ ਕਈ ਲੋਕ ਆਪਣੇ ਨਾਮਾਂ ਨਾਲ ਜੋੜਦੇ ਹਨ ਜਿਵੇਂ ਐਮ. ਬੀ. ਈ. ਯਾਨੀ ਮੈਂਬਰ ਔਫ ਬ੍ਰਿਟਸ਼ ਐਮਪਾਇਰ। ਇਸ ਗੱਲ ਨੂੰ ਕਈ ਹੁੱਬ ਕੇ ਵੀ ਦੱਸਦੇ ਹਨ ਕਿ ਮੈਨੂੰ "ਸਰ" ਦਾ ਖ਼ਿਤਾਬ ਮਿਲਿਆ ਹੈ ਜਾਂ ਐਮ. ਬੀ. ਈ. ਜਾਂ ਸੀ. ਬੀ. ਈ. (ਕਮਾਂਡਰ ਔਫ ਬ੍ਰਿਟਸ਼ ਐਮਪਾਇਰ) ਮਿਲੀ ਹੈ ਭਾਵੇਂ ਕਿ ਸਾਰੀ ਉਮਰ ਉਹਨਾਂ ਐਮਪਾਇਰ ਦੀ ਧਾਰਨਾ ਦੇ ਖ਼ਿਲਾਫ ਲੜਾਈ ਦਾ ਢਕੌਂਚ ਰਚਿਆ ਹੋਵੇ। ਪਰ ਦੂਜੇ ਪਾਸੇ ਦਿਲ ਗੁਰਦੇ ਵਾਲੇ ਕੁੱਝ ਐਹੋ



ਜਿਹੇ ਵੀ ਲੋਕ ਹੁੰਦੇ ਹਨ ਕਿ ਅਗਰ ਉਹਨਾਂ ਨੂੰ ਇਹ ਉਪਾਧੀਆਂ ਪੇਸ਼ ਕੀਤੀਆਂ ਜਾਣ ਤਾਂ ਉਹ ਇਹਨਾਂ ਨੂੰ ਆਪਣੀ ਸੋਚ ਤੇ ਪਹਿਰਾ ਦੇਣ ਲਈ ਠੁਕਰਾ ਦਿੰਦੇ ਹਨ ਕਿ ਇਹਦਾ ਮੁੱਢ ਹੀ ਗਲਤ ਹੈ। ਸਾਡੀ ਸ਼ਨਾਖਤ ਥਾਂ ਪਰ ਥਾਂ ਬਦਲਦੀ ਰਹਿੰਦੀ ਹੈ ਜਿਵੇਂ ਬਰਤਾਨੀਆਂ 'ਚ ਰਹਿੰਦਿਆਂ ਮੈਨੂੰ ਏਸ਼ੀਅਨ ਕਿਹਾ ਜਾਂਦਾ, ਫਿਰ ਅਗਾਂਹ ਇਹਨੂੰ 'ਇੰਡੀਅਨ' ਵਿੱਚ ਤਬਦੀਲ ਕਰਕੇ 'ਬ੍ਰਿਟਿਸ਼ ਇੰਡੀਅਨ' ਕਹਿ ਦਿੱਤਾ ਜਾਂਦਾ ਹੈ ਕਿਉਂਕਿ ਨਾਗਰਿਕਤਾ 'ਬਰਤਾਨਵੀ' ਹੈ। ਮੇਰੇ ਨਾਮ ਨੂੰ ਦੇਖ ਕੇ ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਇਹ ਹਿੰਦੂ ਪਰਿਵਾਰ ਨੂੰ ਸਬੰਧ ਰੱਖਦਾ ਹੈ। ਫਿਰ ਇਹ ਦੇਖਿਆ ਜਾਂਦਾ ਕਿ ਇਹ ਗੁਜਰਾਤੀ ਹਿੰਦੂ ਹੈ ਜਾਂ ਪੰਜਾਬੀ ਹਿੰਦੂ ਹੈ, ਕਿਉਂਕਿ ਜ਼ਿਆਦਾ ਹਿੰਦੂ ਭਾਰਤੀ, ਬਰਤਾਨੀਆਂ 'ਚ ਰਹਿਣ ਵਾਲੇ, ਜਾਂ ਤਾਂ ਗੁਜਰਾਤੀ ਹਨ ਅਤੇ ਜਾਂ ਪੰਜਾਬੀ। ਮੇਰੇ ਕੰਮ ਤੇ ਜਾਨਣ ਵਾਲੇ ਮੈਨੂੰ ਇਕ ਏਸ਼ੀਅਨ ਦੇ ਤੌਰ ਤੇ ਜਾਣਦੇ ਹਨ ਪਰ ਨਫ਼ਰਤ ਕਰਨ ਵਾਲੇ ਗੋਰੇ ਹਿਕਾਰਤ ਨਾਲ ਏਸ਼ੀਅਨਾਂ ਨੂੰ "ਪਾਕੀ" ਕਹਿੰਦੇ ਹਨ ਜੋ ਕਿ ਇਕ ਗਾਲ੍ਹ ਸਮਝੀ ਜਾਂਦੀ ਹੈ। ਜਿਨ੍ਹਾਂ ਨੂੰ ਮੇਰੇ ਵਿਚਾਰਾਂ ਦਾ ਪਤਾ ਹੈ, ਉਹ ਮੈਨੂੰ ਹਿਉਮਨਿਸਟ ਅਤੇ ਰੈਸ਼ਨੇਲਿਸਟ ਕਹਿੰਦੇ ਹਨ। ਮੇਰੀਆਂ ਖਾਣ ਦੀਆਂ ਆਦਤਾਂ ਤੋਂ ਮੈਨੂੰ ਸ਼ਾਕਾਹਾਰੀ ਦੇ ਤੌਰ ਤੇ ਜਾਣਦੇ ਹਨ। ਸੋ ਸਾਡੇ ਖਾਣ ਪੀਣ ਦੀਆਂ ਆਦਤਾਂ ਵੀ ਸਾਡੀ ਸ਼ਨਾਖਤ ਨੂੰ ਪ੍ਰਭਾਵਤ ਕਰਦੀਆਂ ਹਨ। ਇਸੇ ਕਰਕੇ ਅਸੀਂ ਕਈ ਲੋਕਾਂ ਨੂੰ ਸ਼ਰਾਬੀ, ਕਬਾਬੀ, ਅਫੀਮਚੀ, ਡੋਡਈ ਅਤੇ ਡਰੱਗੀ ਵੀ ਕਹਿ ਦਿੰਦੇ ਹਾਂ। ਜਿਸਦਾ ਵਿਆਹ ਨਾ ਹੋਇਆ ਹੋਵੇ, ਉਹਨੂੰ ਛੜਾ ਅਤੇ ਫਿਰ ਕਈ ਵਾਰ ਸਾਰੇ ਟੱਬਰ ਦੀ ਈ ਅੱਲ ਪੈ ਜਾਂਦੀ ਹੈ ਕਿ "ਛੜਿਆਂ" ਦਾ ਘਰ ਹੈ। ਭਾਂਵੇਂ ਉਸ ਘਰ ਵਿੱਚ ਹੋਰ ਭਰਾ ਵਿਆਹੇ ਵੀ ਹੋਣ। ਸ਼ਨਾਖਤ ਬਦਲਣ ਦੇ ਢੰਗ ਦੇਖੋ, ਘਰ ਵਿੱਚ ਮੈਂ ਇਕ ਪਿਤਾ, ਪਤੀ, ਭਰਾ, ਚਾਚਾ, ਤਾਇਆ ਕਰਕੇ ਜਾਣਿਆ ਜਾਂਦਾ। ਸਾਡੀ ਸ਼ਨਾਖਤ ਅਤੇ ਰਿਸ਼ਤੇ ਥਾਂ ਪਰ ਥਾਂ ਬਦਲ ਜਾਂਦੇ ਹਨ। ਏਸ਼ੀਅਨ ਭਾਈਚਾਰੇ ਵਿੱਚ ਗੱਲ ਅਗਾਂਹ ਜਾਤ ਪਾਤ, ਪਿੰਡ, ਜ਼ਿਲ੍ਹਾ, ਪ੍ਰਾਂਤ ਤੱਕ ਜਾ ਅਪੜਦੀ ਹੈ। ਫਿਰ ਇਥੇ ਬਰਤਾਨੀਆਂ ਵਿੱਚ ਵੀ ਕਿ "ਪੰਜਾਬੀ" ਐਹੋ ਜਿਹੇ ਹੁੰਦੇ ਹਨ" ਜਾਂ "ਦੁਆਬੀਏ ਇਸ ਤਰ੍ਹਾਂ ਕਰਦੇ ਹਨ" ਇਸ ਤੋਂ ਵੀ ਅਗਾਂਹ ਚਲੀ ਜਾਂਦੀ ਹੈ ਜਦ ਜਾਤਾਂ ਪਾਤਾਂ ਨੂੰ ਨਾਲ ਜੋੜ ਦਿੱਤਾ ਜਾਂਦਾ ਹੈ ਕਿ "ਜੱਟ ਇੰਦਾਂ ਈ ਕਰਦੇ ਹੁੰਦੇ ਆ" ਅਤੇ "ਲਾਲੇ ਇਸ ਤਰ੍ਹਾਂ।" ਇਹ ਸਭ ਜੋੜ ਤੋੜ ਸਾਡੀ ਸ਼ਨਾਖਤ ਨਾਲ ਗੱਠੇ ਜਾਂਦੇ ਹਨ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 07763013424

ਮੇਰੇ ਧਾਰਮਿਕ ਅਤੇ ਸਿਆਸੀ ਵਿਚਾਰ ਮੈਨੂੰ ਸ਼ਨਾਖਤ ਦੀ ਇਕ ਹੋਰ ਲੜੀ ਨਾਲ ਜੋੜ ਦਿੰਦੇ ਹਨ ਅਤੇ ਮੇਰੇ ਵਿਚਾਰਾਂ ਵਾਲੇ ਗਰੁੱਪਾਂ ਨਾਲ ਨੱਥੀ ਕਰ ਦਿੰਦੇ ਹਨ। ਸ਼ਨਾਖਤ ਨੂੰ ਅਸੀਂ ਪਿੰਡਾਂ, ਸ਼ਹਿਰਾਂ ਅਤੇ ਫਿਰ ਵੱਡੇ ਪਿੰਡਾਂ, ਛੋਟੇ

ਪਿੰਡਾਂ ਅਤੇ ਮਹਾਂਨਗਰਾਂ ਨਾਲ ਜੋੜ ਦਿੰਦੇ ਹਾਂ ਅਤੇ ਕਈਆਂ ਨੂੰ ਇਸ ਗੱਲ ਦਾ ਗੁਮਾਨ ਹੋ ਜਾਂਦਾ ਕਿ ਉਹ ਦਿੱਲੀ, ਚੰਡੀਗੜ੍ਹ ਜਾਂ ਮੁੰਬਈ ਸ਼ਹਿਰ ਤੋਂ ਹੈ ਅਤੇ ਇਸੇ ਕਰਕੇ ਇਹ ਰੁਤਬਾ ਬਣ ਗਿਆ ਹੈ, ਜਿਵੇਂ ਕਈ ਵਲੈਤੀਏ, ਭਾਰਤ ’ਚ ਜਾ ਕੇ ਵਲੈਤ ਰਹਿਣ ਨੂੰ ਕੁਆਲੀਫੇਸ਼ਨ ਜਾਂ ਰੁਤਬਾ ਦੇਣ ਤੱਕ ਦਾ ਯਤਨ ਕਰਦੇ ਹਨ। ਇਹ ਗੱਲ ਵੱਖਰੀ ਹੈ ਕਿ ਉਹਨਾਂ ਦੇ ਵਿਚਾਰ ਅਤੇ ਰਹਿਣੀ ਸਹਿਣੀ ਭਾਵੇਂ ਪਿਛਾਂਹ-ਖਿੱਚੂ ਅਤੇ ਰੂੜਵਾਦੀ ਹੋਵੇ।

ਆਪਣੇ ਪਰਿਵਾਰ ਦਾ ਦੂਰ ਤੱਕ ਪਿਛੋਕੜ ਜਾਨਣਾਂ ਵੀ ਇਸ ਗੱਲ ਨਾਲ, ਹੀ ਸਬੰਧਤ ਹੈ ਕਿ ਅਸੀਂ ਹਾਂ ਕੌਣ? ਅਤੇ ਸਾਡੇ ਵੱਡੇ ਵਡੇਰੇ ਕਿੱਥੋਂ ਆਏ? ਅਤੇ ਕੌਣ ਸਨ? ਤਾਂ ਕਿ ਅਸੀਂ ਜਾਣ ਸਕੀਏ ਕਿ ਸਾਡੀ ਸ਼ਨਾਖਤ ਦੀਆਂ ਜੜ੍ਹਾਂ ਕਿੱਥੋਂ ਸ਼ੁਰੂ ਹੋਈਆਂ। ਇਹ ਹੀ ਕਾਰਨ ਹੈ ਕਿ ਅਸੀਂ ਤਵਾਰੀਖ ਵਿਚਲੇ ਨਾਇਕਾਂ ਨੂੰ ਲੱਭਦੇ, ਫਰੋਲਦੇ ਹਾਂ ਕਿ ਉਹ ਕਿਨ੍ਹਾਂ ਵਿੱਚੋਂ ਸੀ? ਫਿਰ ਪਤਾ ਲੱਗਣ ਤੋਂ ਬਾਦ ਆਪਣੀ ਮਹਾਨਤਾ ਦੱਸਣ ਲਈ ਉਸ ਨੂੰ ਧਾਰਮਿਕ, ਸਮਾਜਿਕ ਜਾਂ ਸਿਆਸੀ ਨਾਇਕ ਨਾਲ ਜੋੜ ਕੇ ਹੁੱਬ ਕੇ ਦੱਸਦੇ ਹਾਂ।

ਸ਼ਾਇਦ ਇਹ ਹੀ ਕਾਰਨ ਹੋਵੇ ਕਿ ਅਸੀਂ ਉਹਨਾਂ ਨਾਇਕਾਂ ਦੇ ਵਧਾ ਚੜ੍ਹਾ ਕੇ ਗੁੱਛੇ ਬੰਨਦੇ ਹਾਂ। ਖ਼ਾਸ ਕਰਕੇ ਇਹ ਗੱਲ ਧਾਰਮਿਕ ਅਦਾਰਿਆਂ ਵਿੱਚ ਦੇਖਣ ਨੂੰ ਜ਼ਿਆਦਾ ਮਿਲਦੀ ਹੈ ਅਤੇ ਇਹ ਧਾਰਮਿਕ ਅਦਾਰੇ ਦੁਨੀਆਂ ਦੇ ਭਾਵੇਂ ਕਿਸੇ ਖਿੱਤੇ ਵਿੱਚ ਵੀ ਹੋਣ। ਆਪਣੀ ਸ਼ਨਾਖਤ ਨੂੰ ਕਾਇਮ ਰੱਖਣ ਲਈ ਕਈ ਵਾਰ ਅਸੀਂ ਆਪਣੇ ਨਾਇਕਾਂ ਅਤੇ ਹੀਰੋਆਂ ਦਾ ਆਸਰਾ ਲੈਂਦੇ ਹਾਂ ਕਿ, “ਮੈਨੂੰ ਕਿਤੇ ਲੱਲੂ ਪੰਜੂ ਈ ਨਾ ਸਮਝੀ”। ਪੈਸੇ ਧੇਲੇ ਦੀ ਨਰੋਈ ਗਲਤ ਹੋਣ ਤੇ ਅਸੀਂ ਉਹਨਾਂ ਨਾਇਕਾਂ ਦੇ ਬੈਂਤ ਅਤੇ ਯਾਦਗਾਰੀ ਥਾਂ ਸਥਾਪਤ ਕਰਦੇ ਹਾਂ ਅਤੇ ਸ਼ਨਾਖਤ ਨੂੰ ਕਾਇਮ ਰੱਖਦਿਆਂ ਉਹਨਾਂ ਦੇ ਤਿੱਥ ਤਿਉਹਾਰ ਮਨਾਉਂਦੇ ਹਾਂ।

ਕਈ ਵਾਰ ਅਸੀਂ ਮੁਫ਼ਤ ’ਚ ਹੀ ਆਪਣੀ ਸ਼ਨਾਖਤ ਕਿਸੇ ਨਾਇਕ ਨਾਲ ਜੋੜ ਕੇ ਵਡੱਪਣ ਦਿਖਾਉਣ ਦੀ ਕੋਸ਼ਿਸ਼ ਕਰਦੇ ਹਾਂ। ਉਦਾਹਰਣ ਦੇ ਤੌਰ ’ਤੇ ਸ਼ਹੀਦ ਭਗਤ ਸਿੰਘ ਅਤੇ ਉਹਦੇ ਪਰਿਵਾਰ ਨੇ ਕਦੇ ਆਪਣੇ ਨਾਮ ਨਾਲ ਜੱਟਾਂ ਦਾ ਗੋਤ ਸੰਧੂ ਨਹੀਂ ਸੀ ਲਾਇਆ ਪਰ ਮੈਂ ਕਈ ਲੋਕਾਂ ਨੂੰ ਇਸੇ ਕਰਕੇ ਸਰੋਪੇ ਲੈਂਦੇ ਦੇਖਿਆ ਕਿ ਉਹਨਾਂ ਦਾ ਗੋਤ ਸੰਧੂ ਸੀ ਅਤੇ ਉਹਨਾਂ ਸ਼ਹੀਦੇ ਆਜ਼ਮ ਭਗਤ ਸਿੰਘ ਨਾਲ ਸ਼ਨਾਖਤ ਜੋੜ ਲਈ ਸੀ। ਇਸੇ ਤਰ੍ਹਾਂ ਹੀ ਮੈਂ ਕਈ ਖੱਤਰੀਆਂ ਨੂੰ ਵੀ ਹੁੱਬਦੇ ਦੇਖਿਆ ਕਿ ਸਾਰੇ ਗੁਰੂ ਖੱਤਰੀਆਂ ਵਿੱਚੋਂ ਸਨ ਅਤੇ ਪੰਜਾਂ ਪਿਆਰਿਆਂ ਵਿੱਚੋਂ ਪਹਿਲਾਂ ਉਠਿਆ ਦਯਾ ਰਾਮ ਵੀ ਖੱਤਰੀ ਸੀ ਭਾਵੇਂ ਇਹਨਾਂ ਦੀ ਸੋਚਣੀ ਗੁਰੂਆਂ ਦੀ ਸਿੱਖਿਆ ਨਾਲ ਕਿਤੇ ਵੀ ਮੇਲ ਨਾ ਖਾਂਦੀ ਹੋਵੇ।

ਇਸੇ ਕਰਕੇ ਇਹ ਸ਼ਨਾਖਤਾਂ ਦੇ ਝਮੇਲੇ ਸਾਡੇ ਵਿੱਚ ਵਧੀਆ ਘਟੀਆ ਦੇ ਬੀਜ ਪੈਦਾ ਕਰਕੇ ਹਨ। ਕਈ ਤਰ੍ਹਾਂ ਦੀਆਂ ਨਫ਼ਰਤਾਂ ਅਤੇ ਵਿਤਕਰੇ ਨੂੰ ਜਨਮ ਦਿੰਦੇ ਹਨ। ਰੰਗ, ਨਸਲ, ਧਰਮ, ਜਾਤ, ਕੌਮ ਆਦਿ ਦੇ ਨਾਂ ਤੇ ਵੰਡੀਆਂ ਵੀ ਇਸੇ ਕਰਕੇ ਪੈਂਦੀਆਂ ਹਨ ਕਿ ਇਹ ਸ਼ਨਾਖਤ ਨਾਲ ਸਬੰਧਤ ਹਨ।

ਚਾਰਲਿਸ ਡਾਰਵਿਨ ਦੇ ਸਿਧਾਂਤ “Origin of Species” ਓਰਿਜ਼ਨ ਔਫ ਸਪੀਸ਼ਜ਼, ਮੁਤਾਬਕ ਅਸੀਂ ਇੱਕ ਜੀਵ ਤੋਂ ਉਤਪੰਨ ਹੋਏ ਸਾਂ ਅਤੇ ਇਨਸਾਨੀ ਜਾਮੇ ਵਿੱਚ ਆਉਣ ਦਾ ਮੁੱਢ ਸਾਇੰਸਦਾਨਾਂ ਦੀਆਂ ਖੋਜਾਂ ਮੁਤਾਬਕ ਅਫਰੀਕਾ ਨੂੰ ਮੰਨਿਆ ਜਾਂਦਾ ਹੈ। ਅਗਰ ਇਹ ਹੀ ਸੱਚ ਹੈ ਤਾਂ ਫਿਰ ਸ਼ਨਾਖਤਾਂ ਦਾ ਇਨ੍ਹਾਂ ਪੇਚੀਦਾ ਘਚੋਲਾ ਕਿਉਂ? ਕੀ ਇਸ ਗਲ ਨਾਲ ਈ ਤੱਥ, ਨਿਤਰ ਨਹੀਂ ਜਾਂਦਾ ਕਿ ਅਸੀਂ ਇਕ ਇਨਸਾਨ ਹਾਂ ਅਤੇ ਜੀਵ ਜੰਤੂ, ਕੀੜੇ ਮਕੌੜੇ, ਜਾਨਵਰ ਅਤੇ ਪੰਛੀ ਵੀ ਸਾਡੇ ਸਬੰਧੀ ਹਨ?

ਇਹ ਹਜ਼ਾਰਾਂ, ਕਰੋੜਾਂ ਵਰ੍ਹਿਆਂ ਦੇ ਬਾਅਦ ਅਸੀਂ ਆਪਸ ਵਿੱਚ ਵੰਡੀਆਂ ਪਾ ਕੇ ਨਫ਼ਰਤਾਂ ਸਹੇੜ ਲਈਆਂ ਹਨ ਅਤੇ ਇਹ ਨਫ਼ਰਤਾਂ ਅਤੇ ਨਾਂ ਬਰਾਬਰੀਆਂ ਸਾਡੀ ਜਾਨ ਦਾ ਖੋਅ ਬਣ ਗਈਆਂ ਹਨ। ਕੀ ਇਕ ਇਨਸਾਨ ਬਣੇ ਰਹਿਣਾ ਹੀ ਵੱਡੀ ਪ੍ਰਾਪਤੀ ਅਤੇ ਸਾਡੀ ਸ਼ਨਾਖਤ ਲਈ ਕਾਫ਼ੀ ਨਹੀਂ?


ਗਿਆਨ ਦਾ ਖ਼ਜ਼ਾਨਾ **ਵਿਗਿਆਨ ਜੋਤ**

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/- ✪ ਉਮਰ ਭਰ (15 ਸਾਲ ਲਈ) 1000/-



ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ ‘ਵਿਗਿਆਨ ਜੋਤ’ ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 ’ਤੇ ਸੰਪਰਕ ਕਰੋ।

ਪਤਾ: ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101

Email : tarksheel@yahoo.com Web site : www.tarksheel.com

# ਬੱਚਿਆਂ ਨੂੰ ਤਰਕ ਕਰਨਾ ਸਿਖਾਉ ਅੰਧਵਿਸ਼ਵਾਸੀ ਨਾ ਬਣਾਓ



ਬੱਚੇ ਆਪਣੇ ਘਰ ਦੇ ਮਾਹੌਲ ਤੋਂ ਹੀ ਚੰਗੇ ਬੁਰੇ ਪ੍ਰਭਾਵ ਲੈਂਦੇ ਹਨ। ਮਾਪਿਆਂ ਦਾ ਕਰਤੱਵ ਹੈ ਕਿ ਉਨ੍ਹਾਂ ਨੂੰ ਬਚਪਨ ਤੋਂ ਹੀ ਹਰ ਜਗਿਆਸਾ ਦਾ ਜਵਾਬ ਵਿਗਿਆਨਕ ਆਧਾਰ ਉੱਤੇ ਦੇਣ।

ਮਹੇਸ਼ ਘਰ ਤੋਂ ਖਰੀਦਦਾਰੀ ਦੇ ਲਈ ਨਿਕਲ ਰਿਹਾ ਸੀ ਕਿ ਅਚਾਨਕ ਉਸਦੀ ਪਤਨੀ ਨੇ ਉਸਨੂੰ ਆਵਾਜ਼ ਦੇਂਦੇ ਹੋਏ ਰੋਕਿਆ। ਇਸ ਉੱਤੇ ਮਹੇਸ਼ ਪਤਨੀ ਉੱਤੇ ਟੁੱਟ ਪਿਆ ਕਿ ਘਰ ਤੋਂ ਕਿਸੇ ਕੰਮ ਦੇ ਲਈ ਨਿਕਲਦੇ ਸਮੇਂ ਪਿੱਛੇ ਤੋਂ ਰੋਕਣਾ ਭੈੜਾ ਸ਼ਗਨ ਹੁੰਦਾ ਹੈ। ਉਸਨੂੰ ਇਸ ਗੱਲ ਦਾ ਅੰਧਵਿਸ਼ਵਾਸ ਸੀ ਕਿ ਹੁਣ ਉਸਦਾ ਕੰਮ ਨਹੀਂ ਬਣੇਗਾ। ਉਨ੍ਹਾਂ ਦਾ ਪੁੱਤਰ ਰਿੰਕੂ ਇਹ ਸਭ ਕੁੱਝ ਦੇਖ ਰਿਹਾ ਸੀ, ਜਿਸ ਤੋਂ ਉਸਦੇ ਮਨ ਵਿੱਚ ਇਹ ਗੱਲ ਬੈਠ ਗਈ। ਕੁੱਝ ਦਿਨਾਂ ਬਾਦ ਇਮਤਿਹਾਨ ਦੇ ਲਈ ਘਰ ਤੋਂ ਜਾਂਦੇ ਸਮੇਂ ਰਿੰਕੂ ਦੀ ਭੈਣ ਨੇ ਉਸਨੂੰ ਆਵਾਜ਼ ਲਗਾ ਕੇ ਰੁਕਣ ਦੇ ਲਈ ਕਿਹਾ ਅਤੇ ਮੌਕਾਮੇਲ ਨਾਲ ਉਸ ਦਿਨ ਉਸ ਦਾ ਇਮਤਿਹਾਨ ਚੰਗਾ ਨਹੀਂ ਹੋਇਆ। ਕਾਰਣ ਭਾਵੇਂ ਕੁੱਝ ਵੀ ਰਿਹਾ ਹੋਵੇ, ਪਰ ਇਸ ਦਾ ਦੋਸ਼ ਉਹ ਆਪਣੀ ਭੈਣ ਉੱਤੇ ਪਾਉਣ ਲੱਗਾ ਕਿ ਉਸ ਨੇ ਟੋਕਿਆ ਸੀ, ਇਸ ਲਈ ਉਹ ਸਫ਼ਲ ਨਹੀਂ ਹੋਇਆ। ਇਹ ਕਿੱਥੋਂ ਦੀ ਅਕਲਮੰਦੀ ਹੈ? ਇਹ ਕੋਰਾ ਅੰਧਵਿਸ਼ਵਾਸ ਹੈ, ਜਿਸਨੂੰ ਬੱਚੇ ਨੇ ਆਪਣੇ ਪਰਿਵਾਰ ਤੋਂ ਸਿੱਖ ਲਿਆ ਅਤੇ ਉਸ ਉੱਤੇ ਅਮਲ ਕਰਨ ਲੱਗਾ। ਬੇਮਤਲਬ ਦੇ ਬਹੁਤ ਸਾਰੇ ਅੰਧਵਿਸ਼ਵਾਸ ਸਾਡੇ ਪਰਿਵਾਰਾਂ ਵਿੱਚ ਦੇਖਣ ਨੂੰ ਮਿਲਦੇ ਹਨ, ਜਿਨ੍ਹਾਂ ਦਾ ਕੋਈ ਆਧਾਰ ਨਹੀਂ ਹੁੰਦਾ ਹੈ। ਇਕ ਖੋਜ ਵਿੱਚ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਲਗਭਗ 7 ਸਾਲ ਤੱਕ ਬੱਚੇ ਦਾ ਦਿਮਾਗ ਕਾਫ਼ੀ ਤੇਜ਼ ਦੌੜਦਾ ਹੈ। ਉਸ ਨੂੰ ਜਿਹੜਾ ਦੱਸਿਆ ਜਾਵੇਗਾ, ਉਹ ਬਹੁਤ ਚੰਗੀ ਤਰ੍ਹਾਂ ਸਿੱਖਦਾ ਹੈ।

ਅੰਧਵਿਸ਼ਵਾਸ ਜਦੋਂ ਹੱਦ ਤੋਂ ਬਹੁਤਾ ਵੱਧ ਜਾਵੇ ਤਾਂ ਕਾਫ਼ੀ ਖ਼ਤਰਨਾਕ ਸਿੱਧ ਹੁੰਦਾ ਹੈ। ਚਾਈਲਡ ਸਾਈਕੋਲੋਜਿਸਟ ਡਾਕਟਰ ਕੋਮਲ ਜੈਨ ਜੀ ਦੱਸਦੀ ਹੈ ਕਿ ਕਈ ਵਾਰ ਬੱਚਾ ਜੇਕਰ ਪਹਿਲਾਂ ਪੜ੍ਹਾਈ ਵਿੱਚ ਚੰਗਾ ਹੋਵੇ ਅਤੇ ਹੌਲੀ-ਹੌਲੀ ਖਰਾਬ ਹੋਣ ਲੱਗੇ ਜਾਂ ਚੁੱਪ ਰਹਿਣ ਲੱਗੇ ਤਾਂ ਮਾਤਾ ਪਿਤਾ ਸੋਚਣ ਲੱਗਦੇ ਹਨ ਕਿ ਉਨ੍ਹਾਂ ਦੇ ਬੱਚੇ ਉੱਤੇ ਕਿਸੇ ਨੇ ਜਾਦੂ ਟੂਣਾ ਕਰ ਦਿੱਤਾ ਹੈ ਜਾਂ ਉਸਨੂੰ ਨਜ਼ਰ ਲੱਗ ਗਈ ਹੈ। ਇਸਦਾ ਉਪਾਅ ਕਰਨ ਦੇ ਲਈ ਉਹ ਬਾਬਿਆਂ ਅਤੇ ਤਾਂਤਰਿਕਾ ਦੇ ਚੱਕਰ ਵਿੱਚ ਪੈ ਕੇ ਬੱਚੇ ਦੀ ਜ਼ਿੰਦਗੀ ਬਰਬਾਦ ਕਰ ਦੇਂਦੇ ਹਨ, ਜਿਸ ਤੋਂ ਉਹ ਕਦੇ ਨਿਕਲ ਨਹੀਂ ਸਕਦਾ ਅਤੇ ਮਾਨਸਿਕ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ।

**ਬੱਚਿਆਂ ਨੂੰ ਤੱਤ-ਗਿਆਨੀ ਬਣਾਓ:**

* ਪਰਿਵਾਰ ਦਾ ਮਾਹੌਲ ਜਿਹੋ ਜਿਹਾ ਹੋਵੇਗਾ ਬੱਚਾ ਉਵੇਂ ਹੀ ਬਣੇਗਾ। ਇਸ ਲਈ ਪਹਿਲਾਂ ਮਾਤਾ ਪਿਤਾ ਨੂੰ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਬਚਪਨ ਵਿੱਚ ਹੀ ਅੰਧਵਿਸ਼ਵਾਸ ਦੇ ਬੀਜ ਬੀਜੇ ਗਏ ਤਾਂ ਉਹ ਵੱਡੇ ਹੋ ਕੇ ਆਪਣੇ ਫੈਸਲੇ ਠੀਕ ਤਰ੍ਹਾਂ ਨਹੀਂ ਲੈ ਸਕਦੇ।

* ਚੀਜ਼ਾਂ ਦੇ ਬਾਰੇ ਵਿੱਚ ਵਿਗਿਆਨਕ ਢੰਗ ਨਾਲ ਸੋਚਣਾ ਸਿਖਾਓ ਤਾਂ ਜੋ ਬੱਚੇ ਮੁਢਲੇ ਅੰਧਵਿਸ਼ਵਾਸਾਂ ਉੱਤੇ ਤਰਕ ਕਰਨ। ਜਿਵੇਂ ਦੁੱਧ ਦਾ ਉੱਬਲ ਕੇ ਗਿਰਨਾ ਭੈੜਾ ਸ਼ਗਨ ਮੰਨਿਆ ਜਾਂਦਾ ਹੈ, ਜਿਹੜਾ ਇਕ ਅੰਧਵਿਸ਼ਵਾਸ ਹੈ। ਇਸਦਾ ਤਰਕ ਇਹ ਹੈ ਕਿ ਦੁੱਧ ਬਹੁਤ ਕੀਮਤੀ ਚੀਜ਼ ਹੈ ਅਤੇ ਉਸਦੇ ਨਸ਼ਟ ਹੋਣ ਨਾਲ ਧਨ ਦਾ ਨੁਕਸਾਨ ਹੁੰਦਾ ਹੈ।

* ਤੇਜ਼ ਜ਼ਿੰਦਗੀ ਦੇ ਕਾਰਨ ਸਮੇਂ ਦੀ ਘਾਟ ਦੇ ਕਾਰਨ ਕਰਕੇ ਮਾਤਾ-ਪਿਤਾ ਬੱਚਿਆਂ ਨੂੰ ਰੁਝੇਵੇਂ ਵਿੱਚ ਰੱਖਣ ਦੇ ਲਈ ਟੈਲੀਵਿਜ਼ਨ ਦੇਖਣ ਵੱਲ ਉਤਸ਼ਾਹਿਤ ਕਰ ਦੇਂਦੇ ਹਨ ਤਾਂ ਜੋ ਉਨ੍ਹਾਂ ਨੂੰ ਪ੍ਰੇਸ਼ਾਨ/ਤੰਗ ਨਾ ਕਰਨ, ਜਿਸ ਦੇ ਕਾਰਨ ਅੰਧਵਿਸ਼ਵਾਸ ਜਾਂ ਡਰਾਉਣੇ ਸੀਰੀਅਲਾਂ ਦਾ ਅਸਰ ਉਨ੍ਹਾਂ ਦੀ ਜ਼ਿੰਦਗੀ ਉੱਤੇ ਪੈ ਸਕਦਾ ਹੈ। ਬੱਚਾ ਜੋ ਦੇਖਦਾ ਹੈ ਉਸ ਉੱਤੇ ਵਿਸ਼ਵਾਸ ਕਰਨ ਲੱਗਦਾ ਹੈ। ਇਸ ਲਈ ਟੈਲੀਵਿਜ਼ਨ ਉੱਤੇ ਉਹ ਕੀ ਦੇਖ ਰਿਹਾ ਹੈ? ਮਾਤਾ ਪਿਤਾ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ।

ਅੰਧਵਿਸ਼ਵਾਸਾਂ ਵਿੱਚ ਜਕੜੇ ਲੋਕ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਬੇੜੀਆਂ ਆਪ ਪਾਉਂਦੇ ਹਨ। ਉਨ੍ਹਾਂ ਵਿੱਚ ਅੰਧਵਿਸ਼ਵਾਸ ਦੀ ਕਮੀ ਆਉਂਦੀ ਹੈ, ਕਿਉਂਕਿ ਉਹ ਆਪਣੀ ਸਫ਼ਲਤਾ ਜਾਂ ਅਸਫਲਤਾ ਦਾ ਜੱਸ ਕਿਸੇ ਦਿਨ, ਕਿਸੇ ਚੀਜ਼ ਜਾਂ ਅਜਿਹੀਆਂ ਗੱਲਾਂ ਪਾਉਂਦੇ ਹਨ, ਜਿਨ੍ਹਾਂ ਦਾ ਕੋਈ ਅਧਾਰ ਨਹੀਂ ਹੁੰਦਾ ਅਤੇ ਇਸ ਦਾ ਠੀਕ ਕਾਰਨ ਲੱਭਣ ਦੀ ਕੋਸ਼ਿਸ਼ ਨਹੀਂ ਕਰਦੇ, ਜਦਕਿ ਜਿਹੜੇ ਤਰਕ ਦੇ ਆਧਾਰ ਉੱਤੇ ਆਪਣੀ ਜ਼ਿੰਦਗੀ ਦੇ ਫ਼ੈਸਲੇ ਲੈਂਦੇ ਹਨ, ਉਹ ਹਮੇਸ਼ਾ ਅੱਗੇ ਵੱਧਦੇ ਹਨ ਅਤੇ ਆਰਾਮ ਮਹਿਸੂਸ ਕਰਦੇ ਹਨ।

**ਬੱਚੇ ਆਤਮਵਿਸ਼ਵਾਸ ਖੋ ਦੇਂਦੇ ਹਨ** : ਮਨੋਵਿਗਿਆਨਕ ਕੋਮਲ ਜੈਨ ਜੀ ਨੇ 'ਚਾਈਲਡ ਸਾਈਕੋਲੋਜੀ' ਵਿੱਚ ਡਾਕਟਰੇਟ ਪ੍ਰਾਪਤ ਕੀਤਾ ਹੈ। ਉਹ ਦਿੱਲੀ ਦੇ ਸਿਵਲ ਲਾਈਨਸ ਸਥਿਤ ਪਰਮਾਨੰਦ ਹਸਪਤਾਲ ਵਿੱਚ ਚਾਈਲਡ ਸਾਈਕੋਲੋਜਿਸਟ ਕਰਮਚਾਰੀ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਾਸ 12 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੀਆਂ ਸਮੱਸਿਆਵਾਂ ਦੇ ਮਾਮਲੇ/ਕੇਸ ਆਉਂਦੇ ਹਨ, ਜਿਨ੍ਹਾਂ ਵਿੱਚ ਬਹੁਤ ਜ਼ਿਆਦਾ ਡਰ ਲੱਗਣਾ, ਚੁੱਪ-ਚੁੱਪ ਰਹਿਣਾ, ਅੰਤਰਮੁਖੀ ਸੁਭਾਅ, ਮਾਂ ਨਾਲ ਜ਼ਰੂਰਤ ਤੋਂ ਜ਼ਿਆਦਾ ਲਗਾਉ, ਬਹੁਤ ਜ਼ਿਆਦਾ ਚਿੜ-ਚਿੜਾ ਸੁਭਾਅ, ਜ਼ਿੱਦੀ ਹੋਣਾ, ਪੜ੍ਹਾਈ ਵਿੱਚ ਬਿਲਕੁਲ ਮਨ

ਨਾ ਲੱਗਣਾ ਆਦਿ ਹੁੰਦੇ ਹਨ। ਡਾਕਟਰ ਕੋਮਲ ਜੈਨ ਨਾਲ ਬੱਚਿਆਂ ਦੇ ਅੰਧਵਿਸ਼ਵਾਸਾਂ ਨਾਲ ਜੁੜੇ ਰਹਿਣ ਅਤੇ ਉਨ੍ਹਾਂ ਦੇ ਕਾਰਨ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਬਾਰੇ ਵਿੱਚ ਗੱਲਬਾਤ ਹੋਈ ਹੈ। ਪੇਸ਼ ਹਨ ਗੱਲਬਾਤ ਦੇ ਮੁੱਖ ਅੰਸ਼:

**ਕੀ ਕਾਰਨ ਹਨ ਕਿ ਅੱਜ ਦੇ ਆਧੁਨਿਕ ਭਰੇ ਮਾਹੌਲ ਵਿੱਚ ਵੀ ਲੋਕਾਂ ਵਿੱਚ ਅੰਧਵਿਸ਼ਵਾਸ ਹੈ?**

ਲੋਕ ਸਿਰਫ਼ ਕੱਪੜੇ, ਖਾਣ ਦੇ Trend (ਫੈਸ਼ਨ; ਪ੍ਰਵਿਰਤੀ; ਝੁਕਾਅ;) ਤੋਂ ਮਾਡਰਨ ਹੋਏ ਹਨ, ਪ੍ਰੰਤੂ ਉਹਨਾਂ ਦੀ ਜ਼ਿੰਦਗੀ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ। ਬਹੁਤ ਸਾਰੇ ਲੋਕ ਖ਼ਤਰੇ ਲੈਣ ਵਾਲੇ ਨਹੀਂ ਹੁੰਦੇ ਯਾਨੀ ਉਹ ਬਦਲਾਅ ਲਿਆਉਣ ਦੀ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦੇ। ਇਸ ਲਈ ਜਿਹੜੀਆਂ ਧਾਰਨਾਵਾਂ ਪਹਿਲਾਂ ਤੋਂ ਚਲੀਆਂ ਆ ਰਹੀਆਂ ਹਨ, ਉਹ ਉਹਨਾਂ ਨੂੰ Follow ਫਾਲੋ: (ਪਿੱਛੇ-ਪਿੱਛੇ ਚੱਲਣਾ) ਕਰਨ ਦਾ ਆਸਾਨ ਤਰੀਕਾ ਲੱਭਦੇ ਹਨ। ਇਹੀ ਕਾਰਨ ਹੈ ਕਿ ਅੱਜ ਵੀ ਲੋਕਾਂ ਵਿੱਚ ਬਹੁਤ ਸਾਰੀਆਂ ਗੱਲਾਂ ਨੂੰ ਲੈ ਕੇ ਅੰਧਵਿਸ਼ਵਾਸ ਹੈ। ਉਸਦੇ ਨਾਲ ਹੀ ਕੁੱਝ ਨੂੰ ਤਾਂ ਸੋਸਾਇਟੀ/ਸਮਾਜ ਨੇ ਵੀ ਪ੍ਰਵਾਨ ਕਰ ਲਿਆ ਹੈ। ਜਿਵੇਂ ਮੰਗਲਵਾਰ ਦੇ ਦਿਨ ਵਾਲ ਨਹੀਂ ਕਟਵਾਉਣ ਦੀ ਮਾਨਤਾ ਲੋਕਾਂ ਵਿੱਚ ਏਨੀ ਪੁਰਾਣੀ ਹੈ ਕਿ ਅਸੀਂ ਦੇਖਦੇ ਹਾਂ, ਬਹੁਤ ਸਾਰੇ ਪਾਰਲਰ ਇਸ ਦਿਨ ਬੰਦ ਰਹਿੰਦੇ ਹਨ।

**ਬੱਚਿਆਂ ਨੂੰ ਤਾਰਕਿਕ/ਦਾਰਸ਼ਨਿਕ ਬਣਾਉਣ ਵਿੱਚ ਮਾਤਾ-ਪਿਤਾ ਦੀ ਕੀ ਭੂਮਿਕਾ ਹੈ?**

ਬੱਚਾ ਸੱਭ ਤੋਂ ਵੱਧ ਮਾਤਾ-ਪਿਤਾ ਨਾਲ ਹੀ ਲਗਾਉ/ਪਿਆਰ ਰੱਖਦਾ ਹੈ। ਉਹ ਉਹਨਾਂ ਦੀਆਂ ਗੱਲਾਂ ਨੂੰ ਹੀ ਆਪਣੀ ਜ਼ਿੰਦਗੀ ਵਿੱਚ Follow ਫਾਲੋ ਕਰਦਾ ਹੈ। ਇਸ ਲਈ ਜੋ ਮਾਪੇ ਦੱਸਣਗੇ ਬੱਚਾ ਉਸ ਨੂੰ ਹੀ ਸੱਚ ਮੰਨਦਾ ਹੈ। ਕਈ ਵਾਰ ਮਾਪੇ ਬੱਚੇ ਨੂੰ ਸੁਲਾਉਣ ਦੇ ਲਈ/ਸੌਣ ਲਈ ਭੂਤ ਜਾਂ ਬਾਬੇ ਦਾ ਡਰ ਦਿਖਾਉਂਦੇ ਹਨ ਜੋ ਕਿ ਬਹੁਤ ਗਲਤ ਹੈ। ਇਸ ਨਾਲ ਬੱਚੇ ਦੇ ਮਨ ਵਿੱਚ ਡਰ ਬੈਠ ਜਾਂਦਾ ਹੈ। ਮਾਪਿਆਂ ਨੂੰ ਅਜਿਹੇ ਤਰੀਕੇ ਨਹੀਂ ਅਪਨਾਉਣੇ ਚਾਹੀਦੇ ਹਨ। ਉਹਨਾਂ ਨੂੰ ਬੱਚਿਆਂ ਦੇ ਨਾਲ ਚੰਗੀ Discussion ਡਿਸਕੱਸ਼ਨ (ਵਾਦ-ਵਿਵਾਦ; ਬਹਿਸ ਚਰਚਾ) ਕਰਨੀ ਚਾਹੀਦੀ ਹੈ ਤਾਂ ਜੋ ਉਹ ਹਰ ਚੀਜ਼ ਨੂੰ ਸਹੀ। ਠੀਕ ਤਰੀਕੇ ਨਾਲ ਸਮਝਣ। ਬੱਚੇ ਕਈ ਵਾਰ ਬਹੁਤ ਸਾਰੇ ਸਵਾਲ ਕਰਦੇ ਹਨ। ਮਾਪੇ ਇਸ ਉੱਤੇ ਵੀ ਕੋਈ ਨਾ ਕੋਈ ਅੰਧਵਿਸ਼ਵਾਸ ਬੱਚੇ ਦੇ ਮਨ ਵਿੱਚ ਪਾ ਦੇਂਦੇ ਹਨ। ਜਿਵੇਂ ਕਿ ਕਿਸੇ ਖਾਸ ਡਰੈੱਸ ਨੂੰ ਪਾਉਣ ਦੇ ਲਈ ਕਹਿੰਦੇ ਹਨ ਕਿ ਰੈੱਡ/ਲਾਲ ਕਲਰ/ਰੰਗ ਦੇ ਕੱਪੜੇ ਪਾਉਗੇ ਤਾਂ ਤੁਹਾਡਾ ਦਿਨ ਚੰਗਾ ਲੰਘ ਜਾਵੇਗਾ। ਅਜਿਹਾ ਮਾਪੇ ਇਸ ਲਈ ਕਹਿੰਦੇ ਹਨ ਕਿਉਂਕਿ ਬੱਚੇ ਨੂੰ ਸਮਝਾਉਣ ਦੇ ਲਈ ਉਹਨਾਂ ਦੇ ਕੋਲ ਸਮਾਂ ਨਹੀਂ ਹੁੰਦਾ ਹੈ, ਜਦ ਕਿ ਇਸ ਦੇ ਲਈ ਤਰਕ ਦੇਣਾ ਚਾਹੀਦਾ ਹੈ ਕਿ ਇਸ ਰੰਗ ਦੇ ਕੱਪੜਿਆਂ ਵਿੱਚ ਤੁਸੀਂ ਚੰਗੇ ਦਿੱਸਦੇ ਹੋ। ਅਜਿਹਾ ਨਾ ਕਰਨ ਨਾਲ ਉਹਨਾਂ ਵਿੱਚ, ਕਿਸੇ ਖਾਸ ਚੀਜ਼ ਦੇ ਲਈ ਜਿਸ ਨੂੰ ਉਹ ਲੱਕੀ/ਕਿਸਮਤ ਵਾਲਾ ਮੰਨਣ ਲੱਗੇ, ਜ਼ਿੱਦ ਆ ਸਕਦੀ ਹੈ ਜਾਂ ਫੋਬੀਆ ਅਤੇ ਡਰ ਬੈਠ ਸਕਦਾ ਹੈ। ਕਈ ਵਾਰ ਤਾਂ ਇਹ ਇੰਨਾ ਵੱਧ ਜਾਂਦਾ ਹੈ ਕਿ ਬੱਚਾ ਦਿਮਾਗੀ ਤੌਰ ਉੱਤੇ ਬੀਮਾਰ ਹੋਣ ਲੱਗਦਾ ਹੈ।

**ਅੰਧਵਿਸ਼ਵਾਸ ਬੱਚਿਆਂ ਦੇ ਭਵਿੱਖ ਦੇ ਲਈ ਕਿੰਨਾ ਹਾਨੀਕਾਰਕ ਹੋ ਸਕਦਾ ਹੈ?**

ਜੇਕਰ ਬੱਚੇ ਤਾਰਕਿਕ/ਤੱਤ-ਗਿਆਨੀ/ਦਾਰਸ਼ਨਿਕ ਤਰੀਕੇ ਨਾਲ ਚੀਜ਼ਾਂ ਨੂੰ ਨਾ ਲੈਣ ਤਾਂ ਉਹਨਾਂ ਦੀ ਜ਼ਿੰਦਗੀ ਉੱਤੇ ਇਸ ਦਾ ਅਸਰ ਪੈਂਦਾ ਹੈ, ਜਿਵੇਂ ਕੁੱਝ ਲੋਕ ਮੰਨਦੇ ਹਨ ਕਿ 13 ਤਰੀਕ ਨੂੰ ਸ਼ੁੱਕਰਵਾਰ ਹੋਵੇ ਤਾਂ ਅਨਲੱਕੀ ਦਿਨ ਹੁੰਦਾ ਹੈ। ਇਸ ਉੱਤੇ ਜੇਕਰ ਉਸੇ ਦਿਨ ਜੇਕਰ ਕਿਸੇ ਦੇ ਨਾਲ ਕੁੱਝ ਬੁਰਾ ਹੋ ਜਾਵੇ ਤਾਂ ਬੱਚੇ ਦੇ ਮਨ ਵਿੱਚ ਹਮੇਸ਼ਾ ਤੋਂ ਇਸ ਤਰੀਕ ਦੇ ਲਈ ਡਰ ਬੈਠ ਜਾਏਗਾ ਅਤੇ ਵੱਡੇ ਹੋਣ ਦੇ ਨਾਲ ਇਹ ਅੰਧਵਿਸ਼ਵਾਸ ਵਿਸ਼ਵਾਸ ਵਿੱਚ ਬਦਲ ਜਾਏਗਾ। ਨਵੇਂ ਕੱਪੜੇ ਪਾਉਣ ਉੱਤੇ ਜੇ ਕੋਈ ਜ਼ਿਆਦਾ ਤਾਰੀਫ਼ ਕਰ ਦੇਵੇ ਤਾਂ ਨਜ਼ਰ ਲੱਗ ਜਾਂਦੀ ਹੈ, ਇਸ ਤਰ੍ਹਾਂ ਦੇ ਅੰਧਵਿਸ਼ਵਾਸ ਬੱਚਿਆਂ ਦਾ ਆਤਮਵਿਸ਼ਵਾਸ ਤਾਂ ਖ਼ਤਮ ਕਰਦੇ ਹੀ ਹਨ, ਨਾਲ ਹੀ ਕਈ ਵਾਰ ਅੰਧਵਿਸ਼ਵਾਸ ਦੇ ਕਾਰਨ ਬੱਚਿਆਂ ਵਿੱਚ ਏਨਾ ਡਰ ਬੈਠ ਜਾਂਦਾ ਹੈ ਕਿ ਉਹ ਰਾਤ ਨੂੰ ਸੌਂ ਨਹੀਂ ਸਕਦੇ, ਆਪਣੀ ਪੜ੍ਹਾਈ ਵਿੱਚ ਧਿਆਨ ਨਹੀਂ ਲਗਾ ਸਕਦੇ ਜਾਂ ਵਿਸ਼ੇਸ਼ ਤੌਰ 'ਤੇ ਮਾਂ ਤੋਂ ਪਲ ਭਰ ਦੇ ਲਈ ਵੀ ਅਲੱਗ ਨਹੀਂ ਹੋ ਸਕਦੇ, ਰਾਤ ਨੂੰ ਬਿਸਤਰ ਗਿੱਲਾ ਕਰਨ ਲੱਗਦੇ ਹਨ।

**ਕੀ ਸਿੱਖਿਆ ਅੰਧਵਿਸ਼ਵਾਸ ਨੂੰ ਦੂਰ ਕਰ ਸਕਦੀ ਹੈ?**

ਸਿੱਖਿਅਤ ਪਰਿਵਾਰਾਂ ਦਾ ਮਾਹੌਲ ਚੰਗਾ ਹੁੰਦਾ ਹੈ, ਪ੍ਰੰਤੂ ਅੱਜ ਅਸੀਂ ਦੇਖਦੇ ਹਾਂ ਕਿ ਬਹੁਤ ਸਾਰੇ ਸਮਝਦਾਰ ਸਿੱਖਿਅਤ ਪਰਿਵਾਰ ਵੀ ਅੰਧਵਿਸ਼ਵਾਸਾਂ ਨਾਲ ਘਿਰੇ ਰਹਿੰਦੇ ਹਨ, ਜਿਹਨਾਂ ਦੇ ਕਾਰਨ ਉਹ ਤੰਤਰ-ਮੰਤਰ ਵਰਗੇ ਤਰੀਕੇ ਵੀ ਅਪਨਾਉਣ ਤੋਂ ਨਹੀਂ ਚੂਕਦੇ। ਇਸ ਲਈ ਜਾਗਰੂਕਤਾ ਜ਼ਰੂਰੀ ਹੈ। ਜਿੰਨੀ ਜ਼ਿਆਦਾ ਮੀਡੀਆ ਦੁਆਰਾ ਅੰਧਵਿਸ਼ਵਾਸ ਵਿਰੁੱਧ ਜਾਗਰੂਕਤਾ ਫੈਲਾਈ ਜਾਏਗੀ, ਲੋਕਾਂ ਦੇ ਸਾਹਮਣੇ ਸਚਾਈ ਆਏਗੀ ਤਾਂ ਲੋਕ ਆਪਣੀ ਸਮੱਸਿਆ ਦਾ ਹੱਲ ਅੰਧਵਿਸ਼ਵਾਸ ਵਿੱਚ ਨਹੀਂ ਲੱਭਣਗੇ।

*ਧੰਨਵਾਦ ਸਹਿਤ ਮੈਗਜ਼ੀਨ: 'ਗ੍ਰਹਿ ਸ਼ੋਭਾ' ਜਨਵਰੀ (ਪਹਿਲਾ), 2011.*

**ਮਿੰਨੀ ਕਹਾਣੀ**

## ਕੰਜਕਾਂ

'ਭੈਣ ਸ਼ਾਮ ਕੁਰੇ! ਆਪਣੀ ਛੋਟੀ ਰਾਣੋ ਨੂੰ ਕੱਲ੍ਹ ਸਵੇਰੇ ਸਵੱਖਤੇ ਹੀ ਭੇਜ ਦੇਈਂ ਸਾਡੇ ਘਰ, ਕੰਜਕਾਂ ਖੁਵਾਉਣੀਆਂ ਨੇ!' ਮੁਹੱਲੇ 'ਚੋਂ ਚੌਥੇ ਘਰੋਂ ਆਈ ਨਿਰਮਲਾ ਨੇ ਆਵਾਜ਼ ਦਿੱਤੀ ਤੇ ਹੋਰ ਘਰ ਕੰਜਕਾਂ ਨੂੰ ਰੋਟੀ ਖਾਣ ਲਈ ਕਹਿਣ ਅੱਗੇ ਚਲੀ ਗਈ।

'ਕੋਈ ਨ੍ਹੀਂ ਭੈਣੇ! ਭੇਜ ਦੂੰ। ਸਵੇਰੇ ਸਾਝਰੇ ਹੀ। ਫਿਰ ਇਹਨੇ ਵੀ ਸਕੂਲ ਜਾਣੈ!' ਮੇਰੀ ਘਰਵਾਲੀ ਰਸੋਈ 'ਚੋਂ ਹੁੰਗਾਰਾ ਭਰਦੀ ਬੋਲੀ।

ਕੰਜਕਾਂ ਖੁਆਉਣ ਦੀ ਭਿਣਕ ਮੇਰੇ ਕੰਨਾਂ ਤੱਕ ਵੀ ਪਹੁੰਚ ਗਈ ਸੀ। ਨਿਰਮਲਾ ਨੇ ਕੰਜਕਾਂ ਕਾਹਦੇ ਲਈ ਖੁਆਉਣੀਆਂ ਨੇ?' ਅੱਗੇ ਜਾਨਣ ਲਈ ਮੈਂ ਆਪਣੀ ਪਤਨੀ ਨੂੰ ਸਵਾਲ ਕੀਤਾ

'...ਓ...ਜੀ...! ਇਹਦੇ ਵੱਡੇ ਮੁੰਡੇ ਵਿਆਹੇ ਨੂੰ ਤਿੰਨ ਸਾਲ ਹੋ ਗਏ ਪਰ ਉਹਦੇ ਘਰ...!' 'ਪਰ...ਉਹਦੇ...ਕੀ...?...?? ਪਿੱਛੇ ਜਿਹੇ ਇਨ੍ਹਾਂ ਦੀ ਵੱਡੀ ਨੂੰਹ ਨੇ ਪ੍ਰਾਈਵੇਟ ਹਸਪਤਾਲ 'ਚ ਗਰਭਪਾਤ (ਅਬੋਰਸ਼ਨ) ਤਾਂ ਕਰਵਾਇਐ...?'

'ਹਾਂ...ਹਾਂ...ਉਹ ਤਾਂ ਕਰਵਾਇਐ ਪਰ ਟੈਸਟ 'ਚ ਕੁੜੀ ਆਈ ਸੀ। ਇਸ ਕਰਕੇ ਤਾਂ ਫਿਰ ਅਬੋਰਸ਼ਨ (ਗਰਭਪਾਤ) ਕਰਵਾਉਣਾ ਪਿਆ। 'ਔਰਤ' ਇਸਤਰੀ ਜਾਤ ਦੀ ਵੈਰੀ ਬਣੀ ਜੀਭ ਬੋਲ ਰਹੀ ਸੀ, 'ਕੰਜਕਾਂ ਤਾਹੀਂ ਖੁਵਾਉਂਦੇ ਨੇ ਕਿ ਸਾਡੇ ਘਰ ਪ੍ਰਭੂ ਕੋਈ 'ਚੰਗੀ ਚੀਜ਼' ਦੇ ਦੇਵੇ!

ਮੈਂ ਗੁੱਸੇ ਵਿਚ ਗਰਜ਼ਿਆ। ਮੈਂ ਨੀਂ ਭੇਜਣਾ ਏਨਾਂ ਪਾਪੀਆਂ ਦੇ ਘਰ ਆਪਣੀ ਕੁੜੀ ਨੂੰ ਰੋਟੀ ਖਾਣ...! ਇਕ ਅਣਭੋਲ ਕੰਜਕ ਨੂੰ ਤਾਂ ਪੇਟ 'ਚ ਕਤਲ ਕਰਵਾਉਂਦੇ ਨੇ ਤੇ ਫਿਰ ਇਨ੍ਹਾਂ ਹੀ ਕੰਜਕਾਂ ਦੀ ਪੂਜਾ ਕਰਕੇ 'ਲਾਲ' ਭਾਲਦੀਆਂ ਨੇ...!

ਖਰੀਆਂ-ਖਰੀਆਂ ਤੇ ਸੱਚੀਆਂ ਸੁਣ ਪਤਨੀ ਫਿੱਕਾ ਜਿਹਾ ਮੂੰਹ ਬਣਾਉਂਦੀ ਰਸੋਈ 'ਚ ਜਾ ਵੜੀ।

*- ਰਣਜੀਤ ਆਜ਼ਾਦ ਕਾਂਝਲਾ*

# ਵਿਗਿਆਨਕ ਖ਼ਬਰਾਂ

## ਵਿਗਿਆਨੀਆਂ ਨੇ ਕੀਤਾ ਏਲੀਅਨ ਜੀਵਨ ਮਿਲਣ ਦਾ ਦਾਅਵਾ

ਨਾਸਾ ਦੇ ਇੱਕ ਵਿਗਿਆਨੀ ਨੇ ਪ੍ਰਿਥਵੀ ਦੇ ਕੋਹਾਂ ਦੂਰ ਇਲਾਕਿਆਂ ਵਿੱਚ ਡਿੱਗੇ ਉਲਕਾ ਪਿੰਡਾਂ ਨਾਲ ਏਲੀਅਨ ਲਾਈਫ਼ (ਦੂਸਰੇ ਗ੍ਰਹਿ ਦਾ ਜੀਵਨ) ਲੱਭਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਉਲਕਾ ਪਿੰਡ ਨਾਲ ਇੱਕ ਅਜਿਹਾ ਬੈਕਟੀਰੀਆ ਮਿਲਿਆ ਹੈ, ਜੋ ਸਾਡੀ ਪ੍ਰਿਥਵੀ ਦਾ ਨਹੀਂ ਹੈ।

ਨਾਸਾ ਦੇ ਮਾਰਸਲ ਸਪੇਸ ਫਲਾਈਟ ਸੈਂਟਰ ਵਿੱਚ ਇਸਟਰੋਬਾਇਓਲੋਜਿਸ਼ਟ ਡਾਕਟਰ ਰਿਚਰਡ ਹੂਵਰ ਦਾ ਕਹਿਣਾ ਹੈ ਕਿ ਇਸ ਏਲੀਅਨ ਜੀਵਨ ਨਾਲ ਪਤਾ ਚੱਲ ਸਕਦਾ ਹੈ ਕਿ ਪ੍ਰਿਥਵੀ ਉੱਪਰ ਜੀਵਨ ਦੀ ਸ਼ੁਰੂਆਤ ਕਿਵੇਂ ਹੋਈ? ਸਮਝਿਆ ਜਾਂਦਾ ਹੈ ਕਿ ਪ੍ਰਿਥਵੀ ਉੱਪਰ ਅਜਿਹੇ ਸਿਰਫ਼ ਨੌਂ ਉਲਕਾ ਪਿੰਡ ਹੀ ਹਨ। ਉਨ੍ਹਾਂ ਦੇ ਮੁਤਾਬਿਕ ਸੰਕੇਤ ਮਿਲਦਾ ਹੈ ਕਿ ਜੀਵਨ ਕੇਵਲ ਪ੍ਰਿਥਵੀ ਤੱਕ ਹੀ ਸੀਮਿਤ ਨਹੀਂ ਹੈ। ਹੂਵਰ ਨੇ ਕਿਹਾ ਹੈ ਕਿ ਬੈਕਟੀਰੀਆ ਬਹੁਤ ਸਾਰੇ ਮਾਮਲਿਆਂ ਵਿੱਚ ਦੇਖੇ ਜਾ ਸਕਦੇ ਹਨ ਅਤੇ ਪ੍ਰਿਥਵੀ ਉੱਪਰ ਪਾਈਆਂ ਜਾਣ ਵਾਲੀਆਂ ਪਰਜਾਤੀਆਂ ਨਾਲ ਬੇਹੱਦ ਮਿਲਦੇ-ਜੁਲਦੇ ਹਨ।

ਉਨ੍ਹਾਂ ਨੇ ਕਿਹਾ ਕਿ ਕੁੱਝ ਬੈਕਟੀਰੀਆਂ ਅਜਿਹੇ ਵੀ ਹਨ ਜੋ ਬਿਲਕੁਲ ਅਲੱਗ ਹਨ ਅਤੇ ਉਨ੍ਹਾਂ ਦੀ ਤਰ੍ਹਾਂ ਨਹੀਂ ਦਿੱਸਦੇ, ਜਿਨ੍ਹਾਂ ਨੂੰ ਅਸੀਂ ਪਹਿਚਾਨ ਸਕਦੇ ਹਾਂ। ਹੂਵਰ ਦੇ ਮੁਤਾਬਿਕ, ਮੈਂ ਉਨ੍ਹਾਂ ਨੂੰ ਕਈ ਦੂਜੇ ਜਾਣਕਾਰਾਂ ਨੂੰ ਦਿਖਾਇਆ ਅਤੇ ਉਨ੍ਹਾਂ ਦੀ ਸਲਾਹ ਵੀ ਕੁੱਝ ਅਜਿਹੀ ਹੀ ਸੀ। ਡਾ. ਹੂਵਰ ਹਰੇਕ ਉਲਕਾ ਪਿੰਡ ਦੇ ਪੱਥਰ ਇਕੱਠੇ ਕਰਕੇ ਉਨ੍ਹਾਂ ਨੂੰ ਲੈਬੋਰਟਰੀ ਵਿੱਚ ਲੈ ਜਾਂਦਾ ਹੈ ਅਤੇ ਉਥੇ ਤੋੜ ਕੇ ਉਨ੍ਹਾਂ ਵਿੱਚ ਜੀਵਨ ਦਾ ਅਧਿਐਨ ਕਰਦੇ ਹਨ। ਇਸ ਸਿਲਸਿਲੇ ਵਿੱਚ ਸਕੈਨਿੰਗ ਕਰਦੇ ਹੋਏ, ਉਨ੍ਹਾਂ ਨੇ ਇੱਕ ਜੈਵਿਕ ਅਵਸ਼ੇਸ਼ ਪਾਇਆ ਜਿਸ ਵਿੱਚ ਨਾਈਟ੍ਰੋਜਨ ਨਹੀਂ ਸੀ। ਹੁਣ ਤੱਕ ਮੰਨਿਆ ਜਾਂਦਾ ਹੈ ਕਿ ਸਭ ਜੀਵਿਤ ਪ੍ਰਾਣੀਆਂ ਵਿੱਚ ਨਾਈਟ੍ਰੋਜਨ ਪਾਈ ਜਾਂਦੀ ਹੈ।

**ਏਲੀਅਨ ਮਾਈਕ੍ਰੋਬੇਸ ਦੇ ਦਾਅਵੇ ਵਿੱਚ ਸੱਚਾਈ ਨਹੀਂ:** ਨਾਸਾ ਨੇ ਆਪਣੇ ਇੱਕ ਵਿਗਿਆਨਕ ਦਾਅਵੇ ਤੋਂ ਖੁਦ ਨੂੰ ਅਲੱਗ ਕਰ ਲਿਆ ਹੈ। ਜਿਸ ਵਿੱਚ ਕਿਹਾ ਗਿਆ ਸੀ ਓਲਕਾ ਪਿੰਡਾਂ ਤੋਂ ਆਉਣ ਵਾਲੇ ਏਲੀਅਨ ਮਾਈਕ੍ਰੋਬੇਸ ਦੀ ਸੰਭਾਵਨਾ ਸੀ। ਨਾਸਾ ਦਾ ਕਹਿਣਾ ਹੈ ਕਿ ਇਸ ਦਾਅਵੇ ਦੇ ਸਮਰਥਨ ਵਿੱਚ ਕੋਈ ਵਿਗਿਆਨਕ ਸਬੂਤ ਨਹੀਂ ਹੈ। ਹੈਰਾਨੀਜਨਕ ਹੈ ਕਿ ਨਾਸਾ ਦੇ ਖੋਜਕਰਤਾ ਰਿਸਰਚ ਹੂਵਰ ਨੇ ਇਹ ਦਾਅਵਾ ਕੀਤਾ ਸੀ।

## ਇਨਸਾਨ ਦੀ ਤਰ੍ਹਾਂ ਦਿਖਣ ਵਾਲਾ ਮੋਬਾਇਲ

ਜਪਾਨੀ ਵਿਗਿਆਨੀਆਂ ਨੇ ਅਜਿਹਾ ਮੋਬਾਇਲ ਬਣਾਇਆ ਹੈ ਜੋ ਇਨਸਾਨ ਦੀ ਤਰ੍ਹਾਂ ਦਿਖਦਾ ਹੈ। ਨਾਲ ਹੀ ਇਸਦਾ ਬਾਹਰੀ ਆਕਾਰ ਇਨਸਾਨੀ ਚਮੜੀ ਜਿਹਾ ਹੈ। ਇਸਤੋਂ ਫੋਨ ਕਰਨ ਵਾਲਾ ਵਿਅਕਤੀ ਖੁਦ ਨੂੰ ਦੂਸਰੇ ਸੈੱਟ ਉੱਪਰ ਮੌਜੂਦ ਵਿਅਕਤੀ ਦੇ ਕੋਲ



ਮਹਿਸੂਸ ਕਰਦਾ ਹੈ।

ਟੈਲੀਕਮਿਊਨੀਕੇਸ਼ਸ਼ ਰਿਸਰਚ ਇੰਸਟੀਚਿਊਟ ਇੰਟਰਨੇਸ਼ਨਲ (ਏਟੀਆਰ) ਨੇ ਇਸ ਮੋਬਾਇਲ ਨੂੰ ਕ੍ਰਾਂਤੀਕਾਰੀ ਟੈਲੀਕਾਮ ਮੀਡੀਅਮ ਬਣਾਇਆ। ਜਾਪਾਨ ਦੀ ਔਸਕੋ ਯੂਨੀਵਰਸਿਟੀ ਅਤੇ ਮੋਬਾਇਲ ਟੈਲੀਫੋਨ ਆਪਰੇਟਰ ਇਨਟੀਟੀਡੋਕੋਮੋ ਨੇ ਇਸ ਮੋਬਾਇਲ ਨੂੰ ਮਿਲਕੇ ਬਣਾਇਆ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਪੰਜ ਸਾਲ ਦੇ ਅੰਦਰ ਇਸ ਮੋਬਾਇਲ ਦਾ ਉਤਪਾਦਨ ਸ਼ੁਰੂ ਹੋ ਜਾਵੇਗਾ।

ਪ੍ਰਯੋਗ ਦੇ ਤੌਰ 'ਤੇ ਬਣਾਇਆ ਗਿਆ ਮੋਬਾਇਲ ਹੱਥ ਦੇ ਪੰਜੇ ਦੇ ਬਰਾਬਰ ਹੈ।

## ਇਹ ਜਾਦੂਈ ਮਿੱਟੀ ਕਰ ਦੇਵੇਗੀ ਸੀਮਿੰਟ, ਸਟੀਲ ਦੀ ਛੁੱਟੀ

ਬਹੁਤ ਮੁਮਕਿਨ ਹੈ ਕਿ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਘਰ ਬਣਾਉਣ ਦੇ ਲਈ ਸੀਮਿੰਟ, ਸਟੀਲ, ਲੱਕੜੀ, ਪਲਾਸਟਿਕ ਇਕੱਠਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਇਨ੍ਹਾਂ ਸਭ ਦੀ ਜਗ੍ਹਾ ਤੁਹਾਨੂੰ ਸਿਰਫ਼ ਚਿਕਨੀ ਮਿੱਟੀ ਲਿਆਉਣੀ ਹੋਵੇਗੀ। ਇਸ ਖਾਸ ਚਿਕਨੀ ਮਿੱਟੀ ਨੂੰ ਬੇਨਟੋਨਾਇਟ ਕਹਿੰਦੇ ਹਨ। ਇਸਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਨਾ ਕੇਵਲ ਟਿਕਾਓ ਵਾਲੀ ਹੀ ਹੈ ਬਲਕਿ ਇਸ ਨੂੰ ਅਸੀਂ ਮੁਰਗੀਆਂ ਦੇ ਦਾਨਿਆਂ ਦੇ ਤੌਰ 'ਤੇ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਵਜ੍ਹਾ ਨਾਲ ਇਸ ਨੂੰ ਵੰਡਰ ਕਲ੍ਹੇ ਜਾਂ ਜਾਦੂਈ ਮਿੱਟੀ ਦਾ ਨਾਮ ਦਿੱਤਾ ਗਿਆ ਹੈ।

ਇਹ ਭਾਰਤ ਦੇ ਸਿਰਫ਼ ਚਾਰ ਰਾਜਾਂ - ਗੁਜਰਾਤ, ਰਾਜਸਥਾਨ, ਕਰਨਾਟਕ ਅਤੇ ਜੰਮੂ-ਕਸ਼ਮੀਰ ਵਿੱਚ ਮਿਲਦੀ ਹੈ। ਫਿਲਹਾਲ ਹਵਾ, ਪਾਣੀ ਨਾਲ ਪ੍ਰਦੂਸ਼ਣ ਹਟਾਉਣ ਵਿੱਚ ਇਸਦੀ ਕਾਬਲੀਅਤ ਦਾ ਪਤਾ ਲਗਾਇਆ ਜਾ ਰਿਹਾ ਹੈ। ਵੰਡਰ ਕਲ੍ਹੇ 'ਤੇ ਕੰਮ ਕਰਨ ਵਾਲੇ

ਵਿਗਿਆਨਕ ਚਿੰਤਨ ਜਾਨੀ ਦਾ ਕਹਿਣਾ ਹੈ ਕਿ ਇਸਦਾ ਇਸਤੇਮਾਲ ਕਈ ਚੀਜ਼ਾਂ ਦੇ ਲਈ ਹੁੰਦਾ ਹੈ। ਪਰ ਮੇਰਾ ਮਕਸਦ ਇਸੇ ਚੇਨਾਈ ਵਿੱਚ ਲਾ ਕੇ, ਤਮਾਮ ਨੁਕਸਾਨਦਾਇਕ ਬਿਲਡਿੰਗ ਮਟੀਰੀਅਲ ਦੀ ਵਰਤੋਂ ਨੂੰ ਬੰਦ ਕਰਵਾਉਣਾ ਹੈ। ਚਿੰਤਨ ਦੇ ਮੁਤਾਬਿਕ ਅਲੱਗ-ਅਲੱਗ ਪ੍ਰੋਸੈਸਿੰਗ ਤਕਨੀਕਾਂ ਦਾ ਇਸਤੇਮਾਲ ਕਰਕੇ ਇਸ ਨੂੰ ਬਿਲਡਿੰਗ ਮਟੀਰੀਅਲ ਦੇ ਇਲਾਵਾ ਸਜਾਵਟੀ ਚੀਜ਼ਾਂ ਨੂੰ ਬਣਾਉਣ ਵਿਚ ਕੀਤਾ ਜਾ ਸਕਦਾ ਹੈ। ਹਾਲਾਂਕਿ ਆਪਣੇ ਆਲੇ-ਦੁਆਲੇ ਕੁੱਝ ਵੀ ਬਣਾਉਂਦੇ ਸਮੇਂ ਸਾਨੂੰ ਵਾਤਾਵਰਣ ਉਪਰ ਪੈਣ ਵਾਲੇ ਉਸਦੇ ਅਸਰ ਨੂੰ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਇਸ ਵੰਡਰ ਕਲੇ ਨੂੰ ਇਸ ਲਈ ਵੀ ਪਸੰਦ ਕੀਤਾ ਜਾਂਦਾ ਹੈ ਕਿਉਂਕਿ ਇਹ ਰੀ-ਸਾਈਕਲ ਕੀਤੀ ਜਾ ਸਕਦੀ ਹੈ, ਨਾਲ ਹੀ ਇਹ ਸੌਖੇ ਤਰ੍ਹਾਂ ਨਾਲ ਆਪਣੇ ਆਪ ਟੁਕੜਿਆਂ ਵਿੱਚ ਟੁੱਟ ਜਾਂਦੀ ਹੈ। ਜਾਨੀ ਇਸ ਨੂੰ ਕਰਨਾਟਕ ਦੇ ਮੁਰਗੀਖਾਨੇ ਵਿੱਚ ਮੁਰਗੀਆਂ ਦੇ ਭੋਜਨ ਦੇ ਰੂਪ ਵਿੱਚ ਵੇਚਦੇ ਹਨ। ਚਿੰਤਨ ਦੱਸਦੇ ਹਨ ਕਿ ਇਸ ਮਿੱਟੀ ਦੇ ਕੁੱਝ ਗੁਣ ਪੇਟ ਦੇ ਲਈ ਚੰਗੇ ਦੱਸੇ ਜਾਂਦੇ ਹਨ। ਗਰਭਵਤੀ ਇਸਤਰੀਆਂ ਸਦੀਆਂ ਤੋਂ ਥੋੜ੍ਹੀ ਮਾਤਰਾ ਵਿੱਚ ਇਸ ਮਿੱਟੀ ਨੂੰ ਖਾਂਦੀਆਂ ਰਹੀਆਂ ਹਨ। ਫਿਰ ਵੀ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਇਸਦਾ ਜ਼ਿਆਦਾ ਇਸਤੇਮਾਲ ਕਰਨ ਦੇ ਬਦਲੇ ਵਿੱਚ ਅਸੀਂ ਜ਼ਮੀਨ ਨੂੰ ਖੋਖਲਾ ਨਾ ਕਰ ਦੇਈਏ।

## ☐ ਕਾਰ ਚਲਾਉਣ ਦੇ ਲਈ ਹੱਥ, ਨਹੀਂ ਦਿਮਾਗ ਘੁਮਾਓ



ਕਾਰ ਦੇ ਸਟੇਰਿੰਗ ਉਪਰ ਹੱਥ ਫੇਰਨਾ ਜੇਕਰ ਤੁਹਾਨੂੰ ਔਖਾ ਲੱਗਦਾ ਹੈ ਤਾਂ ਬਹੁਤ ਜਲਦੀ ਹੀ ਤੁਸੀਂ ਇਹ ਕੰਮ ਦਿਮਾਗ 'ਤੇ ਵੀ ਛੱਡਕੇ ਹੱਥਾਂ ਨੂੰ ਫਰੀ ਕਰ ਸਕਦੇ ਹੋ ਅਤੇ ਸਫ਼ਰ ਦਾ ਮਜ਼ਾ ਉਠਾ ਸਕਦੇ ਹੋ। ਜਰਮਨੀ ਦੇ ਵਿਗਿਆਨਕਾਂ ਨੇ ਅਜਿਹੀ ਕਾਰ ਬਣਾਈ ਹੈ, ਜਿਸ ਨੂੰ ਚਲਾਉਣ ਦੇ ਲਈ ਤੁਹਾਨੂੰ ਵਸ ਸੋਚਣ ਤੱਕ ਦੀ ਤਕਲੀਫ਼ ਉਠਾਉਣੀ ਹੋਵੇਗੀ।

ਫਰੀ ਯੂਨੀਵਰਸਿਟੀ ਆਫ਼ ਬਰਲਿਨ ਵਿੱਚ ਰਾਲ ਰੋਜਸ ਦੀ ਅਗਵਾਈ ਵਿੱਚ ਇੰਜਨੀਅਰਾਂ ਦੀ ਇੱਕ ਟੀਮ ਨੇ ਅਜਿਹੀ ਕਾਰ ਬਣਾਕੇ ਉਸਦੇ ਕਾਮਯਾਬ ਟੈਸਟ ਵੀ ਕਰ ਦਿੱਤੇ ਹਨ, ਜਿਸ ਵਿੱਚ ਸਪੀਡ ਅਤੇ ਦਿਸ਼ਾ ਤਹਿ ਕਰਨ ਦੇ ਲਈ ਡਰਾਇਵਰ ਨੂੰ ਸਿਰਫ਼ ਸੋਚਣਾ ਹੀ ਪੈਂਦਾ ਹੈ। ਇਸ ਸਿਸਟਮ ਦਾ ਵੱਡਾ ਫਾਇਦਾ ਇਹ ਵੀ ਹੈ ਕਿ ਤੁਹਾਨੂੰ ਟੈਕਸੀ ਡਰਾਈਵਰ ਗੁੰਮਰਾਹ ਨਹੀਂ ਕਰ ਸਕਦਾ। ਅਜਿਹੀ ਕਾਰ ਜੇਕਰ ਤੁਹਾਡੇ ਕੋਲ ਹੈ ਤਾਂ ਤੁਸੀਂ ਜਦੋਂ ਚਾਹੋਂ ਜਿੱਧਰ ਵੀ ਚਾਹੋਂ ਘੁੰਮਾ ਸਕਦੇ ਹੋ। ਰਸਤੇ ਵਿੱਚ ਜੇਕਰ ਤੁਸੀਂ ਕਿਸੀ ਹੋਰ ਜਗ੍ਹਾ ਜਾਣ ਲਈ ਸੋਚਿਆ ਤਾਂ ਗੱਡੀ ਤੁਹਾਨੂੰ ਉਸ ਪਾਸੇ ਹੀ ਲੈ ਚੱਲੇਗੀ। ਹੋਰ ਵੀ ਫ਼ਾਇਦੇ ਦੇਖੀਏ, ਜੋ ਲੋਕ ਕਿਸੇ ਸਰੀਰਕ ਸਮੱਸਿਆ ਦੇ ਕਾਰਣ ਗੱਡੀ ਨਹੀਂ ਚਲਾ ਸਕਦੇ, ਉਹ ਇਸ ਤਰ੍ਹਾਂ ਦੀ ਕਾਰ ਚਲਾ ਸਕਦੇ ਹਨ।

ਇੰਜਨੀਅਰਿੰਗ ਨੇ ਇਸ ਸਿਸਟਮ ਨੂੰ ਫਾਕਸਵੇਗਨ ਪਸਾਤ ਵਿੱਚ ਫਿੱਟ ਕੀਤਾ ਹੈ। ਕਾਰ ਵਿੱਚ ਲੱਗੇ ਲੇਜਰ ਮਾਈਕ੍ਰੋਵੇਵ ਰੇਡਾਰ ਅਤੇ ਸਟੀਰੀਓ ਕੈਮਰੇ ਦੀ ਮਦਦ ਨਾਲ ਇਹ ਕਾਰ 200 ਫੁੱਟ ਦੀ ਦੂਰੀ ਤੋਂ ਹੀ ਆਪਣੇ ਚਾਰੋਂ ਪਾਸੇ ਮੌਜੂਦ ਕਿਸੀ ਵੀ ਰੁਕਾਵਟ ਦਾ ਪਤਾ ਲਗਾ ਸਕਦੀ ਹੈ।

ਹਰ ਖੇਤਰ ਦੁਆਰਾ ਇਹ ਆਪਣੇ ਆਪ ਵਿੱਚ ਚੰਗੀ ਕਾਰ ਹੈ। ਫਿਰ ਭਾਵੇਂ ਖੁਦ ਤੋਂ ਡਰਾਇਵਿੰਗ ਦਾ ਮਾਮਲਾ ਹੋਵੇ ਜਾਂ ਆਈਪੈਡ ਜਾਂ ਆਈਫੋਨ ਨਾਲ ਜੁੜਨ ਦਾ ਹੋਵੇ।

ਦਿਮਾਗ ਦੀ ਗੱਲ ਮੰਨਕੇ ਕਾਰ ਵਿੱਚ ਐਨੀ ਹਰਕਤ ਹੁੰਦੀ ਹੈ, ਇਸ ਨੂੰ ਜਾਨਣ ਦੇ ਲਈ ਇੰਜਨੀਅਰਾਂ ਨੇ ਇਕ ਸਾਫ਼ਟਵੇਅਰ ਡਿਵੈਲਪਮੇਂਟ ਫਿੱਟ ਵੀ ਸੀ, ਜੋ ਸੈਂਸਰ ਨੂੰ ਡਰਾਈਵਰ ਦੇ ਦਿਮਾਗ ਦੇ ਖਾਸ ਵਿਚਾਰਾਂ ਦੇ ਨਾਲ ਤਾਲਮੇਲ ਬਨਾਉਣ ਦੇ ਲਈ ਟ੍ਰੇਨਿੰਗ ਦਿੱਤੀ ਹੈ। ਇਸ ਤਰ੍ਹਾਂ ਦੇ ਸੈਂਸਰਾਂ ਦਾ ਇਸਤੇਮਾਲ ਨਕਲੀ ਹੱਥ, ਪੈਰ, ਆਈਪੈਡ ਕੰਟਰੋਲ ਕਰਨ ਵਿੱਚ ਵੀ ਕੀਤਾ ਗਿਆ ਹੈ। ਜ਼ਿਆਦਾ ਟ੍ਰੈਫ਼ਿਕ ਵਿੱਚ ਗੱਡੀ ਨੂੰ ਘੁੰਮਾਉਣ ਵਿੱਚ ਵੀ ਇਹ ਸੈਂਸਰ ਕਾਮਯਾਬ ਰਹੇ।

## ☐ 50 ਕਰੋੜ ਗ੍ਰਹਿਆਂ ਉਪਰ ਜੀਵਨ ਦੀ ਉਮੀਦ

ਪਹਿਲੀ ਵਾਰ ਕਰਾਈ ਗਈ ਬ੍ਰਹਿਮੰਡ ਦੀ ਗਣਨਾ ਤੋਂ ਪਤਾ ਲੱਗਿਆ ਹੈ ਕਿ ਸਾਡੀ ਆਕਾਸ਼ ਗੰਗਾ ਮਿਲਕੀ-ਵੇ ਵਿੱਚ ਘੱਟ ਤੋਂ ਘੱਟ 50 ਅਰਬ ਗ੍ਰਹਿ ਮੌਜੂਦ ਹਨ। ਡੇਲੀ ਮੇਲ ਆਨਲਾਈਨ ਦੇ ਮੁਤਾਬਿਕ, ਇਨ੍ਹਾਂ ਗ੍ਰਹਿਆਂ ਵਿੱਚ ਕਰੀਬ 50 ਕਰੋੜ ਗ੍ਰਹਿ ਗੋਲਡੀਲਾਂਕਸ ਜੋਨ ਦੇ ਰੂਪ ਵਿੱਚ ਹਨ। ਇਸ ਜੋਨ ਦੀ ਜਲਵਾਯੂ ਨਾ ਤਾਂ ਬਹੁਤ ਗਰਮ ਅਤੇ ਨਾ ਹੀ ਬਹੁਤੀ ਠੰਡੀ ਹੈ, ਇਸ ਲਈ ਇੱਥੇ ਜੀਵਨ ਮੌਜੂਦ ਹੋਣ ਦੀ ਸੰਭਾਵਨਾ ਹੈ।

ਇਹ ਅੰਕੜੇ ਸਾਢੇ ਤਿੰਨ ਸਾਲ ਦੇ ਮਿਸ਼ਨ ਦੇ ਬਾਦ ਨਾਸਾ ਦੇ ਕੇਪਲਰ ਟੇਲੀਸਕੋਪ ਤੋਂ ਪ੍ਰਾਪਤ ਹੋਏ, ਸ਼ੁਰੂਆਤੀ ਪਰਿਣਾਮਾਂ ਤੋਂ ਕੱਢੇ ਗਏ ਹਨ। ਇਸ ਮਿਸ਼ਨ ਉਪਰ ਲੱਗਭਗ 60 ਕਰੋੜ ਡਾਲਰ ਦਾ ਖਰਚਾ ਹੋਇਆ ਹੈ। ਕੇਪਲਰ ਸਾਇੰਸ ਦੇ ਚੀਫ਼ ਵਿਲੀਅਮ ਬਾਰੂਕੀ ਦਾ ਕਹਿਣਾ ਹੈ ਕਿ ਵਿਗਿਆਨੀਆਂ ਨੇ ਉਨ੍ਹਾਂ ਗ੍ਰਹਿਆਂ ਦੀ ਸੰਖਿਆ ਨੂੰ ਲਿਆ ਹੈ, ਜਿਨ੍ਹਾਂ ਨੂੰ ਉਨ੍ਹਾਂ ਨੇ ਰਾਤ ਦੇ ਸਮੇਂ ਆਕਾਸ਼ ਦੇ ਇੱਕ ਛੋਟੇ ਜਿਹੇ ਹਿੱਸੇ ਦੀ ਤਲਾਸ਼ ਵਿੱਚ ਪਹਿਲੇ ਸਾਲ ਵਿੱਚ ਪਾਇਆ ਸੀ। ਇਸਦੇ ਬਾਅਦ ਉਨ੍ਹਾਂ ਨੇ ਇੱਕ ਅੰਕੜਾ ਤਿਆਰ ਕੀਤਾ ਕਿ ਗ੍ਰਹਿਆਂ ਦੇ ਕੋਲ ਕਿੰਨੇ ਤਾਰੇ ਹੋ ਸਕਦੇ ਹਨ। ਕੇਪਲਰ ਨੇ ਗ੍ਰਹਿਆਂ ਦੀ ਪਹਿਚਾਣ ਕੀਤੀ ਕਿਉਂਕਿ ਉਹ ਪ੍ਰਿਥਵੀ ਅਤੇ ਤਾਰਿਆਂ ਦੇ ਵਿੱਚ ਦੀ ਹੋ ਕੇ ਲੰਘਦੇ ਹਨ।

ਹੁਣ ਤੱਕ ਕੇਪਲਰ ਨੇ 1,235 ਗ੍ਰਹਿ ਪਾਏ ਹਨ। ਇਨ੍ਹਾਂ ਵਿੱਚ 54 ਗੋਲਡੀਲਾਕਸ ਜੋਨ ਵਿੱਚ ਹਨ, ਜਿੱਥੇ ਜੀਵਨ ਸੰਭਵ ਹੋ ਸਕਦਾ ਹੈ। ਕੇਪਲਰ ਦਾ ਮੁੱਖ ਮਿਸ਼ਨ ਕਿਸੇ ਇੱਕ ਦੁਨੀਆ ਦੇ ਲਈ ਨਹੀਂ ਹੈ ਬਲਕਿ ਪੁਲਾੜ ਯਾਤਰੀਆਂ ਨੂੰ ਇਹ ਸਮਝ ਪ੍ਰਦਾਨ ਕਰਨ ਦੇ ਲਈ ਵੀ ਹੈ ਕਿ ਕਿੰਨੇ ਗ੍ਰਹਿ ਸਾਡੇ ਆਕਾਸ਼ ਗੰਗਾ ਵਿੱਚ ਹੋ ਸਕਦੇ ਹਨ।

## ਚੂਚੇ ਦੀ ਇਕ ਤਕਲੀਫ਼ ਮੁਰਗੀ ਨੂੰ ਦਿੰਦੀ ਹੈ, ਟੈਂਨਸ਼ਨ

ਹੋ ਸਕਦਾ ਹੈ ਚੂਚੇ ਦੂਸਰਿਆਂ ਦਾ ਦਰਦ ਮਹਿਸੂਸ ਨਹੀਂ ਕਰ ਸਕਦੇ, ਪਰ ਮੁਰਗੀਆਂ (ਚੂਚਿਆਂ ਦੀ ਮਾਂ) ਇਸ ਮਾਮਲੇ ਵਿੱਚ ਬੇਹੱਦ ਛਾਤਰ ਅਤੇ ਖਾਸ ਖਿਆਲ ਰੱਖਣ ਵਾਲੀ ਹੁੰਦੀ ਹੈ। ਇਕ ਨਵੀਂ ਖੋਜ ਕੁੱਝ ਅਜਿਹਾ ਹੀ ਦਾਅਵਾ ਕਰ ਰਹੀ ਹੈ। ਕਿਸੇ ਦੂਸਰੇ ਦੇ ਦਰਦ ਨੂੰ ਮਹਿਸੂਸ ਕਰ ਪਾਉਣਾ ਜਾਂ ਉਸਦੇ ਨਜ਼ਰੀਏ ਦੀ ਪਹਿਚਾਣ ਕਰਨਾ ਕਦੇ ਸਿਰਫ਼ ਜਾਂ ਸਿਰਫ਼ ਇਨਸਾਨੀ ਫਿਤਰਤ ਹੀ ਮੰਨੀ ਜਾਂਦੀ ਸੀ, ਪਰ ਹੁਣ ਅਜਿਹਾ ਨਹੀ ਹੈ।

ਬ੍ਰਿਟਿਸ਼ ਯੂਨੀਵਰਸਿਟੀ ਵਿੱਚ ਇੱਕ ਟੀਮ ਨੇ ਇਸ ਵਿਸ਼ੇ ਉਪਰ ਅਧਿਐਨ ਕੀਤਾ ਹੈ। ਟੀਮ ਨੇ ਆਪਣੇ ਪ੍ਰਯੋਗਾਂ ਦੇ ਦੌਰਾਨ ਪਾਇਆ ਹੈ ਕਿ ਜਦੋਂ ਤੱਕ ਚੂਚੇ ਤਣਾਅ ਵਿੱਚ ਸਨ, ਉਦੋਂ ਤੱਕ ਮੁਰਗੀਆਂ (ਉਨ੍ਹਾਂ ਦੀ ਮਾਂ) ਚਿੰਤਤ ਦਿਖਾਈ ਦਿੰਦੀਆਂ ਹਨ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਪੰਛੀ ਵਿੱਚ ਹਮਦਰਦੀ ਪਾਈ ਗਈ ਹੈ। ਮੁਰਗੀਆਂ ਉਪਰ ਹੋਏ ਪ੍ਰਯੋਗਾਂ ਨਾਲ ਪੋਲਟਰੀ ਫਾਰਮਾਂ ਅਤੇ ਸਾਇੰਸ ਲੈਬੋਰਟਰੀ ਵਿੱਚ ਚੂਚਿਆਂ ਦੀ ਦੇਖਭਾਲ ਵਿੱਚ ਬੇਹੱਦ ਮਦਦ ਮਿਲੇਗੀ। ਸੋਧਕਰਤਾਵਾਂ ਨੇ ਮੁਰਗੀਆਂ ਅਤੇ ਚੂਚਿਆਂ ਨੂੰ ਖਾਸ ਵਜ੍ਹਾ ਕਰਕੇ ਚੁਣਿਆ ਹੈ।

ਉਨ੍ਹਾਂ ਨੂੰ ਲੱਗਿਆ ਕਿ ਦੋਨਾਂ ਵਿੱਚ ਹਮਦਰਦੀ ਦੀ ਜੋ ਭਾਵਨਾ ਵਿਕਸਿਤ ਹੋਈ ਹੈ, ਉਹ ਮਾਪਿਆਂ ਦੁਆਰਾ ਬੱਚਿਆਂ ਦੀ ਦੇਖਭਾਲ ਵਿੱਚ ਮਦਦਗਾਰ ਹੁੰਦੀ ਹੈ।

ਇਡਗਰ ਨੇ ਕਿਹਾ ਕਿ ਮਾਦਾ ਪੰਛੀਆਂ ਵਿੱਚ ਹਮਦਰਦੀ ਨਾਲ ਜੁੜਿਆ ਘੱਟ ਤੋਂ ਘੱਟ ਇੱਕ ਗੁਣ ਪਾਇਆ ਗਿਆ। ਖੋਜ ਕਰਤਾਵਾਂ ਨੇ ਮੁਰਗੀਆਂ ਦੇ ਹਾਵ-ਭਾਵ ਦਾ ਅਧਿਐਨ ਕੀਤਾ। ਉਨ੍ਹਾਂ ਨੇ ਪਾਇਆ ਕਿ ਜਦੋਂ ਤੱਕ ਚੂਚੇ ਦੇ ਉਪਰ ਹਵਾ ਦੇ ਬੁਲ੍ਹੇ ਇੱਧਰ ਉੱਧਰ ਹੋਏ, ਉਦੋਂ ਉਨ੍ਹਾਂ ਵਿੱਚ ਤਣਾਅ ਦਿਖਾਈ ਦਿੱਤਾ। ਅਜਿਹੇ ਹੀ ਹਾਵ-ਭਾਵ ਮੁਰਗੀਆਂ ਦੇ ਚਿਹਰੇ 'ਤੇ ਵੀ ਦਿਖਾਈ ਦਿੱਤੇ।

## ਹੀਟਰ ਦੀ ਗਰਮੀ ਵਧਾ ਸਕਦੀ ਹੈ ਚਰਬੀ

ਘਰ ਜਾਂ ਦਫ਼ਤਰ ਵਿੱਚ ਲੱਗੇ ਗਰਮ ਹਰਟ ਸਿਸਟਮ ਸਿਰਫ਼ ਬਿਜਲੀ ਦਾ ਬਿੱਲ ਹੀ ਨਹੀਂ ਵਧਾਉਂਦੇ ਬਲਕਿ ਗਰਮੀ ਦੇਣ ਦੇ ਨਾਲ-ਨਾਲ ਇਹ ਮੋਟਾਪਾ ਵੀ ਵਧਾ ਦਿੰਦੇ ਹਨ। ਯੂਨੀਵਰਸਿਟੀ ਕਾਲਜ ਲੰਦਨ ਦੇ ਵਿਗਿਆਨੀਆਂ ਨੇ ਖੋਜ ਵਿੱਚ ਪਾਇਆ ਕਿ ਠੰਡ ਤੋਂ ਬਚਣ ਦੇ ਚੱਕਰ ਵਿਚ ਅਸੀਂ ਘਰਾਂ ਨੂੰ ਐਨਾ ਗਰਮ ਕਰ ਦਿੰਦੇ ਹਾਂ ਕਿ ਸਰੀਰ ਨੂੰ ਗਰਮ ਰੱਖਣ ਵਿੱਚ ਸਰੀਰ ਨੂੰ ਜਿੰਨੀ ਕੈਲਰੀ ਖਰਚ ਕਰਨੀ ਚਾਹੀਦੀ ਹੈ, ਇਹ ਨਹੀਂ ਹੋ ਪਾਉਂਦੀ। ਇਸ ਤਰ੍ਹਾਂ ਸਰੀਰ ਵਿੱਚ ਊਰਜਾ ਜਮ੍ਹਾਂ ਹੁੰਦੀ ਜਾਂਦੀ ਹੈ ਅਤੇ ਮੋਟਾਪਾ ਵਧਣ ਲੱਗਦਾ ਹੈ। ਚਾਰਦੀਵਾਰੀ ਵਿੱਚ ਖੁਦ ਨੂੰ ਬੰਦ ਰੱਖਣ ਦੇ ਰੁਝਾਣ ਨਾਲ ਵੀ ਹਾਲਾਤ ਵਿਗੜ ਰਹੇ ਹਨ।

## ਕਰੋੜਾਂ ਸਾਲਾਂ ਤੋਂ ਸਮੁੰਦਰ ਦੇ ਅੰਦਰ ਜੰਮਦੀ ਬਰਫ਼

ਅਟਾਂਰਕਟਿਕ ਦੀ ਬਰਫ਼ ਨੇ ਦੁਨੀਆਂ ਭਰ 'ਚ ਵਿਗਿਆਨੀਆਂ ਨੂੰ ਹੈਰਾਨ ਕਰ ਦਿੱਤਾ, ਪਹਿਲੀ ਵਾਰ ਪਤਾ ਚੱਲਿਆ ਹੈ ਕਿ ਅਟਾਂਰਕਟਿਕ ਦੀ ਜ਼ਿਆਦਾਤਰ ਬਰਫ਼ ਸਮੁੰਦਰ ਦੇ ਹੇਠਾਂ ਤੋਂ ਜੰਮਦੀ ਹੋਈ ਉੱਪਰਲੀ ਸਤ੍ਹਾ ਵੱਲ ਆਉਂਦੀ ਸੀ। ਹੁਣ ਤੱਕ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਬਰਫ਼ ਉੱਪਰ ਤੋਂ ਹੇਠਾਂ ਵੱਲ ਡਿੱਗਦੀ ਹੈ।

ਕੋਲੰਬੀਆ ਯੂਨੀਵਰਸਿਟੀ ਦੇ ਵਿਗਿਆਨੀ ਰਾਬਿਨ ਬੇਲ ਦਾ ਕਹਿਣਾ ਹੈ ਕਿ, "ਸਾਨੂੰ ਲੱਗਦਾ ਹੈ ਕਿ ਬਰਫ਼ ਦੀ ਸਤ੍ਹਾ ਕੇਕ ਦੀ ਤਰ੍ਹਾਂ ਹੁੰਦੀ ਹੈ। ਇੱਕ ਪਰਤ ਤੋਂ ਉੱਪਰ ਦੂਸਰੀ ਪਰਤ ਚੜ੍ਹਦੀ ਜਾਂਦੀ ਹੈ।" ਬੇਲ ਅਤੇ ਉਨ੍ਹਾਂ ਦੀ ਟੀਮ ਪੂਰਬੀ ਅਟਾਂਰਕਟਿਕ ਦੇ ਇੱਕ ਵੱਡੇ ਬਰਫ਼ੀਲੇ ਹਿੱਸੇ ਦਾ ਅਧਿਐਨ ਕਰ ਰਹੀ ਹੈ।

ਮਲਾਹ ਦੀਆਂ ਕਹਾਣੀਆਂ 'ਚ ਅਕਸਰ ਸਮੁੰਦਰ ਅੰਦਰ ਛਿਪੇ ਪਹਾੜਾਂ ਦਾ ਜ਼ਿਕਰ ਹੁੰਦਾ ਹੈ। ਵਿਗਿਆਨੀਆਂ ਨੂੰ ਅਜਿਹੇ ਸਬੂਤ ਵੀ ਮਿਲੇ ਹਨ ਕਿ ਸਮੁੰਦਰ ਦੇ ਅੰਦਰ ਬਰਫ਼ੀਲੀਆਂ ਚਟਾਨਾਂ ਹੀ ਹੁੰਦੀਆਂ ਹਨ। ਹੁਣ ਪਤਾ ਚੱਲ ਰਿਹਾ ਹੈ ਕਿ ਚਟਾਨਾਂ ਵਰਗੇ ਇਹ ਵਰਕ ਸਮੁੰਦਰ ਦੇ ਅੰਦਰ ਬਣਦੇ ਹਨ।

ਸੋਧ ਦੇ ਮੁਤਾਬਿਕ, "ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਬਰਫ਼ ਜੰਮਣ ਦੀ ਪ੍ਰਕਿਰਿਆ ਦੇ ਦੌਰਾਨ ਸਤ੍ਹਾ ਦਾ ਮੱਧ ਭਾਗ ਉੱਪਰ ਵੱਲ ਵਧਣ ਲੱਗਦਾ ਹੈ," ਅਧਿਐਨ ਤੋਂ ਪਤਾ ਚੱਲਿਆ ਹੈ ਕਿ 24 ਫੀਸਦੀ ਬਰਫ਼ ਸਮੁੰਦਰ ਦੇ ਅੰਦਰ ਹੀ ਜੰਮਦੀ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਕਈ ਵਾਰ ਸਮੁੰਦਰ ਦੇ ਅੰਦਰ ਬਰਫ਼ ਗਰਮੀ ਦੇ ਕਾਰਨ ਪਿਘਲਦੀ ਹੈ ਪਰ ਦੁਬਾਰਾ ਫਿਰ ਜੰਮ ਜਾਂਦੀ ਹੈ।

ਵਿਗਿਆਨੀਆਂ ਦੇ ਮੁਤਾਬਿਕ ਅਜਿਹਾ ਕਰੀਬ ਸਾਢੇ ਤਿੰਨ ਕਰੋੜ ਸਾਲਾਂ ਤੋਂ ਹੋ ਰਿਹਾ ਹੈ, ਪੂਰਬੀ ਅਟਾਂਰਕਟਿਕ ਦਾ ਇਲਾਕਾ 98 ਲੱਖ ਵਰਗ ਕਿਲੋਮੀਟਰ ਦਾ ਹੈ, ਖੇਤਰਫਲ ਦੇ ਲਿਹਾਜ ਨਾਲ ਇਹ ਤਕਰੀਬਨ ਅਮਰੀਕਾ ਦੇ ਬਰਾਬਰ ਹੈ, ਰਿਸਰਚ ਦੇ ਮੁਤਾਬਿਕ, "ਅਟਾਂਰਕਟਿਕ 'ਚ ਇੰਨਾ ਤਾਜ਼ਾ ਪਾਣੀ ਹੈ ਕਿ ਸਾਰੀ ਬਰਫ਼ ਵੀ ਪਿਘਲ ਜਾਵੇ ਤਾਂ ਵੀ ਤੱਟੀ ਇਲਾਕਿਆਂ 'ਚ ਭਾਰੀ ਮੁਸ਼ਕਿਲ ਹੋ ਸਕਦੀ ਹੈ।

ਇਸ ਸੋਧ 'ਚ ਅਮਰੀਕਾ, ਬ੍ਰਿਟੇਨ, ਜਰਮਨੀ, ਆਸਟਰੇਲੀਆ ਅਤੇ ਚੀਨ ਦੇ ਵਿਗਿਆਨੀ ਸ਼ਾਮਲ ਹਨ। ਚੀਨੀ ਵਿਗਿਆਨਕਾਂ ਨੂੰ ਉਮੀਦ ਹੈ ਕਿ ਇਹ ਇੱਕ ਬਰਫ਼ੀਲੀ ਚਟਾਨ ਦੀ ਖੁਦਾਈ ਕਰਕੇ ਜਲਵਾਯੂ ਪਰਿਵਰਤਨ ਨੂੰ ਲੈ ਕੇ ਜ਼ਰੂਰੀ ਜਾਣਕਾਰੀਆਂ ਇਕੱਠੀਆਂ ਕਰ ਸਕਣਗੇ। ਮੰਨਿਆ ਜਾਂਦਾ ਹੈ ਕਿ ਪੂਰਬੀ ਅਟਾਂਰਕਟਿਕ 'ਚ 10 ਲੱਖ ਸਾਲ ਤੋਂ ਵੀ ਪੁਰਾਣੀ ਬਰਫ਼ ਜਮ੍ਹਾਂ ਹੈ।

## ਹੁਣ ਤੁਸੀਂ ਆਪਣੀ ਕਾਰ ਨਾਲ ਵੀ ਗੱਲ ਕਰ ਸਕਦੇ ਹੋ

ਅਗਲੇ ਸਾਲ ਸਭ ਤੋਂ ਐਡਵਾਂਸ ਕਾਰ ਵਾਈਸ ਕਮਿਊਨੀਕੇਸ਼ਨ ਤਕਨੀਕ ਵਾਲੀਆਂ ਕਾਰਾਂ ਬਾਜ਼ਾਰ 'ਚ ਆ ਜਾਣਗੀਆਂ। ਇਸ ਤਰ੍ਹਾਂ ਤੁਸੀਂ ਆਪਣੀ ਕਾਰ ਨਾਲ ਵੀ ਗੱਲ ਕਰ ਸਕਦੇ ਹੋ। ਬੱਸ ਇੱਕ ਬਟਨ ਦਬਾਉਣ ਦੀ ਲੋੜ ਹੋਵੇਗੀ ਅਤੇ ਕਾਰ ਤੁਹਾਨੂੰ ਕਿਸੇ ਵੀ ਨਕਸ਼ੇ ਦੇ ਬਾਰੇ ਜਾਣਕਾਰੀ ਦੇਣ ਲੱਗ ਜਾਵੇਗੀ। ਫੋਰਡ ਕੰਪਨੀ ਦੇ ਇਸ ਮਾਡਲ ਦਾ ਨਾਮ ਫੋਕਸ ਰੱਖਿਆ ਗਿਆ ਹੈ। ਇਹ ਕਾਰ 19 ਭਾਸ਼ਾਵਾਂ 'ਚ 10,000 ਕਮਾਂਡ ਸਮਝ ਸਕਦੀ ਹੈ।

ਇਸ ਸਿਸਟਮ ਨੂੰ 'ਸਿੰਕ' ਕਿਹਾ ਜਾਂਦਾ ਹੈ। ਇਸਨੂੰ ਬਣਾਉਣ ਵਾਲਿਆਂ ਦਾ ਦਾਅਵਾ ਹੈ ਕਿ ਇਸ ਕਾਰ ਨਾਲ ਸਭ ਤੋਂ ਪੁਰਾਣੇ ਸਵਾਲ ਵੀ ਕੀਤੇ ਜਾ ਸਕਦੇ ਹਨ। ਮਸਲਨ ਦੇ ਪੈਟਰੋਲ ਪੰਪ ਕਿੰਨੇ ਕੁ ਦੂਰ ਹਨ? ਅਸੀਂ ਉੱਥੇ ਕਿੰਨੀ ਦੇਰ ਬਾਅਦ ਪਹੁੰਚਾਂਗੇ? ਇਸ ਤਰ੍ਹਾਂ ਚਾਲਕ ਆਡੀਓ ਅਤੇ ਟੈਲੀਫ਼ੋਨ ਨੂੰ ਵੀ ਕੰਟਰੋਲ ਕਰ ਸਕਦੇ ਹੋ। ਇੰਨਾ ਹੀ ਨਹੀਂ ਉਨ੍ਹਾਂ ਨੂੰ ਆਸ-ਪਾਸ ਦੇ ਇਲਾਕੇ ਦੇ ਵੀ ਜਾਣਕਾਰੀ ਮਿਲ ਸਕਦੀ ਹੈ।

ਫਿਲਹਾਲ ਬੀ. ਐਮ. ਡਬਲਯੂ ਅਤੇ ਮਰਸੀਡੀਜ਼ ਵਰਗੀਆਂ ਕੰਪਨੀਆਂ ਨੇ ਬੇਸਿਕ ਵਾਈਸ ਕਮਾਂਡ ਸਿਸਟਮ ਤਿਆਰ ਕੀਤੇ ਹਨ। ਫਿਰ ਵੀ ਫੋਰਡ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮਾਈਕਰੋਸਾਫ਼ਟ ਦੇ ਨਾਲ ਪਾਰਟਨਰਸ਼ਿਪ ਕਰਕੇ ਸਭ ਤੋਂ ਐਡਵਾਂਸ ਸਿਸਟਮ ਤਿਆਰ ਕੀਤਾ ਹੈ।

ਇਸ 'ਚ ਅਵਾਜ਼ ਦੇ ਕਈ ਰੂਪ ਹੋਣਗੇ, ਜਿਨ੍ਹਾਂ ਨਾਲ ਯੂਜ਼ਰ ਆਪਣੀ ਪਸੰਦ ਨੂੰ ਚੁਣ ਸਕਦੇ ਹਨ। ਕਿਸੇ 'ਚ ਔਰਤ ਦੀ ਅਤੇ ਕਿਸੇ 'ਚ ਰੋਬੋਟ ਦੀ ਅਵਾਜ਼ ਹੋਵੇਗੀ। ਜਰਮਨੀ 'ਚ ਹੋਏ ਟੈਕਨੋਲੋਜੀ ਸ਼ੋਅ 'ਚ ਕੰਪਨੀ ਨੇ ਇਸਦੀ ਘੋਸ਼ਣਾ ਕੀਤੀ ਹੈ। ਇਸ ਸਿਸਟਮ ਦੇ ਲਈ ਕਰੀਬ 350 ਪਾਊਂਡ ਹੋਰ ਜ਼ਿਆਦਾ ਖਰਚ ਕਰਨੇ ਹੋਣਗੇ।

## 2012 ਤੱਕ ਦਿਸ ਸਕਦਾ ਹੈ, ਇੱਕ ਹੋਰ ਸੂਰਜ, ਰਾਤਾਂ ਵੀ ਬਣਨਗੀਆਂ ਦਿਨ

ਸਾਲ 2012 ਤੱਕ ਕੁੱਝ ਅਜਿਹਾ ਹੋ ਸਕਦਾ ਹੈ, ਜਿਸਦੀ ਕਲਪਨਾ ਸ਼ਾਇਦ ਤੁਸੀਂ ਨਾ ਕੀਤੀ ਹੋਵੇ। ਹੋ ਸਕਦਾ ਹੈ, ਕਿਸੇ ਦਿਨ ਅਚਾਨਕ ਤੁਹਾਨੂੰ ਦਿਨ ਜ਼ਿਆਦਾ ਰੋਸ਼ਨ ਲੱਗਣ ਲੱਗ ਜਾਣ, ਰਾਤ ਨੂੰ ਚੰਦ ਦੇ ਨਾਲ ਸੂਰਜ ਵੀ ਚਮਕਦਾ ਦਿਸੇ। ਅਜਿਹਾ ਹੋ ਸਕਦਾ ਹੈ, ਜੇਕਰ ਵਿਗਿਆਨੀਆਂ ਦੁਆਰਾ ਕੀਤੀ ਇਹ ਭਵਿੱਖਬਾਣੀ ਸੱਚ ਹੋ ਜਾਵੇ ਤਾਂ। ਬ੍ਰਿਟਿਸ਼ ਅਖ਼ਬਾਰ ਦੇ ਮੁਤਾਬਿਕ, ਆਸਟਰੇਲੀਆ ਦੀ ਸਦਨਰ ਕੁਈਸਲੈਂਡ ਯੂਨੀਵਰਸਿਟੀ ’ਚ ਫਿਜੀਕਸ ਦੇ ਸੀਨੀਅਰ ਲੈਕਚਰਾਰ ਬ੍ਰੈਡ ਕਾਰਟਰ ਨੇ ਦਾਅਵਾ ਕੀਤਾ ਹੈ ਕਿ ਯੂਨੀਵਰਸ ਦੇ ਸਭ ਤੋਂ ਚਮਕਦਾਰ ਤਾਰਿਆਂ ’ਚੋਂ ਇੱਕ ਬੀਟਲਗੇਸ ਨਾਂ ਦਾ ਤਾਰਾ ਆਪਣੇ ਆਖਰੀ ਸਾਹ ਗਿਣ ਰਿਹਾ ਹੈ। ਇਹ ਜਲਦੀ ਹੀ ਇੱਕ ਵੱਡੇ ਵਿਸਫ਼ੋਟ ਤੋਂ ਬਾਅਦ ਸੁਪਰਨੋਵਾ ’ਚ ਤਬਦੀਲ ਹੋ ਕੇ ਖ਼ਤਮ ਹੋ ਜਾਵੇਗਾ। ਇਸ ਨਾਲ ਧਰਤੀ ’ਤੇ ਰੋਸ਼ਨੀ ਦੀ ਬਾਰਿਸ਼ ਹੋਵੇਗੀ ਅਤੇ ਇਸ ਸ਼ਾਨਦਾਰ ਲਾਈਟ ਵਰਕ ਨਾਲ ਧਰਤੀ ’ਤੇ ਰਾਤਾਂ ਵੀ ਸੂਰਜ ਦੀ ਰੌਸ਼ਨੀ ਨਾਲ ਨਹਾਈਆਂ ਹੋਣਗੀਆਂ, ਇਹ ਦੋ ਦਿਨ ਤੱਕ ਨਹੀਂ, ਦੋ ਹਫ਼ਤੇ ਤੱਕ ਰਹਿ ਸਕਦਾ ਹੈ। ਰਿਪੋਟ ਦੇ ਮੁਤਾਬਿਕ ਇਸ ਤਾਰੇ ਦਾ ਵਿਸਫੋਟ ਇਨਾ ਚਮਕਦਾਰ ਹੋਵੇਗਾ ਕਿ ਇਹ ਧਰਤੀ ਤੋਂ 640 ਪ੍ਰਕਾਸ਼ ਸਾਲ ਦੂਰ ਹੁੰਦੇ ਹੋਏ ਵੀ ਧਰਤੀ ’ਤੇ ਰਾਤਾਂ ਨੂੰ ਦਿਨ ’ਚ ਬਦਲ ਦੇਵੇਗਾ। ਧਰਤੀ ਨੂੰ ਦੇਖਣ ’ਤੇ ਅਜਿਹਾ ਲੱਗੇਗਾ ਕਿ ਅਸਮਾਨ ’ਚ ਦੋ ਸੂਰਜ ਉੱਗ ਆਏ ਹਨ। ਇਸ ਘਟਨਾ ਦੇ ਬਾਰੇ ’ਚ ਇਕਲੌਤੀ ਬਹਿਸ ਇਸ ਗੱਲ ’ਤੇ ਹੋ ਰਹੀ ਹੈ ਕਿ ਇਹ ਨਜ਼ਾਰਾ ਕਦੋਂ ਦੇਖਣ ਨੂੰ ਮਿਲੇਗਾ। ਡਾ. ਕਾਰਟਰ ਦੇ ਮੁਤਾਬਿਕ ਇਹ ਬਲਾਸਟ ਸਾਲ 2012 ਤੋਂ ਪਹਿਲਾਂ ਵੀ ਹੋ ਸਕਦਾ ਹੈ ਜਾਂ ਫਿਰ ਅਗਲੇ ਦਸ ਸਾਲਾਂ ’ਚ ਵੀ ਸੰਭਵ ਹੋ ਸਕਦਾ ਹੈ। ਇੱਕ ਆਸਟਰੇਲੀਆਈ ਵੈੱਬਸਾਈਟ ਨਾਲ ਗੱਲ ਕਰਦੇ ਹੋਏ ਕਾਰਟਰ ਨੇ ਕਿਹਾ ਹੈ ਕਿ ਬੁੱਢੇ ਹੋ ਚੁੱਕੇ ਇਸ ਤਾਰੇ ਦੇ ਕੇਂਦਰ ’ਚ ਈਂਧਨ ਖ਼ਤਮ ਹੋ ਰਿਹਾ ਹੈ। ਇਹ ਈਂਧਨ ਦੇ ਬਲ ’ਤੇ ਹੀ ਚਮਕਦਾ ਹੈ ਅਤੇ ਜ਼ਿੰਦਾ ਰਹਿੰਦਾ ਹੈ। ਜਦੋਂ ਇਹ ਈਂਧਨ ਖ਼ਤਮ ਹੋ ਜਾਵੇਗਾ ਤਾਂ ਇਹ ਤੁਰੰਤ ਆਪਣੇ ਆਪ ਨੂੰ ਖ਼ਤਮ ਕਰ ਦੇਵੇਗਾ। ਇਸ ਦੌਰਾਨ ਸਾਨੂੰ ਕੁੱਝ ਹਫ਼ਤਿਆਂ ’ਚ ਬਹੁਤ ਜ਼ਿਆਦਾ ਰੌਸ਼ਨੀ ਆਉਂਦੀ ਦਿਸੇਗੀ, ਪਰ ਉਸ ਤੋਂ ਕੁੱਝ ਮਹੀਨਿਆਂ ’ਚ ਇਹ ਸਭ ਬੰਦ ਹੋ ਜਾਵੇਗਾ ਅਤੇ ਇਸਨੂੰ ਦੇਖਣਾ ਮੁਸ਼ਕਿਲ ਹੋ ਜਾਵੇਗਾ।

ਬੀਟਲਗੇਸ ਦੇ ਕਾਰਨ ਅਸਮਾਨ ’ਚ ਦੋ ਸੂਰਜ ਦਿਸਣ ਦੀ ਸਨਸਨੀ ਇੰਟਰਨੈੱਟ ’ਤੇ ਵੀ ਛਾ ਸਕਦੀ ਹੈ। ਕਈ ਲੋਕ ਇਸ ਨੂੰ ਪਰਲੇ ਦੀ ਥਿਊਰੀ ਨਾਲ ਜੋੜਕੇ ਦੇਖ ਰਹੇ ਹਨ, ਤੇ ਕਈ 2012 ਦੇ ਕੈਲੰਡਰ ਦੀਆਂ ਭਵਿੱਖਬਾਣੀਆਂ ਨਾਲ। ਮਾਹਰਾਂ ਦਾ ਕਹਿਣਾ ਹੈ ਕਿ ਇਹ ਘਟਨਾ ਧਰਤੀ ਤੋਂ ਬਹੁਤ ਦੂਰ ਹੋਵੇਗੀ, ਇਸ ਕਾਰਨ ਸਾਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਡਾ. ਕਾਰਟਰ ਦਾ ਕਹਿਣਾ ਹੈ ਕਿ ਜਦੋਂ ਕਿਸੇ ਤਾਰੇ ’ਚ ਵਿਸਫ਼ੋਟ ਹੁੰਦਾ ਹੈ, ਤਾਂ ਸਭ ਤੋਂ ਪਹਿਲਾਂ ਨਿਊਟਰਸ ਨਾਮ ਦੇ ਛੋਟੇ ਕਣਾਂ ਦੀ ਵਰਖਾ ਹੁੰਦੀ ਦਿਖਾਈ ਦਿੰਦੀ ਹੈ। ਬੀਟਲਗੇਸ ਦੇ ਮਾਮਲੇ ’ਚ ਵੀ ਨਿਊਟਰਸ ਧਰਤੀ ’ਤੇ ਬਰਸਣਗੇ ਅਤੇ ਇਸ ਨਾਲ ਸੁਪਰਨੋਵਾ ਦੀ 90 ਪ੍ਰਤੀਸ਼ਤ ਐਨਰਜੀ ਬਿਖਰ ਜਾਵੇਗੀ ਪਰ ਇਸਦਾ ਇਨਸਾਨੀ ਸਰੀਰ ’ਤੇ ਜਾਂ ਧਰਤੀ ’ਤੇ ਕੋਈ ਨੁਕਸਾਨ ਨਹੀਂ ਹੋਵੇਗਾ।

**ਕੀ ਹੈ ਬੀਟਲਗੇਸ** - ਇਹ ਇੱਕ ਤਾਰਾ ਹੈ ਜਿਸਨੂੰ ਬ੍ਰਹਿਮੰਡ ਦੇ ਸਭ ਤੋਂ ਵੱਡੇ ਚਮਕਦਾਰ ਤਾਰਿਆਂ ਦੇ ਓਰੀਅਨ ਕਾਨਸਟੀਲੇਸ਼ਨ ’ਚ ਹੈ। ਇਹ ਧਰਤੀ ਤੋਂ 640 ਪ੍ਰਕਾਸ਼ ਵਰ੍ਹੇ ਦੂਰ ਹੈ। ਪ੍ਰਕਾਸ਼ ਵਰ੍ਹੇ ਦਾ ਮਤਲਬ ਪ੍ਰਕਾਸ ਦੁਆਰਾ ਇੱਕ ਸਾਲ ’ਚ ਤੈਅ ਕੀਤੀ ਗਈ ਦੂਰੀ ਹੁੰਦਾ ਹੈ,

## ਏਟੀਅਮ ਦੇ ਕੈਸ ਨਾਲ ਮਿਲਦੇ ਹਨ ਕੀਟਾਣੂ ਮੁਫ਼ਤ



ਏਟੀਅਮ ਦਾ ਇਸਤੇਮਾਲ ਕਰਨ ਤੋਂ ਬਾਅਦ ਤੁਸੀਂ ਆਪਣੇ ਹੱਥਾਂ ਦੀ ਸਫ਼ਾਈ ’ਤੇ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦੇਵੋ। ਇੰਗਲੈਂਡ ਵਿੱਚ ਕੀਤੇ ਗਏ ਇੱਕ ਟੈਸਟ ਤੋਂ ਪਤਾ ਲੱਗਿਆ ਹੈ ਕਿ ਕੈਸ਼ ਕੱਢਣ ਵਾਲੀਆਂ ਇਨ੍ਹਾਂ ਮਸ਼ੀਨਾਂ ਦੇ ਕੀਪੈਡ ’ਤੇ ਅਜਿਹੇ ਬੈਕਟੀਰੀਆ ਮੌਜੂਦ ਰਹਿੰਦੇ ਹਨ ਜੋ ਡਾਈਰਿਆ ਜਾਂ ਹੋਰ ਬਿਮਾਰੀਆਂ ਕਦੇ ਵੀ ਤੁਹਾਡੇ ਕੋਲ ਪਹੁੰਚਾ ਸਕਦੇ ਹਨ।

ਬ੍ਰਿਟਿਸ਼ ਅਖ਼ਬਾਰ ਦ ਟੈਲੀਗ੍ਰਾਫ ਦੇ ਮੁਤਾਬਿਕ ਅਸੀਂ ਬੈਕਟੀਰੀਆ ਦੀ ਮੌਜੂਦਗੀ ਦੇ ਮਾਮਲੇ ਵਿੱਚ ਏਟੀਅਮ ਮਸ਼ੀਨਾਂ ਅਤੇ ਪਬਲਿਕ ਟੋਇਲਟ ਦੀ ਤੁਲਨਾ ਕਰਨਾ ਚਾਹੁੰਦੇ ਸੀ। ਟੈਸਟ ਦੇ ਬਾਦ ਮਿਲੇ ਨਤੀਜੇ ਨੇ ਸਾਨੂੰ ਹੈਰਾਨ ਕਰ ਦਿੱਤਾ।

ਏਟੀਅਮ ਮਸ਼ੀਨਾਂ ਵਿੱਚ ਖਤਰਨਾਕ ਬੈਕਟੀਰੀਆ ਦੀ ਮੌਜੂਦਗੀ ਕਿਸੇ ਆਮ ਪਬਲਿਕ ਟੋਇਲਟ ਦੇ ਜਿੰਨੀ ਹੀ ਸੀ। ਇਹ ਹੀ ਨਹੀਂ ਜੋ ਬੈਕਟੀਰੀਆ ਏਟੀਅਮ ’ਤੇ ਮਿਲੇ, ਲਗਭਗ ਅਜਿਹੇ ਹੀ ਪਬਲਿਕ ਟੋਇਲਟ ਦੇ ਸੈਂਪਲਾਂ ਵਿੱਚ ਵੀ ਪਾਏ ਗਏ। ਯਾਨੀ ਦੋਨਾਂ ਹੀ ਜਗ੍ਹਾਵਾਂ ਤੇ ਆਮ ਇਨਸਾਨੀ ਬੀਮਾਰੀਆਂ ਨੂੰ ਫੈਲਾਉਣ ਵਾਲੇ ਕੀਟਾਣੂ ਸਨ।

ਬਾਇਓਕੋਟ ਨੇ ਇਹ ਟੈਸਟ ਸਾਫ਼-ਸਫਾਈ ਨੂੰ ਲੈ ਕੇ ਵੱਧਦੀ ਚਿੰਤਾ ਨੂੰ ਮੰਦੇਨਜ਼ਰ ਰੱਖਦੇ ਹੋਏ ਕੀਤਾ ਸੀ। ਹਾਲ ਹੀ ਵਿੱਚ ਕੀਤੇ ਗਏ ਇਕ ਟੈਸਟ ਨਾਲ ਪਤਾ ਲੱਗਿਆ ਸੀ ਕਿ ਲੋਕ ਪਬਲਿਕ ਟੋਇਲਟ ਨੂੰ ਸਿਹਤ ਦੇ ਲਈ ਸਭ ਤੋਂ ਵੱਡਾ ਖਤਰਾ ਮੰਨਦੇ ਹਨ।

ਕੰਪਨੀ ਨੇ 3000 ਲੋਕਾਂ ’ਤੇ ਟੈਸਟ ਕੀਤਾ ਸੀ, ਜਿਸ ਵਿੱਚ ਦੂਸਰੇ ਨੰਬਰ ’ਤੇ ਸਭ ਤੋਂ ਗੰਦਾ ਅਤੇ ਸਿਹਤ ਦੇ ਲਈ ਖਤਰਨਾਕ ਪਬਲਿਕ ਟੈਲੀਫੋਨ ਬੂਥ ਨੂੰ ਦੱਸਿਆ ਗਿਆ ਸੀ। ਇਸ ਟੈਸਟ ਵਿੱਚ ਲੋਕਾਂ ਨੇ ਗੰਦਗੀ ਦੇ ਮਾਮਲੇ ਵਿੱਚ ਤੀਸਰੇ ਨੰਬਰ ’ਤੇ ਬੱਸ ਅੱਡਾ, ਚੌਥੇ ਨੰਬਰ ’ਤੇ ਰੇਲਵੇ ਸਟੇਸ਼ਨ, ਪੰਜਵੇਂ ਨੰਬਰ ’ਤੇ ਬੱਸ ਦੀਆਂ ਸੀਟਾਂ, ਛੇਵੇ ਨੰਬਰ ’ਤੇ ਰੇਲ ਗੱਡੀ ਦੀਆਂ ਸੀਟਾਂ, ਸੱਤਵੇਂ ਨੰਬਰ ’ਤੇ ਏਟੀਅਮ ਮਸ਼ੀਨ, ਅੱਠਵੇਂ ਨੰਬਰ ’ਤੇ ਟ੍ਰੇਨ ਸਟੇਸ਼ਨ, ਨੌਵੇਂ ਨੰਬਰ ’ਤੇ ਟ੍ਰੇਨ ਦੀ ਸੀਟ ਅਤੇ ਦਸਵੇਂ ਨੰਬਰ ’ਤੇ ਚਿਪ ਅਤੇ ਪਿਨ ਮਸ਼ੀਨਾਂ ਨੂੰ ਰੱਖਿਆ ਸੀ।

ਪਬਲਿਕ ਟੈਲੀਫੋਨ ਬੂਥ ਕੀਟਾਣੂਆਂ ਦੇ ਪੈਦਾ ਹੋਣ ਅਤੇ ਉਨ੍ਹਾਂ ਦੇ ਵੱਧਣ ਫੁੱਲਣ ਦੇ ਮਾਮਲੇ ਵਿੱਚ ਸਭ ਤੋਂ ਵੱਡਾ ਖਤਰਾ ਹੈ। ਇਨ੍ਹਾਂ ਨੂੰ ਹਰ ਦਿਨ ਨਾ ਸਿਰਫ਼ ਅਲੱਗ-ਅਲੱਗ ਲੋਕ ਇਸਤੇਮਾਲ ਕਰਦੇ ਹਨ ਬਲਕਿ ਇਨ੍ਹਾਂ ਦੇ ਹੈਂਡਸੈਟ ਲੋਕ ਆਪਣੇ ਨੱਕ ਜਾਂ ਮੂੰਹ ਦੇ ਕਰੀਬ ਵੀ ਰੱਖਦੇ ਹਨ।

ਯਾਨੀ ਕਿ ਸਰਦੀ ਜੁਕਾਮ ਤੋਂ ਪੀੜਤ ਜੇਕਰ ਇਕ ਵੀ ਵਿਅਕਤੀ ਇਸਦਾ ਇਸਤੇਮਾਲ ਕਰਦਾ ਹੈ ਤਾਂ ਬਿਮਾਰੀ ਦੇ ਕੀਟਾਣੂ ਦੂਸਰਾ ਵਿਅਕਤੀ ਜੋ ਇਸ ਨੂੰ ਵਰਤਦਾ ਹੈ ਉਸ ਤੱਕ ਆਸਾਨੀ ਨਾਲ ਪਹੁੰਚ ਜਾਣਗੇ।

# ਹੈਨੋਵਰ ਦੇ ਰੋਬਟ ਦਾ ਸੰਦੇਸ਼, ਅਸੀਂ ਦੁਨੀਆਂ ਬਦਲਣ ਵਾਲੇ ਹਾਂ

ਦੁਨੀਆਂ ਦੇ ਸਭ ਤੋਂ ਵੱਡੇ ਆਈ. ਟੀ. ਮੇਲੇ 'ਚ ਰੋਬਟ ਦਾ ਹੋਣਾ ਹੈਰਾਨੀ ਵਾਲੀ ਗੱਲ ਨਹੀਂ, ਪਰ ਜਰਮਨੀ ਦੇ ਸ਼ਹਿਰ ਹੈਨੋਵਰ ਦੇ ਸੇਬਿਟ ਮੇਲੇ 'ਚ ਇਸ ਵਾਰ ਰੋਬਟ ਦਾ ਸੰਦੇਸ਼ ਹੈ, ਅਸੀਂ ਦੁਨੀਆਂ ਬਦਲਣ ਵਾਲੇ ਹਾਂ।







ਸੇਬਿਟ ਮੇਲੇ ਦੇ ਹਾਲ ਨੰਬਰ ਨੌਂ 'ਚ ਰੋਬਟਥੇਪਸੀਅਨ ਦੀ ਸਟਾਲ ਦੇ ਅੱਗੇ ਤੋਂ ਲੰਘਣਾ ਥੋੜ੍ਹਾ ਮੁਸ਼ਕਿਲ ਹੈ, ਕਿਉਂਕਿ ਉੱਥੇ ਕਾਫੀ ਭੀੜ ਲੱਗੀ ਰਹਿੰਦੀ ਹੈ। ਥੇਸਪੀਅਨ ਤੁਹਾਨੂੰ ਰੋਕ ਲੈਂਦਾ ਹੈ ਅਤੇ ਇੰਨਾ ਮਿੱਠਾ ਗਾਣਾ ਸੁਣ ਕੇ ਤਾਂ ਕੋਈ ਵੀ ਰੁਕ ਸਕਦਾ ਹੈ ਅਤੇ ਫਿਰ ਅਚਾਨਕ ਉਹ ਸੈਕਸਪੀਅਰ ਦੇ ਨਾਟਕ ਹੈਮਲੈਟ ਦੇ ਡਾਇਲਾਗ ਬੋਲਣ ਲੱਗਦਾ ਹੈ, ਜੇਕਰ ਤੁਸੀਂ ਉਸ ਨੂੰ ਕਹੋ ਕਿ ਟੈਕਸੀ ਡਰਾਈਵਰ ਦੀ ਤਰ੍ਹਾਂ ਗੱਲ ਕਰਕੇ ਦਿਖਾਏ ਤਾਂ ਥੇਮਸਪੀਅਨ ਹੈਰਾਨ ਹੋ ਜਾਂਦਾ ਹੈ, ਉਹ ਤੁਹਾਨੂੰ ਪੁੱਛਦਾ ਹੈ ਕਿ ਬਿਲਕੁਲ ਡਰਾਈਵਰ ਦੀ ਤਰ੍ਹਾਂ ਹੀ ਗੱਲ ਕਰਨੀ ਹੈ ਕਿਉਂਕਿ ਹੈਮਲੈਟ ਦੇ ਡਾਇਲਾਗ ਬੋਲਣਾ ਉਸਨੂੰ ਜਿੰਨਾ ਪਸੰਦ ਹੁੰਦਾ ਹੈ, ਉਨਾਂ ਹੀ ਟੈਕਸੀ ਡਰਾਈਵਰ ਦੀ ਤਰ੍ਹਾਂ ਗੱਲ ਕਰਨਾ ਉਸ ਲਈ ਮੁਸ਼ਕਿਲ ਹੁੰਦਾ ਹੈ। ਪਰ ਜੇਕਰ ਤੁਹਾਡੀ ਇੱਛਾ ਹੈ ਤਾਂ ਇਹ ਤੁਹਾਨੂੰ ਇਨਕਾਰ ਨਹੀਂ ਕਰੇਗਾ ਸਗੋਂ ਤੁਹਾਨੂੰ ਉਸਦੀ ਨਕਲ ਕਰਕੇ ਦਿਖਾ ਦੇਵੇਗਾ।

ਹੈਨੋਵਰ ਮੇਲੇ 'ਚ ਰੋਬਟਾਂ ਨੂੰ ਦੇਖ ਕੇ ਅਜਿਹਾ ਲੱਗਦਾ ਹੈ ਕਿ ਉਹ ਤੁਹਾਡੀ ਦੁਨੀਆਂ ਬਦਲਣ ਦੀ ਤਿਆਰੀ ਕਰ ਰਹੇ ਹਨ। ਉਹ ਗੱਡੀ ਚਲਾਉਣ ਤੋਂ ਲੈ ਕੇ ਮਿਊਜ਼ੀਅਮ ਦਿਖਾਉਣ ਤੱਕ ਹਰ ਕੰਮ ਕਰਨ 'ਚ ਸਹਾਇਕ ਹਨ। ਫਰਾਂਸ ਦੀ ਕੰਪਨੀ ਦਾ ਰੋਬਟ ਤਾਂ ਬਿਜਨੈੱਸ ਦੀ ਦੁਨੀਆਂ 'ਚ ਪ੍ਰਵੇਸ਼ ਕਰਨ ਜਾ ਰਿਹਾ ਹੈ।

ਕੰਪਨੀ ਦਾ ਕਹਿਣਾ ਹੈ ਕਿ ਇਹ ਟੈਲੀਪ੍ਰੇਜੈਂਸ ਰੋਬਟ ਸਫ਼ਰ ਕਰਨ ਦੀ ਜ਼ਰੂਰਤ ਨੂੰ ਵੀ ਖ਼ਤਮ ਕਰ ਦੇਵੇਗਾ। ਇਸ ਨੂੰ ਕੰਟਰੋਲ ਕਰਨ ਦੇ ਲਈ ਬੱਸ ਇੰਟਰਨੈੱਟ ਅਤੇ ਸਮਾਰਟਫੋਨ ਜਾਂ ਲੈਪਟਾਪ ਦੀ ਜ਼ਰੂਰਤ ਹੈ। ਫਿਰ ਜੈਜ ਤੁਹਾਡਾ ਰੂਪ ਧਾਰਨ ਕਰ ਲਵੇਗਾ, ਪਰ ਸੁਣਨ 'ਚ ਇਹ ਗੱਲ ਥੋੜੀ ਅਜੀਬ ਲੱਗਦੀ ਹੈ, ਇਸ ਲਈ ਤੁਹਾਨੂੰ ਇਸ ਤਰ੍ਹਾਂ ਸਮਝਾਉਂਦੇ ਹਾਂ, ਮੰਨ ਲਓ ਕਿ ਤੁਸੀਂ ਦਿੱਲੀ 'ਚ ਬੈਠੇ ਹੋ ਅਤੇ ਤੁਸੀਂ ਬਰਲਿਨ 'ਚ ਕੋਈ ਪ੍ਰੈਜੇਂਟੇਸ਼ਨ ਦੇਣਾ ਚਾਹੁੰਦੇ ਹੋ, ਤਾਂ ਤੁਹਾਨੂੰ ਖ਼ੁਦ ਬਰਲਿਨ 'ਚ ਆਉਣ ਦੀ ਕੋਈ ਜ਼ਰੂਰਤ ਨਹੀਂ। ਉੱਥੇ ਇੱਕ ਜੈਜ ਹੋਵੇਗਾ, ਜਿਸ ਨੂੰ ਤੁਸੀਂ ਆਪਣੇ ਫ਼ੋਨ ਜਾਂ ਲੈਪਟਾਪ ਦੇ ਜ਼ਰੀਏ ਕਮਾਂਡ ਦੇ ਸਕਦੇ ਹੋ, ਉਸ ਸਮੇਂ ਜੈਜ ਦੇ ਚਿਹਰੇ 'ਚ ਤੁਹਾਡਾ ਚਿਹਰਾ ਨਜ਼ਰ ਆਵੇਗਾ ਅਤੇ ਤੁਸੀਂ ਆਪਣੀ ਅਵਾਜ਼ 'ਚ ਹੀ ਗੱਲ ਕਰ ਸਕੋਗੇ।

ਸੇਗੋਲੀਨ ਰੋਸ਼ੇ ਦਾ ਕਹਿਣਾ ਹੈ ਕਿ ਜੈਜ ਟੈਲੀਕਾਨਫ੍ਰੈਂਸਿੰਗ ਦਾ ਮਤਲਬ ਹੀ ਬਦਲ ਦੇਵੇਗਾ, ਉਨ੍ਹਾਂ ਦੇ ਮੁਤਾਬਿਕ ਇਹ ਇੱਕ ਵਾਰ ਚਾਰਜ ਕਰਨ ਤੋਂ ਬਾਅਦ ਪੰਜ ਘੰਟੇ ਤੱਕ ਕੰਮ ਕਰ ਸਕਦਾ ਹੈ। ਕਰੀਬ ਚਾਰ ਕਿਲੋਮੀਟਰ ਤੱਕ ਚੱਲ ਸਕਦਾ ਹੈ ਅਤੇ ਜਦੋਂ ਇਸਦੀ ਬੈਟਰੀ ਖ਼ਤਮ ਹੋ ਜਾਂਦੀ ਹੈ ਤਾਂ ਖ਼ੁਦ ਹੀ ਆਪਣੇ ਚਾਰਜਿੰਗ ਸਟੇਸ਼ਨ 'ਤੇ ਪਹੁੰਚ ਜਾਵੇਗਾ। ਕਰੀਬ ਅੱਠ ਹਜ਼ਾਰ ਯੂਰੋ ਦੀ ਕੀਮਤ ਵਾਲਾ ਜੈਜ ਕਾਲੇ ਅਤੇ ਸਫ਼ੈਦ ਰੰਗ 'ਚ ਮੁਹੱਈਆ ਕਰਵਾਇਆ ਜਾ ਰਿਹਾ ਹੈ ਅਤੇ ਇਹ ਦੇਖਣ 'ਚ ਖ਼ੂਬਸੂਰਤ ਵੀ ਹੈ।

ਹੈਨੋਵਰ 'ਚ ਰੋਬਟ ਐਸ਼ ਕਰ ਰਹੇ ਹਨ, ਕਿਤੇ ਉਹ ਫੁਟਬਾਲ ਖੇਡ ਰਹੇ ਹਨ, ਕਿਤੇ ਗੱਡੀਆਂ ਚਲਾ ਰਿਹਾ ਹੈ ਤੇ ਕਿਤੇ ਟ੍ਰੈਫ਼ਿਕ ਨੂੰ ਨਿਯੰਤਰਿਤ ਕਰ ਰਿਹਾ ਹੈ, ਸੰਦੇਸ਼ ਇੱਕ ਹੀ ਹੈ, ਨਵੀਂ ਦੁਨੀਆਂ ਦੇ ਲਈ ਤਿਆਰ ਹੋ ਜਾਓ।

# ਨਵੀਂ ਤਕਨੀਕ ਨਾਲ ਉੱਡ ਗਈ ਲੋਕਾਂ ਦੀ ਨੀਂਦ








©AP

ਟੀ. ਵੀ. ਸੈੱਲਫ਼ੋਨ ਅਤੇ ਲੈਪਟੋਪ ਦੀ ਕੀਮਤ ਨੇ ਹੁਣ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ। ਤਕਨੀਕ ਦਾ ਵਿਕਾਸ ਲੋਕਾਂ ਨੂੰ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਤੋਂ ਦੂਰ ਲੈ ਕੇ ਜਾ ਰਿਹਾ ਹੈ।

ਦੁਨੀਆਂ ਭਰ ਦੇ ਜ਼ਿਆਦਾਤਰ ਦੇਸ਼ਾਂ 'ਚ ਸੌਣ ਤੋਂ ਪਹਿਲਾਂ ਟੀ. ਵੀ. ਦੇਖਣਾ ਇੱਕ ਜ਼ਰੂਰੀ ਕੰਮ ਬਣ ਗਿਆ ਹੈ। ਇਸ ਤੋਂ ਇਲਾਵਾ ਹੁਣ ਇਸ 'ਤੇ ਵੀਡੀਓ ਗੇਮ ਖੇਡਣਾ, ਦੇਰ ਰਾਤ ਤੱਕ ਈਮੇਲ ਚੈੱਕ ਕਰਨਾ ਅਤੇ ਇੰਟਰਨੈੱਟ ਤੇ ਚੈਟ ਕਰਨਾ ਜਾਂ ਫਿਰ ਐਸ. ਐਮ. ਐਸ. ਕਰਨਾ ਰੋਜ਼ਮਰਾ ਜ਼ਿੰਦਗੀ ਦਾ ਇੱਕ ਅੰਗ ਹਨ। ਨਤੀਜਾ ਕਿ ਲੋਕਾਂ ਦੇ ਸੌਣ ਵਿੱਚ ਰੁਕਾਵਟ ਆਉਂਦੀ ਹੈ। ਸੈੱਲਫ਼ੋਨ ਅਤੇ ਕੰਪਿਊਟਰ ਵਰਗੇ ਉਪਕਰਣ ਜੋ ਸਾਡੀ ਜ਼ਿੰਦਗੀ ਨੂੰ ਉਪਯੋਗੀ ਅਤੇ ਮਜ਼ੇਦਾਰ ਬਣਾਉਣ ਲਈ ਤਿਆਰ ਕੀਤੇ ਗਏ ਸਨ। ਉਹ ਸਾਡੀ ਨੀਂਦ ਉਡਾ ਰਹੇ ਹਨ। ਨਤੀਜਾ ਰਾਤ ਸਮੇਂ ਘੱਟ ਸੌਣਾ ਅਤੇ ਫਿਰ ਉਸਦਾ ਅਸਰ ਸਾਡੇ ਰੋਜ਼ਾਨਾ ਦੇ ਕੰਮ ਕਾਜ 'ਤੇ ਪੈਂਦਾ ਹੈ।

95 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਹ ਰਾਤ ਨੂੰ ਸੌਣ ਤੋਂ ਪਹਿਲਾਂ ਘੱਟ ਤੋਂ ਘੱਟ ਇੱਕ ਘੰਟਾ ਇਲੈਕਟ੍ਰੋਨਿਕ ਗੈਜਟ ਦੇ ਨਾਲ ਕੰਮ ਕਰਦੇ ਹਨ, ਇਨ੍ਹਾਂ 'ਚੋਂ ਦੋ ਤਿਹਾਈ ਲੋਕਾਂ ਦਾ ਮੰਨਣਾ ਹੈ ਕਿ ਇਸ ਵਜ੍ਹਾ ਨਾਲ ਹਫ਼ਤੇ 'ਚ ਉਨ੍ਹਾਂ ਦੀ ਨੀਂਦ ਪੂਰੀ ਨਹੀਂ ਹੁੰਦੀ, ਹਾਰਵਰਡ ਮੈਡੀਕਲ ਸਕੂਲ ਦੇ ਚਾਰਲਸ ਜਾਈਸਲਰ ਨੇ ਦੱਸਿਆ ਕਿ ਸੌਣ ਤੋਂ ਪਹਿਲਾਂ ਬਣਾਵਟੀ ਰੌਸ਼ਨੀ ਦੇ ਦਾਇਰੇ 'ਚ ਰਹਿਣ ਨਾਲ ਜਾਗਰੂਕਤਾ ਵੱਧ ਜਾਂਦੀ ਹੈ ਅਤੇ ਮਿਲੇਟੋਨਿਨ ਦਾ ਬਣਨਾ ਘੱਟ ਹੋ ਜਾਂਦਾ ਹੈ। ਮਿਲੇਟੋਨਿਨ ਹਾਰਮਸ ਨੀਂਦ ਲਿਆਉਣ 'ਚ ਮੱਦਦਗਾਰ ਹੁੰਦਾ ਹੈ, ਇਕ ਇੰਟਰਵਿਊ 'ਚ ਜਾਈਸਲਰ ਨੇ ਕਿਹਾ, ਤਕਨੀਕ ਦੀ ਇਹ ਘੁਸਪੈਠ ਲੋਕਾਂ ਦੇ ਲਈ ਜ਼ਰੂਰੀ ਨੀਂਦ ਦੇ ਘੰਟਿਆਂ 'ਚ ਕਮੀ ਲਿਆ ਰਹੀ ਹੈ।

**ਹਰ ਮਹੀਨੇ ਨੀਂਦ 'ਚ 50 ਘੰਟੇ ਦੀ ਕਮੀ** : 46 ਤੋਂ 64 ਸਾਲ ਦੀ ਉਮਰ ਵਾਲੇ ਲੋਕਾਂ 'ਤੇ ਇਸਦਾ ਬਹੁਤ ਬੁਰਾ ਅਸਰ ਦੇਖਣ ਨੂੰ ਮਿਲਿਆ ਹੈ, ਇਹ ਲੋਕ ਹਰ ਰੋਜ਼ ਸੌਣ ਤੋਂ ਪਹਿਲਾਂ ਟੀ. ਵੀ. ਦੇਖਦੇ ਹਨ। 13 ਤੋਂ 18 ਸਾਲ ਵਿਚਕਾਰ ਦੀ ਉਮਰ ਵਾਲੇ ਇੱਕ ਤਿਹਾਈ ਤੋਂ ਜ਼ਿਆਦਾ ਅਤੇ 19 ਤੋਂ 29 ਸਾਲ ਦੀ ਉਮਰ ਵਾਲੇ 28 ਫੀਸਦੀ ਨੌਜਵਾਨ ਸੌਣ ਤੋਂ ਪਹਿਲਾਂ ਵੀਡੀਓ ਗੇਮ ਖੇਡਣ 'ਚ ਆਪਣਾ ਸਮਾਂ ਬਰਬਾਦ ਕਰਦੇ ਹਨ। 61 ਫੀਸਦੀ ਲੋਕਾਂ ਨੇ ਇਹ ਵੀ ਕਿਹਾ ਕਿ ਉਹ ਹਫ਼ਤੇ 'ਚ ਇੱਕ ਤੋਂ ਜ਼ਿਆਦਾ ਵਾਰ ਰਾਤ ਨੂੰ ਸੌਣ ਤੋਂ ਪਹਿਲਾਂ ਆਪਣੇ ਲੈਪਟਾਪ ਅਤੇ ਕੰਪਿਊਟਰ ਦਾ ਇਸਤੇਮਾਲ ਕਰਦੇ ਹਨ। ਇਸ ਤੋਂ ਇਲਾਵਾ ਹਮੇਸ਼ਾ ਸੰਪਰਕ 'ਚ ਰਹਿਣ ਦੀ ਕੀਮਤ ਵੀ ਲੋਕਾਂ ਨੂੰ ਆਪਣੀ ਨੀਂਦ ਦੇ ਰੂਪ ਵਿੱਚ ਚੁਕਾਉਣੀ ਪੈਂਦੀ ਹੈ। ਕਿਉਂਕਿ ਅਕਸਰ ਦੇਰ ਰਾਤ ਤੱਕ ਆਉਣ ਵਾਲੇ ਫ਼ੋਨ ਅਤੇ ਐਸ. ਐਮ. ਐਸ. ਨੀਂਦ ਦਾ ਬੇੜਾ ਗਰਕ ਕਰ ਦਿੰਦੇ ਹਨ।

ਐਨ. ਐਸ. ਐਫ. ਦੇ ਸਰਵੇ ਦਾ ਜਵਾਬ ਦੇਣ ਵਾਲੇ 10 ਫੀਸਦੀ ਬੱਚਿਆਂ ਨੇ ਕਿਹਾ ਕਿ ਸੌਣ ਤੋਂ ਬਾਅਦ ਅਕਸਰ ਰਾਤ ਨੂੰ ਆਉਣ ਵਾਲੇ ਐਸ. ਐਮ. ਐਸ. ਕਾਰਨ ਉਨ੍ਹਾਂ ਦੀ ਨੀਂਦ ਖੁੱਲ੍ਹ ਜਾਂਦੀ ਹੈ। ਜ਼ਿਆਦਾਤਰ ਲੋਕ ਰਾਤ ਨੂੰ ਵੀ ਆਪਣਾ ਫ਼ੋਨ ਬੰਦ ਨਹੀਂ ਕਰਦੇ। ਸਭ ਤੋਂ ਜ਼ਿਆਦਾ ਬੁਰੀ ਹਾਲਤ 13 ਤੋਂ 18 ਸਾਲ ਉਮਰ ਵਾਲੇ ਬੱਚਿਆਂ ਦੀ ਹੈ।

ਨੀਂਦ ਦੇ ਜਾਣਕਾਰ ਜਾਣਦੇ ਹਨ ਕਿ ਕਿਸ਼ੋਰਾਂ ਨੂੰ ਔਸਤਨ ਸਵਾ ਨੌਂ ਘੰਟੇ ਦੀ ਨੀਂਦ ਲੈਣੀ ਚਾਹੀਦੀ ਹੈ। ਜ਼ਿਆਦਾਤਰ ਪੜ੍ਹਣ ਵਾਲੇ ਬੱਚੇ ਹਫ਼ਤੇ 'ਚ ਕੰਮਕਾਜੀ ਦਿਨਾਂ 'ਚ ਔਸਤਨ ਸਾਢੇ ਸੱਤ ਘੰਟੇ ਦੀ ਨੀਂਦ ਲੈ ਰਹੇ ਹਨ, ਬੱਚਿਆਂ ਨੂੰ ਘੱਟ ਨੀਂਦ ਨੂੰ ਸਭ ਤੋਂ ਜ਼ਿਆਦਾ ਪਰੇਸ਼ਾਨ ਕਰ ਰਹੀ ਹੈ, ਉਨ੍ਹਾਂ ਨੇ ਕਿਹਾ, "ਬੱਚੇ ਹਰ ਰਾਤ ਡੇਢ ਘੰਟਾ ਘੱਟ ਸੌਂਦੇ ਹਨ, ਜਿਸਦਾ ਮਤਲਬ ਹੈ ਹਰ ਮਹੀਨੇ ਨੀਂਦ 'ਚ 50 ਘੰਟੇ ਦੀ ਕਮੀ, ਨੁਕਸਾਨਦਾਇਕ ਹੈ।

ਐਨ. ਐਸ. ਐਫ. ਦੇ ਮੁਤਾਬਿਕ ਅਮਰੀਕੀ ਲੋਕਾਂ 'ਚ ਨੀਂਦ ਦੀ ਕਮੀ ਉਨ੍ਹਾਂ ਦੇ ਮੂਡ, ਪਰਿਵਾਰ, ਡਰਾਈਵਿੰਗ ਆਦਿ 'ਤੇ ਬਹੁਤ ਬੁਰਾ ਅਸਰ ਪਾ ਰਹੀ ਹੈ। ਐਨ. ਐਸ. ਐਫ਼ ਨੇ ਕਿਹਾ ਕਿ ਮਾਂ ਬਾਪ ਜੇਕਰ ਆਪਣੇ ਬੱਚਿਆਂ ਦੀ ਸਕੂਲ ਅਤੇ ਕੰਮ 'ਚ ਪ੍ਰਦਰਸ਼ਨੀ ਸੁਧਾਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਆਪਣੇ ਬੈੱਡਰੂਮ 'ਚੋਂ ਕੰਪਿਊਟਰ ਅਤੇ ਮੋਬਾਇਲ ਵਰਗੀਆਂ ਚੀਜ਼ਾਂ ਨੂੰ ਬਾਹਰ ਕੱਢਣਾ ਹੋਵੇਗਾ।

*******

## ਜ਼ਰੂਰੀ ਨੋਟ

*ਜੇ ਕਿਸੇ ਸਾਥੀ ਨੂੰ 'ਵਿਗਿਆਨ ਜੋਤ' ਸਮੇਂ ਸਿਰ ਨਹੀਂ ਮਿਲਦਾ ਤਾਂ ਉਹ ਇਸਦੀ ਸ਼ਕਾਇਤ ਸਵੇਰੇ 9 ਵਜੇ ਤੋਂ 5 ਵੱਜੇ ਤੱਕ ਫ਼ੋਨ ਨੰਬਰ 01679-241744 'ਤੇ ਦਰਜ ਕਰਵਾਕੇ, ਮੈਗਜ਼ੀਨ ਦੁਆਰਾ ਮੰਗਵਾ ਸਕਦਾ ਹੈ।*

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244












**✳ ਤਰਕਸ਼ੀਲ ਸਾਹਿਤ**

| | |
|---|---|
| ...ਤੇ ਦੇਵ ਪੁਰਸ਼ ਹਾਰ ਗਏ/*ਅਬਰਾਹਮ ਕਾਵੂਰ* | 25/- |
| ਦੇਵ, ਦੈਂਤ ਤੇ ਰੂਹਾਂ/*ਅਬਰਾਹਮ ਟੀ. ਕਾਵੂਰ* | 30/- |
| ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/*ਕੋਵੂਰ* | 40/- |
| ਕਰਾਮਾਤਾਂ ਦਾ ਪ੍ਰਦਾਫਾਸ਼/*ਡਾ.ਅਬਰਾਹਮ ਟੀ ਕੋਵੂਰ* | 50/- |
| ਰੌਸ਼ਨੀ/*ਮੇਘ ਰਾਜ ਮਿੱਤਰ* | 20/- |
| ਤਰਕਬਾਣੀ/*ਮੇਘ ਰਾਜ ਮਿੱਤਰ* | 20/- |
| ਤਰਕਜੋਤੀ/*ਮੇਘ ਰਾਜ ਮਿੱਤਰ* | 20/- |
| ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/*ਮੇਘ ਰਾਜ ਮਿੱਤਰ* | 30/- |
| ਵਿਗਿਆਨ ਤੇ ਪਰਾਵਿਗਿਆਨ/*ਮੇਘ ਰਾਜ ਮਿੱਤਰ* | 40/- |
| ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/*ਮਿੱਤਰ* | 50/- |
| ਮਾਓ ਦੇ ਦੇਸ਼ 'ਚ/*ਮੇਘ ਰਾਜ ਮਿੱਤਰ* | 20/- |
| ਗਿਆਨ ਸਾਗਰ ਦੀ ਯਾਤਰਾ/*ਸੰਪਾ. ਮਿੱਤਰ* | 20/- |
| ਚਿੱਠੀਆਂ ਲਿਖ ਤਰਕਸ਼ੀਲਾਂ ਨੂੰ ਪਾਈਆਂ | 30/- |
| ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/*ਮਿੱਤਰ* | 30/- |
| ਸ਼ੰਕਾ ਨਵਿਰਤੀ/*ਮੇਘ ਰਾਜ ਮਿੱਤਰ* | 50/- |
| ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* | 40/- |
| ਜੋਤਿਸ਼ ਝੂਠ ਬੋਲਦਾ ਹੈ/*ਮਨਜੀਤ ਬੋਪਾਰਾਏ* | 20/- |
| ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ* | 15/- |
| ਚੀਨੀਆਂ ਭੂਤ ਇੰਜ ਭਜਾਏ/*ਸਰਜੀਤ ਤਲਵਾਰ* | 15/- |
| ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ* | 20/- |
| ਰੱਬਾਂ ਬਿਨਾਂ ਮੁਕਤੀ/*ਸਰਜੀਤ ਤਲਵਾਰ* | 20/- |
| ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/*ਸਰਜੀਤ ਤਲਵਾਰ* | 40/- |
| ਰੱਬ ਕਦੋਂ, ਕਿੱਥੇ ਤੇ ਕਿਵੇਂ?/*ਰਾਜਾ ਰਾਮ* | 20/- |
| ਕਿਹੜਾ ਗੁਰੂ, ਕਿਹੜੀ ਮੁਕਤੀ?/*ਰਾਜਾ ਰਾਮ* | 40/- |
| ਤਰਕਸ਼ੀਲ ਹੇਕਾਂ/*ਮੱਖਣ ਸਿੰਘ ਜੌਹਲ* | 60/- |
| ਤਰਕਸ਼ੀਲ ਸੁਨੇਹੇ/*ਮੱਖਣ ਸਿੰਘ ਜੌਹਲ* | 60/- |
| ਫਿਰ ਸੁਲਗੇ ਨਾ ਚੰਗਿਆੜੀ/*ਮੱਖਣ ਸਿੰਘ ਜੌਹਲ* | 40/- |
| ਤਰਕਸ਼ੀਲ ਦਰਸ਼ਨ/*ਮੱਖਣ ਸਿੰਘ ਜੌਹਲ* | 30/- |
| ਤਰਕਸ਼ੀਲ ਕਾਵਿ ਵਿਅੰਗ/*ਮੱਖਣ ਸਿੰਘ ਜੌਹਲ* | 30/- |
| ਚਮਤਕਾਰਾਂ ਦੇ ਰਹੱਸ/*ਜ਼ੇਮਜ਼ ਰਾਂਡੀ* | 150/- |
| ਸਤਯੁੱਗ ਤੋਂ ਕਲਯੁੱਗ ਤੱਕ/*ਖ਼ੁਸ਼ਵੰਤ ਬਰਗਾੜੀ* | 20/- |
| ਨੀਲੀ ਛਤਰੀ/*ਅਮਰਜੀਤ ਢਿੱਲੋਂ* | 30/- |
| ਤਰਕਸ਼ੀਲ ਵਾਰਤਾ/*ਮੱਖਣ ਸਿੰਘ ਜੌਹਲ* | 80/- |
| ਤਰਕਸ਼ੀਲ ਬੋਲੀਆ/*ਰਾਮ ਸਰੂਪ ਸ਼ਰਮਾ* | 25/- |
| ਜੋਤਿਸ਼ ਅਤੇ ਤਾਂਤ੍ਰਿਕ/*ਡਾ. ਆਰ. ਜੇ ਸਿੰਘ* | 30/- |
| ਤਰਕਸ਼ੀਲ ਕਾਵਿ ਵਿਅੰਗ/*ਅਮਰਜੀਤ ਢਿੱਲੋਂ* | 30/- |
| ਗੇੜ ਚੁਰਾਸੀ ਦਾ/*ਗੁਰਚਰਨ ਨੂਰਪੁਰ* | 30/- |
| ਕੀ ਝੂਠ ਕੀ ਸੱਚ/*ਗੁਰਚਰਨ ਨੂਰਪੁਰ* | 40/- |
| ਪ੍ਰਾਚੀਨ ਭਾਰਤੀ ਸੱਭਿਆਚਾਰ/*ਖ਼ੁਸ਼ਵੰਤ ਬਰਗਾੜੀ* | 30/- |
| ਕ੍ਰਿਸ਼ਨ ਬਰਗਾੜੀ/*ਖ਼ੁਸ਼ਵੰਤ ਬਰਗਾੜੀ* | 50/- |
| ਦਰਸ਼ਨ ਪਰੰਪਰਾ/*ਗਿਆਨ ਸਿੰਘ ਬੱਲ* | 50/- |
| ਇੰਗਰਸੋਲ ਦੇ ਅਨਮੋਲ ਬਚਨ/*ਸੰਪਾ. ਅਮਿੱਤ* | 40/- |
| ਵਾਸਤੂ ਸ਼ਾਸਤਰ ਕੋਰਾ ਝੂਠ/*ਬਹਾਦਰ ਸਿੰਘ ਧੌਲਾ* | 40/- |
| ਆਤਮਾ ਮੁੜਜਨਮ ਤੇ ਅਦਾਲਤ/*ਸੀਮਾ ਸਬਲੋਕ* | 40/- |
| ਪਿੰਡ ਦੀ ਸੱਥ/*ਰਣਜੀਤ ਝਨੇਰ* | 30/- |
| ਤਰਕਵਾਰਤਾ/*ਰਣਜੀਤ ਝਨੇਰ* | 50/- |
| ਧੁਖਦੀ ਵਰਣਮਾਲਾ ਦਾ ਸੰਵਾਦ /*ਮੀਤ ਖੱਟੜਾ* | 20/- |
| ਓਪਰੀ ਕਸਰ/*ਸਰਬਜੀਤ ਉੱਖਲਾ* | 40/- |
| ਬਾਬਿਆਂ ਦਾ ਬਾਬਾ/*ਰਣਜੀਤ ਸਿੰਘ ਪ੍ਰੀਤ* | 30/- |
| ਨਾਸਟ੍ਰੇਡਮਸ ਬੇਨਕਾਬ/*ਜੇਮਜ਼ ਰੇਡੀ* | 150/- |
| ਕੋਵੂਰ ਤਰਕਸ਼ੀਲ ਕਿਵੇਂ ਬਣਿਆ?/*ਐਂਡਾਮੋਰੂਕੂ* | 35/- |
| ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ* | 20/- |
| ਚਮਤਕਾਰਾਂ ਦੀ ਦੁਨੀਆਂ/*ਅਜਮੇਰ ਸਿੱਧੂ* | 30/- |
| ਰਜ਼ਨੀਸ਼ ਬੇਨਕਾਬ/*ਡਾ. ਕਰਮਜੀਤ ਸਿੰਘ* | 30/- |
| ਧਰਮ ਕੀ ਹੈ?/*ਗਰੀਨ ਇੰਗਰਸੋਲ* | 10/- |
| ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ* | 30/- |
| ਧਰਮ ਦੇ ਅੰਗ ਸੰਗ/*ਰਣਜੀਤ ਝਨੇਰ* | 50/- |
| ਬੋਦੀ ਵਾਲੇ ਤਾਰੇ/*ਸਰਜੀਤ ਤਲਵਾਰ* | 30/- |
| ਜੋਤਿਸ਼ ਤੇ ਵਿਗਿਆਨ/ਮੇਘ ਰਾਜ ਮਿੱਤਰ | 50/- |
| ਝਮੇਲਾ ਰੱਬ ਦਾ/ਡਾ. ਹਰੀਸ਼ ਮਲਹੋਤਰਾ | 50/- |

**✳ ਹਿਪਨੋਟੀਜ਼ਮ**

| | |
|---|---|
| ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/*ਤਲਵਾਰ* | 10/- |
| ਹਿਪਨੋਟਿਜ਼ਮ ਤੁਹਾਡੇ ਲਈ/*ਟੀ. ਐਸ. ਰਾਓ* | 25/- |
| ਹਿਪਨੋਟਿਜ਼ਮ ਕਿਵੇਂ ਸਿੱਖੀਏ ?/*ਸਰਜੀਤ ਤਲਵਾਰ* | 20/- |

**✳ ਜਾਦੂ ਦੀਆਂ ਕਿਤਾਬਾਂ**

| | |
|---|---|
| ਵਿਗਿਆਨਕ ਜਾਦੂਗਰ/*ਸਰਜੀਤ ਤਲਵਾਰ* | 20/- |
| ਤਰਕਸ਼ੀਲ ਜਾਦੂਗਰ/*ਸਰਜੀਤ ਤਲਵਾਰ* | 30/- |
| ਸਟੇਜ ਦੇ ਜਾਦੂ/*ਨਰਿੰਦਰ* | 30/- |
| ਨੰਨ੍ਹਾ ਜਾਦੂਗਰ/*ਨਰਿੰਦਰ* | 20/- |
| ਤਰਕਸ਼ੀਲ ਦਿਮਾਗੀ ਕਸਰਤਾਂ /*ਮੇਘ ਰਾਜ ਮਿੱਤਰ* | 20/- |
| ਦਿਮਾਗੀ ਵਿਕਾਸ ਕਿਵੇਂ ਕਰੀਏ?/*ਮਿੱਤਰ* | 20/- |
| ਅੰਕਾਂ ਦਾ ਜਾਦੂ/*ਸਰਜੀਤ ਤਲਵਾਰ* | 40/- |
| ਰਸਾਇਣਕ ਜਾਦੂਗਰ/*ਸਰਜੀਤ ਤਲਵਾਰ* | 20/- |
| ਚਮਤਕਾਰਾਂ ਪਿੱਛੇ ਵਿਗਿਆਨ/*ਬੀ. ਪ੍ਰੇਮਾਨੰਦ* | 25/- |
| ਰਸੋਈ ਵਿੱਚ ਵਿਗਿਆਨ/*ਸਰਜੀਤ ਤਲਵਾਰ* | 30/- |
| ਜੀਵਨ ਦੀਆਂ ਗਣਿਤਕ ਉਲਝਣਾਂ/ਹੇਮ ਰਾਜ ਗਰਗ | 50/- |

**✳ ਗਿਆਨ ਵਿਗਿਆਨ ਦੀਆਂ ਪੁਸਤਕਾਂ**

| | |
|---|---|
| ਕਣ-ਕਣ ਵਿੱਚ ਵਿਗਿਆਨ/*ਮੇਘ ਰਾਜ ਮਿੱਤਰ* | 15/- |
| ਮਾਦੇ ਤੋਂ ਮਨੁੱਖ ਤੱਕ/*ਮੇਘ ਰਾਜ ਮਿੱਤਰ* | 10/- |
| ਮਨੋਰੰਜਨ ਰਾਹੀਂ ਵਿਗਿਆਨ/*ਸਰਜੀਤ ਤਲਵਾਰ* | 20/- |
| ਸਮੇਂ ਦਾ ਇਤਿਹਾਸ/*ਮੇਘ ਰਾਜ ਮਿੱਤਰ* | 20/- |
| ਖੇਡ ਖੇਡ 'ਚ ਵਿਗਿਆਨ/*ਬਰਜਿੰਦਰਪਾਲ ਸਿੰਘ* | 20/- |
| ਜੱਗ ਰਚਨਾ ਦਾ ਸੱਚ/*ਅਮਰਜੀਤ ਢਿੱਲੋਂ* | 20/- |
| ਫ਼ਸਲਾਂ ਕਹਿਣ ਕਹਾਣੀ/*ਦੇਵਿੰਦਰ ਮੇਵਾੜੀ* | 30/- |
| ਪ੍ਰਸਿੱਧ ਵਿਗਿਆਨਕ ਖੋਜਾਂ/*ਡਾ. ਜਤਿੰਦਰਪਾਲ* | 30/- |
| ਵਿਗਿਆਨ ਦੇ ਚਮਤਕਾਰ/*ਡਾ. ਜਤਿੰਦਰਪਾਲ* | 50/- |
| ਸਾਡਾ ਦੋਸਤ ਵਿਗਿਆਨ/*ਡਾ. ਜਤਿੰਦਰਪਾਲ* | 50/- |
| ਮਨੁੱਖੀ ਸਰੀਰ ਦੇ ਰਹੱਸ/*ਡਾ. ਜਤਿੰਦਰਪਾਲ ਸਿੰਘ* | 50/- |
| ਗਿਆਨ ਵਿਗਿਆਨ/*ਅਮਨ ਰਣਜੀਤ* | 30/- |
| ਗ੍ਰਹਿਣਾਂ ਦੀ ਕਹਾਣੀ/*ਸਰਜੀਤ ਤਲਵਾਰ* | 30/- |
| ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/*ਰਸਲ* | 40/- |
| ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/*ਬਲਜਿੰਦਰਪਾਲ* | 30/- |
| ਵਿਸ਼ਵ ਰਿਕਾਰਡ/*ਗਗਨਦੀਪ ਝਨੇਰ* | 30/- |
| ਵਿਗਿਆਨ ਹੀ ਵਿਗਿਆਨ/*ਸਰਜੀਤ ਤਲਵਾਰ* | 15/- |
| ਮਹਾਨ ਵਿਗਿਆਨੀ/ਡਾ. ਜਤਿੰਦਰਪਾਲ | 70/- |
| ਵਿਗਿਆਨ ਦੀ ਅਦਭੁੱਤ ਦੁਨੀਆ/ਡਾ. ਜਤਿੰਦਰਪਾਲ | 80/- |
| ਵਾਤਾਵਰਣ ਦਾ ਪ੍ਰਦੂਸ਼ਣ/ਡਾ. ਜਤਿੰਦਰਪਾਲ | 80/- |

**✳ ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ**

| | |
|---|---|
| ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ* | 50/- |
| ਪ੍ਰਮਾਤਮਾ ਦੀ ਉਤਪਤੀ,ਇਸ ਭਰਮ ਦਾ ਭਵਿੱਖ | 50/- |
| ਪੈਗੰਬਰ ਮੂਸਾ ਤੇ ਇੱਕ ਈਸ਼ਵਰਵਾਦ/*ਫਰਾਇਡ* | 40/- |
| ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ* | 50/- |
| ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ | 50/- |
| ਪੁਰਾਤਨ ਸਮਾਜ/*ਐਲ. ਐਚ. ਮੌਰਗਨ* | 150/- |
| ਜੀਵ ਦੀ ਉਤਪਤੀ/*ਚਾਰਲਸ ਡਾਰਵਨ* | 150/- |
| ਮਨੁੱਖ ਦੀ ਉਤਪਤੀ/*ਚਾਰਲਸ ਡਾਰਵਨ* | 100/- |
| ਮੁਨੱਖ ਮਹਾਂਬਲੀ ਕਿਵੇਂ ਬਣਿਆ | 100/- |











### ☼ ਸਿਹਤ ਸਬੰਧੀ ਸਾਹਿਤ

ਸ਼ੂਗਰ ਰੋਗ/*ਡਾ. ਸ਼ਿਆਮ ਸੁੰਦਰ ਦੀਪਤੀ* 10/-
ਬਲੱਡ ਪ੍ਰੈਸ਼ਰ/*ਡਾ. ਸ਼ਿਆਮ ਸੁੰਦਰ ਦੀਪਤੀ* 10/-
ਕੈਂਸਰ/*ਡਾ. ਸ਼ਿਆਮ ਸੁੰਦਰ ਦੀਪਤੀ* 10/-
ਏਡਜ਼/*ਡਾ. ਸ਼ਿਆਮ ਸੁੰਦਰ ਦੀਪਤੀ* 10/-
ਉਦਾਸੀ ਰੋਗ/*ਡਾ. ਪਰਮਜੀਤ ਸਿੰਘ* 10/-
ਮਿਰਗੀ ਰੋਗ/*ਡਾ. ਪਰਮਜੀਤ ਸਿੰਘ* 10/-
ਸਿਹਤ ਸੰਭਾਲ/*ਡਾ. ਅਜੀਤਪਾਲ ਸਿੰਘ* 30/-
ਤੰਦਰੁਸਤ ਕਿਵੇਂ ਰਹੀਏ/*ਡਾ. ਅਜੀਤਪਾਲ ਸਿੰਘ* 30/-
ਡਾਕਟਰ ਦੀ ਸਲਾਹ/*ਡਾ. ਅਜੀਤਪਾਲ ਸਿੰਘ* 25/-
ਸਿਹਤ ਫੁਲਵਾੜੀ/*ਡਾ. ਅਜੀਤਪਾਲ ਸਿੰਘ* 50/-
ਅੱਖਾਂ ਦੀ ਸੰਭਾਲ/*ਡਾ. ਬਲਜੀਤ ਸਿੰਘ ਢਿੱਲੋਂ* 10/-
ਔਰਤ, ਬੱਚੇ ਦੀ ਸਿਹਤ ਸੰਭਾਲ/*ਡਾ. ਮੋਹਨ* 30/-
ਸੁਖਾਵੇਂ ਪਿਆਰ ਸਬੰਧ/*ਡਾ. ਰਣਜੀਤ ਸਿੰਘ* 30/-
ਸਾਡੇ ਬੱਚੇ ਸਾਡੇ ਚਿਰਾਗ/*ਡਾ. ਹਰਸ਼ਿੰਦਰ ਕੌਰ* 60/-
ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ 100/-
ਬੱਚਿਆਂ ਬਾਰੇ ਗਿਆਨ ਤੇ ਮਨੋਵਿਗਿਆਨ 100/-
ਆਉ ਸੇਹਤ ਪ੍ਰਤੀ ਜਾਣੀਏ/*ਡਾ. ਮੋਹਣ* 30/-
ਫੈਲ ਰਹੀ ਮਹਾਂਮਾਰੀ ਏਡਜ਼/*ਡਾ. ਜਤਿੰਦਰਪਾਲ* 40/-
ਬਾਲ ਮਨੋਵਿਗਿਆਨ/*ਬਲਵਿੰਦਰ ਬਰਨਾਲਾ* 30/-
ਤੰਦਰੁਸਤੀ ਇਕ ਨਿਆਮਤ ਹੈ/ਡਾ. ਅਜੀਤਪਾਲ 100/-


















### ☼ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ

ਮੈਂ ਨਾਸਤਿਕ ਕਿਉਂ ਹਾਂ/*ਭਗਤ ਸਿੰਘ* 5/-
ਭਗਤ ਸਿੰਘ ਦੇ ਚੁਣਵੇਂ ਵਿਚਾਰ/*ਸਾਵਲਾ ਰਾਮ* 10/-
ਸ਼ਹੀਦ ਚੰਦਰ ਸ਼ੇਖਰ ਅਜ਼ਾਦ /*ਸ਼ਿਵ ਵਰਮਾ* 10/-
ਸ਼ਹੀਦ ਰਾਜਗੁਰੂ /*ਸ਼ਿਵ ਵਰਮਾ* 10/-
ਸ਼ਹੀਦ ਊਧਮ ਸਿੰਘ/*ਸੁਖਦੇਵ ਸਿੱਧੂ* 10/-
ਸ਼ਹੀਦ ਕਰਤਾਰ ਸਿੰਘ ਸਰਾਭਾ/*ਵਿਸ਼ਵਭਾਰਤੀ* 10/-
ਭਗਤ ਸਿੰਘ ਦੀ ਵਿਚਾਰਧਾਰਾ/*ਕਮਲੇਸ਼ ਮੋਹਨ* 10/-
ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/*ਬਲਵੀਰ ਚੰਦ* 10/-
ਭਗਤ ਸਿੰਘ ਦੀ ਨਾਸਤਿਕਤਾ/*ਅਮਰਜੀਤ ਸੂਫੀ* 20/-
ਅਮਰ ਸ਼ਹੀਦਾਂ ਦੀਆਂ ਯਾਦਾਂ/*ਰਾਜਾ ਰਾਮ ਸਾਸ਼ਤਰੀ* 30/-
ਸ਼ਹੀਦਾਂ ਦੀ ਵਿਰਸਾਤ/*ਭਗਵਾਨ, ਸਦਾਸਿਵ* 40/-
ਕਿੱਸਾ ਸ਼ਹੀਦ ਭਗਤ ਸਿੰਘ/*ਪ੍ਰੋ. ਦੀਦਾਰ ਸਿੰਘ* 40/-
ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/*ਸੱਤਯਮ ਵਰਮਾ* 60/-
ਸ਼ਹੀਦਾਂ ਦੇ ਅੰਗ ਸੰਗ/*ਸ਼ਿਵ ਵਰਮਾ* 50/-
ਸਾਮਰਾਜੀ ਧੌਂਸ ਨੂੰ ਵੰਗਾਰ/*ਨਵਤੇਜ ਸਿੰਘ* 300/-
ਸ਼ਹੀਦ ਭਗਤ ਸਿੰਘ ਦੀਆਂ ਚੌਣਵੀਆਂ ਲਿਖਤਾਂ 50/-
ਇਨਕਲਾਬ (ihtBh Fjhd Grs f;zx) 80/-
ਸ਼ਹੀਦ ਭਗਤ ਸਿੰਘ/ਕੰਵਰਜੀਤ 60/-

### ☼ ਇਨਕਲਾਬੀ ਨਾਵਲ

ਪਰਬਤੋਂ ਭਾਰੀ ਮੌਤ (ਨਾਵਲ)/*ਅਨਿਲ ਵਾਰਵੇ* 15/-
ਤੋਤੋਚਾਨ (ਨਾਵਲ)/*ਤੇਤਸੁਕੋ ਤੁਰੋਯਾਂਗੀ* 20/-
ਜਦੋਂ ਖੇਤ ਜਾਗੇ (ਨਾਵਲ)/*ਕ੍ਰਿਸ਼ਨ ਚੰਦਰ* 20/-
ਚਮਕਦਾ ਲਾਲ ਸਿਤਾਰਾ (ਨਾਵਲ)/*ਲੀ ਸ੍ਰਿਨਤੀਅਨ* 20/-
ਮੱਛੀ ਤੇ ਪਾਣੀ (ਚੀਨੀ ਨਾਵਲ)/*ਚੈਨ ਤੈਂਗ ਕੀ* 20/-
ਜੋ ਹਾਰੇ ਨਹੀਂ (ਨਾਵਲ)/*ਪ੍ਰੋ. ਹਰਭਜਨ ਸਿੰਘ* 300/-
ਜੰਗਲਨਾਮਾ/*ਸਤਨਾਮ* 60/-
ਬਾਲ ਸਿਪਾਹੀ (ਚੀਨੀ ਨਾਵਲ)/*ਸ਼ੀ ਕੁਆਂਗ ਯਾਓ* 30/-
ਮਾਸਟਰ ਸਾਹਿਬ/*ਮਹਾਂਸ਼ਵੇਤਾ ਦੇਵੀ* 30/-
ਸੱਚ ਦਾ ਝੰਡਾ/*ਮੋਹਨ ਸਿੰਘ ਕੁੱਕੜਪਿੰਡੀਆ* 20/-
ਪਵਿੱਤਰ ਸੂਲੀ/*ਮੋਹਨ ਸਿੰਘ ਕੁੱਕੜਪਿੰਡੀਆ* 20/-
ਤਾਰੀਖ ਗਵਾਹੀ ਦੇਵੇਗੀ/*ਕੁੱਕੜਪਿੰਡੀਆ* 20/-
ਤਾਰੀਖ ਰੋ ਨਾ ਸਕੀ/*ਮੋਹਨ ਸਿੰਘ ਕੁੱਕੜਪਿੰਡੀਆ* 20/-
ਫਾਂਸੀ ਦੇ ਤਖ਼ਤੇ ਤੋਂ/*ਜੂਲੀਅਸ ਫ਼ੀਚਕ* 50/-
ਨੀਲੇ ਪੱਤਰੇ/*ਇਮਾਨੁਅਲ ਕਜ਼ਾਕੇਵਿਚ* 50/-

### ☼ ਇਨਕਲਾਬੀ ਗੀਤ

ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 20/-
ਪਾਸ਼ ਦੀ ਚੋਣਵੀਂ ਕਵਿਤਾ/*ਅਵਤਾਰ ਪਾਸ਼* 40/-
ਗੂੰਜ ਬਗਾਵਤ ਦੀ/*ਜਸਦੇਵ ਲਲਤੋਂ* 80/-
ਉੱਠੋ ਨੌਜਵਾਨੋਂ/*ਕ੍ਰਿਸ਼ਨ ਕੌਰਪਾਲ* 30/-
ਖੇਤਾਂ ਦੀ ਬੁੱਕਲ 'ਚੋਂ (ਗੀਤ)/*ਮਿੰਦਰਪਾਲ ਭੱਠਲ* 30/-
ਅੱਜ ਦੇ ਜ਼ਮਾਨੇ ਵਿੱਚ/*ਦਰਸ਼ਨ ਭੋਤਨਾ* 25/-
ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/*ਤਜਿੰਦਰ* 50/-
ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/*ਅਜਮੇਰ ਸਿੱਧੂ* 50/-
ਛੱਲਾਂ ਲਹਿਰ ਦੀਆਂ/*ਜਸਦੇਵ ਸਿੰਘ ਲਲਤੋਂ* 30/-

### ☼ ਇਨਕਲਾਬੀ ਵਾਰਤਕ

ਭਾਰਤ ਦਾ ਮੁਕਤੀ ਸੰਘਰਸ਼/*ਨੌਜਵਾਨ ਦਸਤਾ* 30/-
ਸੂਹੀ ਸਵੇਰ/*ਸਵੈ ਸਾਚੀ* 30/-
ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ 30/-
ਸਿੱਖ ਵੀਰਾਂ ਨਾਲ ਕੁਝ ਗੱਲਾਂ/*ਮੱਖਣ ਸਿੰਘ ਜੌਹਲ* 80/-
ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/*ਪ੍ਰਵਾਨਾ* 40/-
ਇਨਕਲਾਬੀ ਇਤਿਹਾਸ ਦੇ ਸੁਨਿਹਰੀਪੰਨੇ 50/-
ਪੰਜਾਬ ਦੀ ਨਕਸਲਬਾੜੀ ਲਹਿਰ/*ਪਰਵਾਨਾ* 40/-
ਰੂਸੀ ਬਾਲ ਕਹਾਣੀ 'ਲਾਖੀ'/*ਅਨੰਤ ਚੇਖਵ* 20/-
ਗੁਲਾਮੀ ਤੋਂ ਮੁਕਤੀ/*ਫਰੈਡਰਿਕ ਡਗਲਸ* 20/-
ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ 60/-
ਗੁਲਮੀ ਵਾਲੀ ਜੂਨ ਬੁਰੀ /*ਗੁਰਚਰਨ ਜੈਤੋਂ* 50/-
ਨੌਜਵਾਨਾਂ ਨੂੰ/*ਸਵੈ ਸਾਚੀ* 20/-
ਸਮਾਜ ਨੂੰ ਬਦਲ ਦਿਓ/*ਸਵੈ ਸਾਚੀ* 20/-

### ☼ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ

ਜੀਵਨ ਸੰਗਰਾਮ/*ਸੋਹਣ ਸਿੰਘ ਭਕਨਾ* 30/-
ਹਾਕਮ ਸਿੰਘ ਸਮਾਉਂ/*ਸੁਖਦਰਸ਼ਨ ਨੱਤ* 150/-
ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/*ਤੇਜਵੰਤ ਮਾਨ* 30/-
ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ 20/-
ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/*ਬਲਵੀਰ* 20/-
ਡਾਇਰੀ ਬਾਬਾ ਹਰੀ ਸਿੰਘ ਉਸਮਾਨ/*ਪ੍ਰੋ. ਵੜੈਚ* 50/-
ਜ਼ਿਲ੍ਹਾ ਸੰਗਰੂਰ ਦੇ ਸ਼ਹੀਦ/*ਬਲਬੀਰ ਲੌਂਗੋਵਾਲ* 50/-
ਗ਼ਦਰੀ ਬਾਬਾ ਜਵਾਲਾ ਸਿੰਘ/*ਬਲਵੀਰ ਪਰਵਾਨਾ* 30/-
ਸੰਘਰਸ਼ੀਲ ਯੋਧਾ ਹਰੀ ਸਿੰਘ ਤਰਕ 50/-
ਸ਼ਹੀਦ ਬਾਬਾ ਬੂਝਾ ਸਿੰਘ/*ਅਜਮੇਰ ਸਿੱਧੂ* 300/-
ਗਦਰੀ ਬਾਬਾ ਦੂਲਾ ਸਿੰਘ/*ਜਰਨੈਲ ਅੱਚਰਵਾਲ* 30/-
ਇਨਕਲਾਬੀ ਯੋਧਾ ਮੈਡਮ ਕਾਮਾ/*ਸੂਫ਼ੀ ਅਮਰਜੀਤ* 40/-
ਸਾਹਿਤ ਦਾ ਸਾਗਰ : ਪਾਸ਼/*ਸੋਹਣ ਸਿੰਘ ਸੰਧੂ* 400/-
ਜੀਵਨ ਸੰਘਰਸ਼/*ਦਰਸ਼ਨ ਖਟਕੜ* 200/-
ਜੋਜ਼ਫ ਸਟਾਲਿਨ 50/-
ਉਕਾਬਣ ਕੂੰਜਾਂ/ਨਛੱਤਰ ਗਿੱਲ 100/-

### ☼ ਹੋਰ ਇਨਕਲਾਬੀ ਪੁਸਤਕਾਂ

ਤਾਮਿਲ ਗੁਰਿਲਿਆਂ ਦੇ ਦੇਸ਼ 'ਚ/*ਹਰਜਿੰਦਰ* 50/-
ਕੁਠਾਲਾ ਕਾਂਡ/*ਬਲਵੀਰ ਚੰਦ ਲੌਂਗੋਵਾਲ* 10/-
ਸੰਗਰਾਮੀ ਪਿੰਡ/*ਜਰਨੈਲ ਸਿੰਘ ਅੱਚਰਵਾਲ* 60/-
ਕਿਊਬਾ ਸਫ਼ਰਨਾਮਾ/*ਪ੍ਰੋ. ਗੁਰਮੀਤ ਟਿਵਾਣਾ* 70/-
ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/*ਮੱਖਣ ਸਿੰਘ ਜੌਹਲ* 30/-
ਸਾਮਰਾਜੀ ਤਾਕਤਾਂ ਇਰਾਕ ਜੰਗ/*ਬਲਜਿੰਦਰ* 20/-
ਸਮਕਾਲ ਦੇ ਸਨਮੁੱਖ/*ਬਲਵਿੰਦਰ* 70/-
ਜਿੱਤਾਂਗੇ ਹਨੇਰੇ ਨੂੰ/*ਮਣੀਮਾਲਾ* 50/-
ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/*ਮੇਰੀ ਟਾਈਲਰ* 80/-
ਜੋਗਿੰਦਰ ਬਾਹਰਲਾ/*ਇੰਦਰਜੀਤ ਨੰਦਨ* 40/-
ਪੰਜਾਬ 'ਚ ਕੌਮੀਅਤ ਤੇ ਜ਼ਰਈ ਸਵਾਲ/ *ਬਰਸਟ* 50/-
ਹੀਰੋਸ਼ੀਮਾ ਦੇ ਫੁੱਲ/*ਐਦਤਾ ਮਾਰਿਸ* 65/-
ਗਾਥਾ ਕਿਸ਼ਨਗੜ੍ਹ/*ਦੇਸ ਰਾਜ ਛਾਜਲੀ* 30/-



**✻ ਬੱਚਿਆਂ ਲਈ ਪੁਸਤਕਾਂ**

ਗੁਲੀਵਰ ਦੀਆਂ ਯਾਤਰਾਵਾਂ/*ਜੋਨਾਥਨ ਸਵਿਫਟ* 15/-
ਮਾਲਵਾ ਐਕਸਪ੍ਰੈੱਸ/*ਸੁਰਿੰਦਰ ਸਿੰਘ ਨੇਕੀ* 30/-
ਬਾਲ ਚਿਰਾਗ/*ਬਲਜਿੰਦਰ ਮਾਨ* 15/-
ਸੁਨਿਹਰੀ ਭਵਿੱਖ/*ਬਲਜਿੰਦਰ ਮਾਨ* 25/-
ਸੀਰਤ ਨਾਮਾ/*ਨਵਰਾਹੀ ਘੁਗਿਆਣਵੀ* 25/-
ਗਨੇਰੀਆਂ/*ਨਵਰਾਹੀ ਘੁਗਿਆਣਵੀ* 40/-
ਆ ਜਾ ਮੋਰਾ/*ਸੁਲੱਖਣ ਮੀਤ (ਪ੍ਰੋ:)* 30/-



ਲੋੜ ਕਾਢ ਦੀ ਮਾਂ/*ਸੁਲੱਖਣ ਮੀਤ (ਪ੍ਰੋ:)* 20/-
ਖੰਡ ਖਿਡਾਉਣੇ/*ਸੁਲੱਖਣ ਮੀਤ (ਪ੍ਰੋ:)* 20/-
ਮੋਟੋ ਆਂਟੀ/*ਸੁਲੱਖਣ ਮੀਤ (ਪ੍ਰੋ:)* 30/-
ਜਲਵਾ ਰੁੱਤਾਂ ਦਾ/*ਸੁਲੱਖਣ ਮੀਤ* 20/-
ਮੇਰਾ ਸਕੂਲ/*ਤਰਸੇਮ ਮਹਿਤੋ* 30/-
ਜੈਜ਼ੀਨਾਮਾ/*ਹਰਨੇਕ ਸਿੰਘ ਰਾਣਾ* 30/-
ਮੇਰਾ ਬਸਤਾ/*ਅਮਰੀਕ ਸਿੰਘ ਤਲਵੰਡੀ* 30/-
ਕਾਵਿ ਪਹਾੜੇ/*ਅਮਰੀਕ ਤਲਵੰਡੀ* 20/-
ਘਰ ਦੀ ਰੌਣਕ/*ਅਮਰੀਕ ਤਲਵੰਡੀ* 30/-



ਸਾਡੇ ਗੁਰੂ/*ਅਮਰੀਕ ਸਿੰਘ ਤਲਵੰਡੀ* 30/-
ਸਾਡੇ ਦੇਸ਼ਭਗਤ/*ਅਮਰੀਕ ਸਿੰਘ ਤਲਵੰਡੀ* 30/-
c[ZbK tor/ pZu//*ਅਮਰੀਕ ਤਲਵੰਡੀ* 50/-
ਨਮੋਲੀਆਂ/*ਨਵਰਾਹੀ ਘੁਗਿਆਣਵੀ* 30/-
ਬੱਚੇ ਮਨ ਦੇ ਸੱਚੇ/*ਅਜਮੇਰ ਸਿੰਘ ਮੋਹੀ* 50/-
ਹੀਰੇ ਪੁੱਤਰ ਮਾਵਾਂ ਦੇ/*ਅਮਰੀਕ ਤਲਵੰਡੀ* 30/-
ਸਾਡਾ ਸਕੂਲ/*ਅਮਰੀਕ ਤਲਵੰਡੀ* 50/-
ਮਾਸੂਮ/*ਨਵਰਾਹੀ ਘੁਗਿਆਣਵੀ* 40/-
ਕਵਿਤਾ ਰਾਹੀਂ ਵਿਗਿਆਨ/*ਪ੍ਰੋ. ਬਲਵਿੰਦਰ ਚਾਹਲ* 50/-



ਸਾਡੇ ਅਧਿਆਪਕ/*ਅਮਰੀਕ ਸਿੰਘ ਤਲਵੰਡੀ* 30/-
ਆਓ ਕਰੀਏ ਪੜ੍ਹਾਈ/*ਕੰਚਨ* 50/-

**✻ ਟੈਕਨੀਕਲ**

ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ/*ਸੀ.ਪੀ.ਕੰਬੋਜ* 50/-
ਭਵਨ ਨਿਰਮਾਣ ਕਿਵੇਂ ਕਰੀਏ?/*ਇੰਜ.ਰਾਜ ਕੁਮਾਰ* 50/-
ਪੰਜਾਬ ਵਸੀਕਾ ਨਵੀਸੀ 250/-
ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਾਰੀ 150/-
ਕਚਹਿਰੀ ਸ਼ਬਦ ਕੋਸ਼ 150/-
ਮਸਤਾਨਾ ਮੋਟਰ ਮਿਸਤਰੀ/*ਪ੍ਰੇਮ ਸਿੰਘ ਮਸਤਾਨਾ* 40/-



ਨਿਊਜ਼ੀਲੈਂਡ ਕਿਵੇਂ ਜਾਈਏ/*ਜਤਿੰਦਰ ਪੰਜਤੂਰੀ* 40/-
ਪੰਜਾਬੀ ਭਾਸ਼ਾ ਦਾ ਅਧਿਆਪਨ/*ਪ੍ਰੋ. ਇਕਬਾਲ ਸਿੰਘ* 70/-
ਅਮਰੀਕਾ ਕਿਵੇਂ ਜਾਈਏ/*ਜਤਿੰਦਰ ਪੰਜਤੂਰੀ* 50/-
ਇੰਜੀਨੀਅਰਿੰਗ ਕੋਰਸਾਂ ਵਿੱਚ ਦਾਖਲਾ ਕਿਵੇਂ 80/-
ਟੈਲੀਵਿਜ਼ਨ/*ਸੀ.ਪੀ. ਕੰਬੋਜ* 20/-
ਮੋਬਾਇਲ ਫੋਨ/*ਸੀ.ਪੀ. ਕੰਬੋਜ* 20/-
ਕੰਪਿਊਟਰ/*ਸੀ.ਪੀ. ਕੰਬੋਜ* 20/-
ਰੋਬੋਟ/*ਸੀ.ਪੀ. ਕੰਬੋਜ* 20/-



ਸੰਚਾਰ ਦੇ ਸਾਧਨ/*ਸੀ.ਪੀ. ਕੰਬੋਜ* 20/-
ਸੂਚਨਾ ਦਾ ਅਧਿਕਾਰ ਕਾਨੂੰਨ-2005 20/-
ਆਓ ਕੰਪਿਊਟਰ ਸਿੱਖੀਏ/*ਕ੍ਰਿਪਾਲ ਸਿੰਘ ਪੰਨੂ* 50/-
ਜਨਰਲ ਨਾਲਿਜ/*ਹਰਬੰਸ ਸਿੰਘ ਵਾਰਵਲ* 50/-
ਏਸ਼ੀਆਈ ਖੇਡਾਂ ਦੀ ਰੌਚਿਕ ਕਹਾਣੀ/ਪ੍ਰੀਤ 60/-

**✻ ਡਾ. ਅਜੀਤਪਾਲ ਐਮ. ਡੀ. ਦੁਆਰਾ ਲਿਖੀਆਂ ਪੁਸਤਕਾਂ**

ਅਜੋਕਾ ਸਭਿਆਚਾਰ ਬੇਨਕਾਬ 50/-
ਸਾਮਰਾਜੀ ਝੱਖੜ 80/-
ਸਾਮਰਾਜ ਦੇ ਮਾਰੂ ਪ੍ਰਭਾਵ 70/-



ਸਾਮਰਾਜੀ ਜੋਕਾਂ 100/-
ਵਿਸ਼ਵਵਿਆਪੀ ਆਰਥਿਕ ਮੰਦੀ 100/-
ਕਿਵ ਕੂੜੈ ਤੁਟੈ ਪਾਲਿ 100/-
ਜੰਜ਼ੀਰਾਂ ਬਨਾਮ ਮੇਹਨਕਸ਼ 100/-
ਵਪਾਰੀਕਰਨ ਦੇ ਦੁਰਪ੍ਰਭਾਵ 100/-
ਮੌਜੂਦਾ ਵਿਕਾਸ ਬਨਾਮ ਮੇਹਨਤਕਸ਼ 100/-
ਪੂੰਜੀਵਾਦ ਦਾ ਵਿਨਾਸ਼ ਜਰੂਰੀ 100/-
ਕਟਿਹਰੇ 'ਚ ਰਾਜਨੀਤੀ 100/-
ਦਾਗੀ ਰਾਜਨੀਤੀ ਦੇ ਨਾਇਕ 100/-

**200 ਰੁਪੈ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਡਾਕ ਖਰਚ ਨਹੀਂ ਲੱਗੇਗਾ**

ਆਲਮੀ ਤਪਸ਼ ਤੇ ਮਹਿਗਾਈ 100/-
ਸ਼ੀਸ਼ਾ ਬੋਲਦਾ ਹੈ/ਡਾ. ਅਜੀਤਪਾਲ 100/-

**✻ ਪ੍ਰੋ. ਕਿਸ਼ਨ ਸਿੰਘ ਦੁਆਰਾ ਲਿਖੀਆਂ ਪੁਸਤਕਾਂ**

ਆਜ਼ਾਦ ਔਰਤ 50/-
ਆਦਮ ਜਾਤ ਦਾ ਮਸਲਾ ਤੇ ਸਾਹਿਤ 70/-
ਇਨਕਲਾਬੀ ਵਿਰਸਾ 70/-
ਵਾਰ ਮਲ੍ਹਾਰ ਦੀ ਮਹਲਾ੧ ਅਤੇ ਆਸਾ ਦੀ ਵਾਰ 100/-
ਵਾਰ ਮਾਝ ਅਤੇ ਸਿਧ ਗੋਸਟਿ 100/-

**✻ ਓਮ ਪ੍ਰਕਾਸ਼ ਗਾਸੋ ਦੁਆਰਾਂ ਲਿਖੀਆਂ ਪੁਸਤਕਾਂ**

ਤਾਂਬੇ ਦਾ ਰੰਗ 20/-
ਮੌਤ ਦਰ ਮੌਤ 30/-
ਬੰਦ ਗਲੀ ਦੇ ਬਸ਼ਿੰਦੇ 30/-
ਰੱਤਾ ਥੇਹ 30/-
ਘਰਕੀਣ 30/-
ਮਿੱਟੀ ਦਾ ਮੁੱਲ 30/-
ਅਰਥਾਤ 30/-
ਇਤਫ਼ਾਕ 30/-
ਜੁਆਬ ਦੇਹ ਕੌਣ 30/-
ਤੁਰਦਿਆਂ ਤੁਰਦਿਆਂ 30/-
ਮਲਵਈ ਸੱਭਿਆਚਾਰ 30/-
ਪੰਜਾਬੀ ਦਿੱਖ ਤੇ ਦਰਸ਼ਨ 30/-
ਫਲੋਰੰਜਨੀ ਦੇ ਫੁੱਲ 25/-
ਜ਼ਿੰਦਗੀ ਦੀ ਸੌਗਾਤ 50/-

**✻ ਨਾਵਲ**

ਰਿਸ਼ਤਿਆਂ ਦੇ ਰੰਗ/*ਇੰਦਰ ਸਿੰਘ ਖ਼ਾਮੋਸ਼* 15/-
ਕਰਜ਼ਈ ਸੁਪਨੇ/*ਇੰਦਰ ਸਿੰਘ ਖ਼ਾਮੋਸ਼* 25/-
ਕੋਲਿਆਂ ਦੇ ਦਲਾਲ/*ਕੌਰ ਚੰਦ ਰਾਹੀ* 20/-
ਵਾ ਵਰੋਲੇ/*ਬੀਰ ਇੰਦਰ ਸਿੰਘ ਢਿੱਲੋਂ* 25/-
ਵਿੰਗ ਤੜਿੰਗੇ ਰਾਹ/*ਪ੍ਰੋ. ਹਰਭਜਨ ਸਿੰਘ* 40/-
ਸ਼ਰੀਕ/*ਨਛੱਤਰ ਝੁਟੀਕਾ* 30/-
ਕਾਤਿਲ ਕੌਣ (ਜਸੂਸੀ ਨਾਵਲ)/*ਰਮਨਪਾਲ ਰਿਸ਼ੀ* 20/-
ਇੱਕ ਸੀ ਸਰੀਫ਼ਾਂ/*ਸਰਦੂਲ ਸ਼ਿੰਘ ਦਰਦ* 20/-
...ਤੇ ਲਹੂ ਵਹਿੰਦਾ ਰਿਹਾ/*ਡਾ. ਬਿੱਲੂ ਰਾਏਸਰ* 30/-
ਮਰਜੀਵੜਾ/*ਕਰਤਾਰ ਸਿੰਘ ਮਾਨ* 150/-
ਗਲੀ ਨੰ: 4/*ਬਿਕਰਮਜੀਤ ਨੂਰ* 50/-
ਰਾਹੂਕੇਤੂ/*ਬਾਬੂ ਸਿੰਘ ਬਰਾੜ* 40/-
ਪਾਪੀ/*ਬਿਕਰਮਜੀਤ ਨੂਰ* 20/-
ਸਰਕਲ/*ਗੁਰਪ੍ਰੀਤ ਸਿਹਜੀ* 30/-
ਯਾਦਾਂ ਦਾ ਪੁਤਲਾ/*ਧਰਮਿੰਦਰ ਬਾਵਾ* 50/-
ਬੁਲਦੇ ਸ਼ਿਵਿਆਂ ਦਾ ਸੇਕ/*ਪ੍ਰੋ. ਹਰਭਜਨ* 100/-
ਕੌਣ ਜਿੱਤਿਆ/*ਹਰਚੰਦ ਗਿੱਲ ਮਿਆਣੀ* 30/-
ਪਿੱਪਲ ਵਾਲਾ ਮੋੜ/*ਜੀਤ ਸਿੰਘ ਸੰਧੂ* 40/-
ਜੱਟ ਦੀ ਜੂਨ/*ਡਾ. ਰਾਜ ਕੁਮਾਰ ਗਰਗ* 20/-
ਰੂਪ ਦੇ ਰੰਗ/*ਬਾਬੂ ਸਿੰਘ ਬਰਾੜ* 40/-
ਦਿਨ ਚੜ੍ਹਨ ਤੱਕ/*ਜੀਤ ਸਿੰਘ ਸੰਧੂ* 30/-
ਚਿਹਰੇ/*ਮਹਿੰਦਰ ਪਾਲ ਸਿੰਘ ਧਾਲੀਵਾਲ* 100/-
ਵੈਰਨ ਵਲਾਇਤ 50/-
ਅਰਥੀਅਨ/ਰਾਜ਼ਨ ਸਿੰਘ ਸਿੱਧੂ 100/-

**✻ ਹਾਸ ਵਿਅੰਗ**

ਡੰਗ ਅਤੇ ਚੋਭਾਂ/*ਕੁਲਵੰਤ ਰਾਏ ਸ਼ਰਮਾ* 10/-
ਪਰਵਾਸੀ ਧੰਦੇ/*ਕੁਲਵੰਤ ਰਾਏ ਸ਼ਰਮਾ* 10/-
ਮੇਰੇ ਸ਼ਾਗਿਰਦ/*ਕੁਲਵੰਤ ਰਾਏ ਸ਼ਰਮਾ* 20/-
ਟੋਟਕੇ ਭੰਡਾਂ ਦੇ/*ਬੂਟਾ ਸਿੰਘ ਚੌਹਾਨ* 40/-
ਹੋਰ ਫਿਰ/*ਨਿਰੰਜਨ ਸ਼ਰਮਾ* 30/-
ਚੱਲ ਗਿਆ ਤੀਰ ਨਹੀਂ ਤੁੱਕਾ/*ਗੁਰਦੇਵ ਸਿੰਘ ਗਿੱਲ* 20/-
ਰੋਵਤੁ ਜਾਇ ਸੁ ਹਸੈ/*ਜਸਵੰਤ ਸਿੰਘ ਅਗਿਆਨੀ* 15/-
ਮਸਲਾ ਲਟਕ ਗਿਆ/*ਮੰਗਤ ਕੁਲਜਿੰਦ* 40/-
ਹੱਸੋ ਪੈਥੀ/*ਮੰਗਤ ਕੁਲਜਿੰਦ* 30/-





















**※ ਸਫ਼ਰਨਾਮੇ**

ਮੇਰੀ ਡੈਨਮਾਰਕ ਫੇਰੀ/*ਕੇ. ਐਲ. ਗੋਇਲ* 20/-
ਮੇਰੀ ਧਰਤੀ ਮੇਰੇ ਲੋਕ(ਭਾਰਤ ਯਾਤਰਾ)/*ਰਾਮ ਮੂਰਤ* 25/-
ਪਰਿਕਰਮਾ (ਦੱਖਣੀ ਭਾਰਤ ਯਾਤਰਾ) 15/-
ਗੌਤਮ ਦੀ ਗੋਦ (ਨਿਪਾਲ ਯਾਤਰਾ) 15/-
ਪਤਾਲ (ਅਮਰੀਕਾ ਕਨੈਡਾ ਯਾਤਰਾ) 30/-
ਦੀਰਾ ਟਾਵਰ (ਡੁਬਈ ਯਾਤਰਾ)/*ਰਾਮ ਮੂਰਤ ਸਿੰਘ* 30/-
ਪੂਰਬੀ ਬੂਹਾ (ਸਿੰਘਾਪੁਰ ਯਾਤਰਾ)/*ਰਾਮ ਮੂਰਤ ਸਿੰਘ* 30/-
ਪੱਥਰ ਬੋਲਦੇ ਹਨ/*ਰਾਮ ਮੂਰਤ ਸਿੰਘ* 40/-
ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* 40/-
ਧਰਤੀ ਦੇ ਆਰ ਪਾਰ /*ਮੰਗਤ ਕੁਲਜਿੰਦ* 30/-
ਵੱਖਰੀ ਧਰਤੀ ਵੱਖਰੇ ਲੋਕ/*ਹਰਭਜਨ ਹਲਵਾਰਵੀ* 30/-
ਮੇਰੀ ਅਮਰੀਕਾ ਫੇਰੀ/*ਨਿੰਦਰ ਘੁਗਿਆਣਵੀ* 30/-
ਅੱਖੀਂ ਦੇਖ ਨਾ ਰੱਜੀਆਂ/*ਨਿਰਪਾਲ ਜਲਾਲਦੀਵਾਲ* 30/-
ਸੁਨਹਰੀ ਦਿਨਾਂ ਦਾ ਸਫ਼ਰ/*ਹਰਭਜਨ ਹਲਵਾਰਵੀ* 30/-

**※ ਜੀਵਨੀਆਂ**

ਅਮਰੀਕੀ ਰਾਸ਼ਟਰਪਤੀ ਓਬਾਮਾ ਤੱਕ/*ਭੌਰਾ* 100/-
ਵਡਮੁੱਲਾ ਪਾਰਸ/*ਨਿੰਦਰ ਘੁਗਿਆਣਵੀ* 50/-
ਧਰਤੀ ਪੁੱਤਰ/*ਵਿਜੈ ਬੰਬੇਲੀ* 50/-
ਠਰੀ ਚਾਨਣੀ ਦਾ ਗੀਤ/*ਡਾ. ਅਮਰ ਕੋਮਲ* 30/-
ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ 30/-
ਪਰਜਾ ਮੰਡਲ ਦਾ ਜਾਂਬਾਜ ਭਗਵਾਨ ਸਿੰਘ 50/-
ਜਿੰਨੀ ਰਾਹੀਂ ਮੈਂ ਤੁਰਿਆ/*ਗੁਰਬਖ਼ਸ਼ ਸਿੰਘ ਰਾਹੀ* 50/-
ਸੱਚੇ ਦਿਲੋਂ/*ਨਿੰਦਰ ਘੁਗਿਆਣਗੀ* 30/-
ਟੂਸੇ ਦੀ ਟਹਿਕ/*ਸੀ. ਮਾਰਕੰਡਾ* 150/-
ਪੰਜਾਬ ਦੇ ਸੱਗੀ ਫੁੱਲ/*ਬਲਜਿੰਦਰ ਮਾਨ* 50/-
ਮੇਰਾ ਪਿੰਡ ਬਹਾਦਰਪੁਰ/*ਰਣਜੀਤ ਸਿੰਘ* 60/-
ਭਾਈ ਰੂਪ ਚੰਦ ਜੀ/*ਗਿਆਨੀ ਪ੍ਰੀਤਮ ਸਿੰਘ* 100/-
ਹਰਨਾਮ ਦਾਸ ਸਹਿਰਾਈ/*ਨਿੰਦਰ ਘੁਗਿਆਣਵੀ* 50/-
ਸਤਰੰਗੀ ਸਿਆਸਤ/*ਜਗਸੀਰ ਪੱਖੀ* 50/-
ਬਾਬਾ ਫਰੀਦ ਸ਼ੱਕਰ ਗੰਜ/*ਪ੍ਰੋ. ਗੁਰਮੀਤ ਟਿਵਾਣਾ* 50/-
ਹਨੇਰੇ 'ਚ ਚਾਨਣ ਦੀ ਲੋਅ-ਡਾ. ਰਮੇਸ਼/*ਰਣਜੀਤ* 150/-
ਭਾਈ ਰੂਪ ਚੰਦ/*ਹਰਚਰਨ ਸਿੰਘ* 100/-
ਝੱਖੜਾਂ 'ਚ ਵਗਦਾ ਦਰਿਆ/*ਰਣਜੀਤ ਪ੍ਰੀਤ* 100/-
ਸੁਰਾਂ ਦੇ ਵਾਰਿਸ/*ਸਵਰਣ ਟਹਿਣਾ* 150/-
ਜੀਵਨੀ ਗੁਰੂ ਹਰਗੋਬਿੰਦ ਜੀ/*ਗੁਰਚਰਨ ਕੌਰ* 125/-
ਹਰਦਿਆਲ ਚੰਦ ਜੈਦਕਾ/*ਤੋਤਾ ਸਿੰਘ ਦੀਨਾ* 100/-

**※ ਕੁਟੇਸ਼ਨਾਂ**

ਵਿਚਾਰ ਦਰਸ਼ਨ/*ਡਾ. ਅਮਰ ਕੋਮਲ* 30/-
ਕਤਰਾ ਕਤਰਾ ਸਮੁੰਦਰ/*ਡਾ. ਅਮਰ ਕੋਮਲ* 40/-
ਜ਼ਿੰਦਗੀ ਦੇ ਸਿਰਨਾਵੇਂ/*ਡਾ. ਅਮਰ ਕੋਮਲ* 40/-
ਜੀਵਨ ਸੋਝੀ 30/-

**※ ਨਾਟਕ**

ਸੱਤੀ ਵੀਹੀਂ ਸੌ/*ਪ੍ਰੋ. ਸਰਬਜੀਤ* 20/-
ਸੂਰਜ ਡੁੱਬਣ ਤੋਂ ਬਾਅਦ/*ਜੋਗੇ ਭੰਗਲ* 15/-
ਸੀਤਾਇਣ/*ਡਾ. ਪ੍ਰੀਤਮ ਸੈਨੀ* 20/-
ਗਾਥਾ ਕਾਲੇ ਪਾਣੀਆਂ ਦੀ/*ਹਰਨੇਕ ਚੌਧਰੀ* 40/-
ਸਜ਼ਾ ਸੱਚ ਨੂੰ/*ਬਾਰੂ ਸਤਵਰਗ* 20/-
ਜੀਵਨ ਦੇ ਰੰਗ ਮੰਚ ਤੇ/*ਗੁਰਚਰਨ ਚਪਰਚਿੜੀ* 50/-

**※ ਸੱਭਿਆਚਾਰ/ਕਵੀਸ਼ਰੀ**

ਪੰਜਾਬ ਦੇ ਲੋਕ ਸਾਜ਼/ਐਸ. ਅਸ਼ੋਕ ਭੌਰਾ 60/-
ਪੰਜਾਬੀ ਗਾਇਕੀ ਤੇ ਪ੍ਰਮੁੱਖ ਸਰੋਕਾਰ/*ਮਾਲੜੀ* 30/-
ਮਾਡਰਨ ਜੁਗਨੀ/*ਮਨਜੀਤ ਸਿੰਘ ਸਾਗਰ* 30/-
ਮੇਰੀ ਮਿੱਟੀ ਮੇਰੇ ਲੋਕ-ਪਿੰਡ ਖੁੱਡੀ ਕਲਾਂ/*ਰਾਮਸਰੂਪ* 30/-
ਕਵੀਸ਼ਰੀ ਮਾਰਤੰਡ/*ਕਰਤਾਰ ਸਿੰਘ ਬੱਧਨੀ ਵਾਲੇ* 600/-
ਸਿੱਖੀ ਕਾਵਿ/*ਬਾਬੂ ਰਜਬ ਅਲੀ* 280/-
ਬਾਬੂ ਰਜਬ ਅਲੀ ਦੀ ਚੋਣਵੀਂ ਕਵਿਤਾ 200/-

**※ ਕਹਾਣੀਆਂ**

ਕਣੀਆਂ/*ਰਾਮ ਮੂਰਤ ਸਿੰਘ* 10/-
ਕਿਊੜੇ ਦੀ ਮਹਿਕ/*ਚੇਤਨ ਸਿੰਘ* 20/-

## ਘਰ ਬੈਠੇ ਹੀ ਫ਼ੋਨ ਰਾਹੀਂ ਕਿਤਾਬਾਂ ਮੰਗਵਾਓ

ਨਿਰਾਲਾ ਦੀਆਂ ਚੋਣਵੀਆਂ ਕਹਾਣੀਆਂ 30/-
ਇਤਿਹਾਸ ਦੇ ਖਾਲੀ ਪੰਨੇ/*ਨਿੰਦਰ ਘੁਗਿਆਣਵੀ* 30/-
ਸੁਪਨੇ ਤੇ ਸੰਤਾਪ (ਅਮਰੀਕੀ ਕਹਾਣੀਆਂ) 50/-
ਅਣਗੌਲੇ ਆਦਮੀ/*ਗੁਰਮੇਲ ਮਡਾਹੜ* 30/-
ਕੱਚੇ ਕੋਠਿਆਂ ਦੇ ਵਾਸੀ/*ਗੁਰਮੇਲ ਮਡਾਹੜ* 30/-
ਜਾਗਦੇ ਲੋਕ/*ਗੁਰਮੇਲ ਮਡਾਹੜ* 30/-
ਧਰਤੀ ਲਹੂ ਲੁਹਾਣ/*ਗੁਰਮੇਲ ਮਡਾਹੜ* 30/-
ਜੰਗ ਜਾਰੀ ਹੈ/*ਗੁਰਮੇਲ ਮਡਾਹੜ* 30/-
ਵਿਵਰਜਿਤ ਪੁਸਤਕ/*ਸੁਲੱਖਣ ਮੀਤ (ਪ੍ਰੋ:)* 30/-
ਕੇਸੂ ਦੀ ਟਹਿਕ/*ਗੁਰਪਾਲ ਸਿੰਘ ਨੂਰ* 30/-
ਅਹਿਸਾਸ/*ਸਵਰਨ ਸਿੰਘ ਟਹਿਣਾ* 25/-
ਚਿੜੀਆਂ ਦਾ ਚੰਬਾ/*ਭੁਪਿੰਦਰ ਸਿੰਘ ਬੇਦੀ* 50/-
ਮਿਲਿ ਕੈ ਕਰਹ ਕਹਾਣੀਆ/*ਭੁਪਿੰਦਰ ਸਿੰਘ ਬੇਦੀ* 50/-
ਅੰਦਰਲੀਆਂ ਲਾਸ਼ਾਂ/*ਸੁਲੱਖਣ ਮੀਤ (ਪ੍ਰੋ:)* 30/-
ਦਾਨਾ ਦੁਸ਼ਮਣ/*ਸੁਲੱਖਣ ਮੀਤ (ਪ੍ਰੋ:)* 30/-
ਸੁਵਣੀ ਸੁਣੀ ਕਹਾਣੀਆਂ/*ਜਸਵੰਤ ਅਗਿਆਨੀ* 20/-
ਨਰਕ ਕੁੰਡ/*ਅਜਮੇਰ ਸਿੱਧੂ* 15/-
ਢਲਦੀ ਦੁਪਹਿਰ/*ਭੋਲਾ ਸਿੰਘ ਸੰਘੇੜਾ* 50/-
ਅੱਲ੍ਹੇ ਜ਼ਖ਼ਮ/*ਗੁਰਮੇਲ ਸਿੰਘ ਚਾਹਲ* 20/-
ਬਦਲਦੀ ਸੋਚ/*ਅਮਨ ਰਣਜੀਤ* 10/-
ਲੱਪ ਚਿਣਗਾਂ ਦੀ/*ਸ਼ਿਵ ਇੰਦਰ ਸਿੰਘ* 50/-
ਕਾਹੀ ਵੱਢ/*ਜੋਗੇ ਭੰਗਲ* 50/-
ਚਿੜੀਆਂ/*ਪਰਮਜੀਤ ਪੰਮਾ ਪੇਂਟਰ* 30/-
ਲੇਖਾ/*ਬੂਟਾ ਸਿੰਘ ਧਾਲੀਵਾਲ* 30/-
ਪੰਖ ਪਿੰਜਰਾ ਦੇ ਪਰਵਾਸ/*ਪ੍ਰੋ. ਹਰਭਜਨ ਸਿੰਘ* 100/-
ਅਮਰ ਕਹਾਣੀਆਂ/*ਡਾ. ਅਮਰ ਕੋਮਲ* 50/-
ਸਿਲਤ/*ਸੁਰਿੰਦਰ ਬਰਾੜ* 50/-
ਆਦਿ ਅੰਤ/*ਅਮਰ ਕੋਮਲ* 100/-
ਚੁੱਪ ਦੇ ਬੋਲ/*ਭੁਪਿੰਦਰ 'ਜੈਤੋ* 30/-
ਅਸੀਂ ਤੁਸੀਂ/*ਡਾ. ਅਮਰ ਕੋਮਲ* 50/-
ਸੋਨ ਮਿਰਗ ਦੀ ਵਾਰਤਾ/*ਜਸਪਾਲ ਸਿੰਘ ਮਾਨ* 50/-
ਕਮਜ਼ੋਰ ਪ੍ਰਮਾਤਮਾ/*ਪ੍ਰਗਟ ਸਿੰਘ ਜੰਬਰ* 50/-
ਖਰੀਆਂ ਖਰੀਆਂ/*ਅਮਰੀਕ ਤਲਵੰਡੀ* 50/-
ਹਾਰੀ ਜੰਗ ਦਾ ਨਾਇਕ/*ਗੁਰਚਰਨ ਨੂਰਪੁਰ* 30/-
ਘੋੜੇ ਵਾਲਾ ਚੌਂਕ/*ਅਮਰੀਕ ਤਲਵੰਡੀ* 50/-
ਗਮਾਂ ਦੀ ਪੰਡ/*ਪ੍ਰਿੰ. ਗੁਰਦੇਵ ਸਿੰਘ* 50/-
ਵਿਲਕਦੀ ਗਰੀਬੀ/*ਪ੍ਰਿੰ. ਗੁਰਦੇਵ ਸਿੰਘ* 50/-
ਰਿਸ਼ਤਿਆਂ ਦਾ ਕਤਲ/*ਡਾ. ਹਰੀਸ਼ ਮਲਹੋਤਰਾ* 70/-
ਰਹਿਮਤੇ /*ਪ੍ਰਿੰ. ਗੁਰਦੇਵ ਸਿੰਘ* 125 /-
ਪਾਰੋ /*ਪ੍ਰਿੰ. ਗੁਰਦੇਵ ਸਿੰਘ* 125 /-
ਓਪਰਾ ਖੇਤ /*ਦਰਸ਼ਨ ਸਿੰਘ ਗੁਰੂ* 100 /-
ਧੂੰਏਂ ਹੇਠਲੀ ਅੱਗ /*ਦਰਸ਼ਨ ਸਿੰਘ ਗੁਰੂ* 120 /-
ਔੜ ਮਾਰੇ ਰੁੱਖ/ਨਛੱਤਰ ਗਿੱਲ 120/-

**ਤੁਸੀਂ ਕੋਈ ਪੁਸਤਕ ਹੁਣ ਘਰ ਬੈਠੇ ਹੀ ਫ਼ੋਨ ਕਰਕੇ ਵੀਪੀਪੀ ਰਾਹੀਂ ਮੰਗਵਾ ਸਕਦੇ ਹੋ**

**ਸਾਡੇ ਨੰਬਰ ਹਨ :**

**01679-241744, 233244**

**ਨੋਟ : 200 ਰੁਪੈ ਦੀ ਕੀਮਤ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਹੁਣ ਡਾਕ ਖਰਚ ਵੀ ਨਹੀਂ ਲੱਗੇਗਾ।**

# ਸ਼ੰਕਾ ਨਵਿਰਤੀ....?

**ਪ੍ਰ. ਈਮੇਲ ਅਤੇ ਜੀ-ਮੇਲ ਵਿੱਚ ਕੀ ਅੰਤਰ ਹੈ?**

ਉੱਤਰ : ਈਮੇਲ ਅਸਲ ਵਿੱਚ ਇਲੈਕਟ੍ਰੌਨਿਕ ਮੇਲ ਹੈ, ਜਿਹੜੀ ਸੁਨੇਹਿਆਂ ਨੂੰ ਇਧਰ-ਉਧਰ ਭੇਜਣ ਵਿੱਚ ਕੰਮ ਆਉਂਦੀ ਹੈ ਪਰ ਜੀਮੇਲ ਇੱਕ ਅਜਿਹਾ ਪ੍ਰੋਗਰਾਮ ਹੈ, ਜਿਹੜਾ ਈਮੇਲ ਨੂੰ ਭੇਜਣ ਅਤੇ ਰਿਸੀਵ ਕਰਨ ਵਿੱਚ ਸਹਾਇਤਾ ਕਰਦਾ ਹੈ।

**ਪ੍ਰ. ਕੀ ਸਰਕਾਰ 153-ਏ ਤਹਿਤ ਜੋਤਿਸ਼ੀਆਂ ਅਤੇ ਬਾਬਿਆਂ ਦੇ ਖਿਲਾਫ਼ ਕੇਸ ਦਰਜ ਕਰਿਆ ਕਰੇਗੀ ਕਿਉਂਕਿ ਇਨ੍ਹਾਂ ਦੇ ਝੂਠਾਂ ਅਤੇ ਪਖੰਡਾਂ ਸਦਕਾ ਤਰਕਸ਼ੀਲਾਂ ਅਤੇ ਮਨੁੱਖਤਾਵਾਦੀਆਂ ਦੇ ਦਿਲਾਂ ਨੂੰ ਠੇਸ ਪਹੁੰਚਦੀ ਹੈ?**

ਉੱਤਰ : ਭਾਰਤ ਵਿੱਚ ਜੋ ਵੀ ਸਰਕਾਰਾਂ ਹੁਣ ਤੱਕ ਸਤ੍ਹਾ ਵਿੱਚ ਰਹੀਆਂ ਹਨ ਜਾਂ ਆਈਆਂ ਹਨ ਉਨ੍ਹਾਂ ਦਾ ਰਵੱਈਆ ਰਿਹਾ ਹੈ ਕਿ ਉਹ ਪਾਖੰਡਾਂ ਨੂੰ ਅਤੇ ਪਾਖੰਡ ਫੈਲਾਉਣ ਵਾਲਿਆਂ ਨੂੰ ਉਤਸ਼ਾਹਿਤ ਕਰਨ। ਇਸ ਲਈ ਉਨ੍ਹਾਂ ਤੋਂ ਇਸ ਗੱਲ ਦੀ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਦਿਮਾਗਾਂ ਉੱਤੇ ਠੀਕਰੇ ਮੂਧੇ ਮਾਰਨ ਵਾਲਿਆਂ ਨੂੰ ਕੋਈ ਸਜਾ ਦੇਣਗੇ। ਉਨ੍ਹਾਂ ਦੇ ਸਾਰੇ ਯਤਨ ਤਾਂ ਤਰਕਸ਼ੀਲ ਲੇਖਕਾਂ ਨੂੰ ਜੇਲ੍ਹਾਂ ਵਿੱਚ ਪਾਉਣ ਲਈ ਲੱਗੇ ਹੋਏ ਹਨ। ਉਹ ਸਿਰਫ਼ ਡਰ ਇਸ ਗੱਲੋਂ ਰਹੇ ਹਨ ਕਿ ਬਹੁਤ ਸਾਰੀਆਂ ਖੱਬੇ ਪੱਖੀ ਧਿਰਾਂ ਤਰਕਸ਼ੀਲ ਲੇਖਕਾਂ ਦੀ ਪਿੱਠ ਉੱਤੇ ਖੜ੍ਹੀਆਂ ਹਨ।

**ਪ੍ਰ. ਸਿਕਸ ਸੈਂਸ ਤੋਂ ਕੀ ਭਾਵ ਹੈ, ਇਸ ਦੀ ਅਸਲੀਅਤ ਕੀ ਹੈ?**

ਉੱਤਰ : ਮਨੁੱਖ ਕੋਲ ਪੰਜ ਹੀ ਗਿਆਨ ਇੰਦਰੀਆਂ ਹੁੰਦੀਆਂ ਹਨ, ਛੇਵੀਂ ਗਿਆਨ-ਇੰਦਰੀ ਨਹੀਂ, ਇਹ ਸਿਰਫ਼ ਇੱਕ ਪਾਖੰਡ ਫੈਲਾਉਣ ਦਾ ਢੰਗ ਹੀ ਹੈ, ਹੋਰ ਕੁੱਝ ਨਹੀਂ।

**ਪ੍ਰ. ਪਿੰਡਾਂ ਵਿੱਚ ਆਰ. ਓ. ਸਿਸਟਮ ਲੱਗਣੇ ਵਿਕਾਸ ਦੇ ਸੂਚਕ ਹਨ ਜਾਂ ਸਰਕਾਰ ਦੁਆਰਾ ਪਾਣੀ ਉੱਪਰ ਕੰਟਰੋਲ ਕਰਨ ਦੀ ਸਾਜ਼ਿਸ਼ ਹੈ?** ***- ਸੁਖਵਿੰਦਰ ਸਿੰਘ ਬੀਰ***

ਉੱਤਰ : ਪਿੰਡਾਂ ਵਿੱਚ ਜਾਂ ਸ਼ਹਿਰਾਂ ਵਿੱਚ ਆਰ. ਓ. ਸਿਸਟਮ ਲੱਗਣੇ ਇਸ ਗੱਲ ਦਾ ਸੂਚਕ ਹਨ, ਕਿ ਅਸੀਂ ਧਰਤੀ ਅੰਦਰਲੇ ਪਾਣੀ ਨੂੰ ਕਿੰਨਾ ਗੰਦਲਾ ਕਰ ਦਿੱਤਾ ਹੈ। ਇਸ ਲਈ ਇਸ ਪਾਣੀ ਨੂੰ ਬਗੈਰ ਫ਼ਿਲਟਰ ਸਾਫ਼ ਕੀਤਾ ਹੀ ਨਹੀਂ ਜਾ ਸਕਦਾ। ਇਸ ਲਈ ਹੁਣ ਸਮਝਦਾਰ ਵਿਅਕਤੀ ਫ਼ਿਲਟਰਡ ਪਾਣੀ ਹੀ ਪੀਂਦੇ ਹਨ। ਸਰਕਾਰ ਤਾਂ ਆਪਣੀਆਂ ਸਾਜ਼ਿਸ਼ਾਂ ਰਾਹੀ ਪਾਣੀ ਦੇ ਸਰੋਤਾਂ ਉੱਪਰ ਮਲਟੀਨੈਸ਼ਨਲ ਕੰਪਨੀਆਂ ਨੂੰ ਕਾਬਜ਼ ਕਰਵਾਉਣ ਲਈ ਯਤਨਸ਼ੀਲ ਹੈ।

**ਪ੍ਰਸ਼ਨ - ਕੀ ਚੀਨੀ ਕਸਰਤ ਕੁੰਮ-ਕੁੰਮ ਸਿੱਖ ਕੇ ਕਿਸੇ ਵਿਅਕਤੀ ਦਾ ਸਰੀਰ ਐਨਾ ਕਰੜਾ ਹੋ ਸਕਦਾ ਹੈ ਕਿ ਤਲਵਾਰ ਉਸਨੂੰ ਕੱਟ ਨਾ ਸਕੇ ਜਾਂ ਕੋਈ ਵਿਅਕਤੀ ਐਨਾ ਤੇਜ ਦੌੜ ਸਕਦਾ ਹੈ ਕਿ ਕੋਈ ਵੀ ਕਾਰ ਜਾਂ ਰੇਲ ਗੱਡੀ ਉਸ ਜਿੰਨਾਂ ਤੇਜ਼ ਨਾ ਦੌੜ ਸਕੇ?** ***- ਅਵਤਾਰ ਸਿੰਘ ਖੰਨਾ***

ਉੱਤਰ - ਇਹ ਕਾਲਪਨਿਕ ਗੱਲਾਂ ਹਨ। ਫਿਲਮਾਂ ਸਾਡੇ ਮਨ ਵਿੱਚ ਅਜਿਹੀਆਂ ਗੱਲਾਂ ਭਰ ਦਿੰਦੀਆਂ ਹਨ। ਫਿਲਮਾਂ ਦੀਆਂ ਕਾਲਪਨਿਕ ਗੱਲਾਂ ਦਾ ਜ਼ਿੰਦਗੀ ਦੀ ਅਸਲੀਅਤ ਨਾਲ ਕੋਈ ਸੰਬੰਧ ਨਹੀਂ ਹੁੰਦਾ। ਕੋਈ ਵੀ ਮਨੁੱਖ ਬਗੈਰ ਕੱਟੇ ਤੋਂ ਤਲਵਾਰ ਮੂਹਰੇ ਨਹੀਂ ਟਿਕ ਸਕਦਾ। ਨਾ ਹੀ ਕੋਈ ਵਿਅਕਤੀ ਕਿਸੇ ਕਾਰ ਜਾਂ ਰੇਲਗੱਡੀ ਜਿਨਾਂ ਤੇਜ਼ ਦੌੜ ਸਕਦਾ ਹੈ।

ਹੁਣ ਤਾਂ ਚੀਨ ਨੇ ਅਜਿਹੀ ਰੇਲ ਗੱਡੀ ਚਲਾ ਦਿੱਤੀ ਹੈ ਜਿਹੜੀ ਇੱਕ ਘੰਟੇ ਵਿੱਚ 420 ਕਿਲੋਮੀਟਰ ਦੀ ਦੂਰੀ ਤੈਅ ਕਰ ਸਕਦੀ ਹੈ। ਇਹ ਸਮਰੱਥਾ ਵੀ ਦਿਨੋ-ਦਿਨ ਵਧਦੀ ਜਾਣੀ ਹੈ।

**ਪ੍ਰਸ਼ਨ - ਕੀ ਸ਼ੇਰ ਦਾ ਮਾਸ ਖਾਂਦੇ ਰਹਿਣ ਨਾਲ ਸ਼ੇਰ ਜਿੰਨੀ ਤਾਕਤ ਆ ਸਕਦੀ ਹੈ?** ***- ਹਰਮੇਸ਼ ਕਿਰਤੀ***

ਉੱਤਰ - ਜੇ ਅਜਿਹਾ ਹੁੰਦਾ ਤਾਂ ਕੁਸ਼ਤੀ ਵਿੱਚ ਉਲੰਪਿਕ ਦੇ ਗੋਲਡ ਮੈਡਲ ਜੇਤੂ ਖਿਡਾਰੀ ਦੋਵੇਂ ਸਮੇਂ ਸ਼ੇਰ ਦਾ ਮਾਸ ਖਾਣ ਦੇ ਆਦੀ ਹੁੰਦੇ। ਪਰ ਅਜਿਹਾ ਨਹੀਂ ਹੁੰਦਾ, ਮਨੁੱਖੀ ਸਰੀਰ ਵਿਰਸ਼ੇ ਵਿੱਚ ਮਿਲੇ ਗੁਣਾਂ, ਸੰਤੁਲਿਤ ਭੋਜਨ ਤੇ ਕਸਰਤ ਦੇ ਅਭਿਆਸ ਨਾਲ ਹੀ ਰਿਸ਼ਟ ਪੁਸਟ ਹੋ ਸਕਦੇ ਹਨ। ਸ਼ੇਰ ਦਾ ਮਾਸ ਖਾਣ ਵਾਲਾ ਸ਼ੇਰ ਵਰਗਾ ਤੇ ਗਿੱਦੜ ਦਾ ਮਾਸ ਖਾਣ ਵਾਲਾ ਗਿੱਦੜ ਵਰਗਾ ਨਹੀਂ ਹੋਵੇਗਾ।

**ਪ੍ਰਸ਼ਨ - ਜਦੋਂ ਮੋਮਬੱਤੀ ਜਲਦੀ ਹੈ ਤਾਂ ਮੋਮ ਕਿੱਥੇ ਜਾਂਦੀ ਹੈ?** ***- ਭਾਰਤ ਭੂਸ਼ਨ ਬੰਗਾ***

ਉੱਤਰ - ਮੋਮਬੱਤੀ ਦੇ ਬਲਣ ਸਮੇਂ ਮੋਮ ਤਾਪ ਤੇ ਪ੍ਰਕਾਸ਼ ਵਿੱਚ ਤਬਦੀਲ ਹੋ ਜਾਂਦੀ ਹੈ। ਮੋਮ ਇੱਕ ਹਾਈਡ੍ਰੋਜਨ ਤੇ ਕਾਰਬਨ ਦਾ ਯੋਗਿਕ ਹੈ। ਇਸਦੇ ਬਲਣ ਸਮੇਂ ਹਾਈਡ੍ਰੋਜਨ ਤਾਂ ਆਕਸੀਜਨ ਨਾਲ ਮਿਲਕੇ ਪਾਣੀ ਬਣਾਉਂਦੀ ਹੈ। ਜੋ ਗਰਮ ਹੋਣ ਕਰਕੇ ਭਾਫ ਵਿੱਚ ਤਬਦੀਲ ਹੋ ਜਾਂਦਾ ਹੈ। ਕਾਰਬਨ ਆਕਸੀਜਨ ਨਾਲ ਮਿਲ ਕੇ ਕਾਰਬਨ ਡਾਈਅਕਸਾਈਡ ਬਣਾਉਦੀ ਹੈ। ਇਹ ਦੋਵੇਂ ਭਾਫ ਤੇ ਕਾਰਬਨ ਡਾਈਅਕਸਾਈਡ ਵਾਤਾਵਰਣ ਵਿੱਚ ਜਾ ਰਲਦੇ ਹਨ।

**ਪ੍ਰਸ਼ਨ - ਜੂਨ ਜੁਲਾਈ ਦੀਆਂ ਧੁੱਪਾਂ ਵਿੱਚ ਜਦੋਂ ਧੁੱਪ ਵਿੱਚ ਪਏ ਪੱਥਰ ਤਾਂ ਗਰਮ ਹੋ ਜਾਂਦੇ ਹਨ ਪਰ ਦਰਖ਼ਤਾਂ ਦੇ ਪੱਤੇ ਠੰਡੇ ਰਹਿੰਦੇ ਹਨ। ਅਜਿਹਾ ਕਿਉਂ ਵਾਪਰਦਾ ਹੈ?** ***-ਲਾਡੀਸੁਨਾਮ***

ਉੱਤਰ - ਅਸੀਂ ਜਾਣਦੇ ਹਾਂ ਕਿ ਦਰੱਖ਼ਤਾਂ ਦੇ ਪੱਤੇ ਪ੍ਰਕਾਸ਼ ਸੰਸਲੇਸ਼ਣ ਕਿਰਿਆ ਸਮੇਂ ਪਾਣੀ ਵੀ ਪੈਦਾ ਕਰਦੇ ਹਨ। ਉਂਞ ਪਾਣੀ ਧਰਤੀ ਤੋਂ ਵੀ ਦਰੱਖ਼ਤ ਚੂਸਦੇ ਰਹਿੰਦੇ ਹਨ। ਇਹ ਪਾਣੀ ਗਰਮੀ ਕਾਰਨ ਉੱਡਦਾ ਰਹਿੰਦਾ ਹੈ ਜਾਣੀ ਕਿ ਪਾਣੀ ਦਾ ਵਾਸ਼ਪੀਕਰਨ ਹੁੰਦਾ ਰਹਿੰਦਾ ਹੈ। ਵਾਸ਼ਪੀਕਰਨ ਰਾਹੀਂ ਠੰਡ ਪੈਦਾ ਹੁੰਦੀ ਰਹਿੰਦੀ ਹੈ। ਇਸ ਲਈ ਦਰੱਖ਼ਤਾਂ ਦੇ ਪੱਤੇ ਠੰਡੇ ਰਹਿੰਦੇ ਹਨ ਪਰ ਪੱਥਰ ਜਾਂ ਇੱਟ ਵਿੱਚੋਂ ਪਾਣੀ ਨਹੀਂ ਰਿਸਦਾ। ਇਸ ਲਈ ਇਹਨਾਂ ਵਿੱਚ ਵਾਸ਼ਪੀਕਰਨ ਨਹੀਂ ਹੁੰਦਾ। ਇਸ ਲਈ ਇਹ ਤਪ ਜਾਂਦੇ ਹਨ।



***'ਸ਼ੰਕਾ ਨਵਿਰਤੀ' ਕਾਲਮ ਲਈ ਆਪਣੇ ਪ੍ਰਸ਼ਨ ਹੇਠ ਲਿਖੇ ਪਤੇ ਤੇ ਭੇਜੋ :***

***ਮੇਘ ਰਾਜ ਮਿੱਤਰ***

***ਤਰਕਸ਼ੀਲ ਨਿਵਾਸ, ਗਲੀ ਨੰ. 8, ਕੇ.ਸੀ. ਰੋਡ, ਬਰਨਾਲਾ***

**ਕੇਸ ਰਿਪੋਰਟ**

# ਸਾਊ ਸੁਭਾਅ ਵਾਲੇ ਮਾਸਟਰ ਦੀ ਕਰਤੂਤ

ਐਤਵਾਰ ਵਾਲੇ ਦਿਨ ਜਾਂ ਛੁੱਟੀ ਵਾਲੇ ਦਿਨ ਮਾਨਸਿਕ ਰੋਗੀ ਅਕਸਰ ਹੀ ਮੇਰੇ ਕੋਲੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਆਉਂਦੇ ਹਨ ਪਰ ਇਸ ਵਾਰ ਦੇ ਕੇਸ ਨੇ ਮੈਨੂੰ ਕੰਬਣੀ ਲਾ ਦਿੱਤੀ ਤੇ ਮੇਰੀ ਸਮਝ ਤੋਂ ਬਾਹਰ ਦੀ ਗੱਲ ਨੇ ਮੈਨੂੰ ਸੋਚਣ ਲਈ ਮਜ਼ਬੂਰ ਕੀਤਾ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ? ਹੋਇਆ ਇਸ ਤਰ੍ਹਾਂ ਕਿ ਪਟਿਆਲੇ ਜ਼ਿਲ੍ਹੇ ਨਾਲ ਸਬੰਧਤ ਮਾਂ ਤੇ ਉਸ ਦੇ ਨਾਲ 13 ਸਾਲ ਦੀ ਨੌਜਵਾਨ ਧੀ, ਜੋ ਦੋਨੋਂ ਹੀ ਰੋ ਰਹੀਆਂ ਸਨ। ਮੇਰੇ ਪੁੱਛਣ ਤੇ ਦੋਨੋਂ ਜਾਣੀਆਂ ਚੁੱਪ ਤਾਂ ਕਰ ਗਈਆਂ ਪਰ ਮੈਨੂੰ ਇਹ ਪਤਾ ਨਾ ਲੱਗੇ ਕਿ ਦੋਨਾਂ ਵਿੱਚੋ ਮਾਨਸਿਕ ਰੋਗਣ ਕੌਣ ਹੈ। ਮੇਰੇ ਗੌਰ ਕਰਨ ਤੇ ਪਤਾ ਚੱਲਿਆ ਕਿ ਇਹਨਾਂ ਵਿਚੋਂ ਲੜਕੀ ਅਪਸੈਟ ਲਗਦੀ ਸੀ। ਇਕੱਲਿਆਂ ਗੱਲ ਬਾਤ ਕਰਨ ਤੇ ਮਾਂ ਨੇ ਰੋਂਦਿਆਂ ਦੱਸਿਆ ਸਾਡੇ ਗਵਾਂਢ ਬਹੁਤ ਹੀ ਸਾਊ ਸੁਭਾਅ ਦਾ ਮਾਸਟਰ ਰਹਿੰਦਾ ਸੀ, ਜੋ ਸਾਡੇ ਪਿੰਡ ਸਕੂਲ ਵਿੱਚ ਹੀ ਪੜਾਉਂਦਾ ਸੀ ਤੇ ਉਸ ਦੀ ਪਤਨੀ ਉਸ ਤੋਂ ਵੱਧ ਸਾਊ ਸੁਭਾਅ ਦੀ ਸੀ। ਸਾਡਾ ਮੇਲ ਮਿਲਾਪ ਇਹਨਾਂ ਵੱਧ ਗਿਆ ਕਿ ਜੇਕਰ ਅਸੀਂ ਇੱਕ ਦੂਜੇ ਨੂੰ ਦਿਨ ਵਿੱਚ 2 ਵਾਰ ਨਾ ਮਿਲਦੇ ਤਾਂ ਸਾਨੂੰ ਚੈਨ ਨਹੀਂ ਆਉਂਦਾ ਸੀ। ਮਾਸਟਰ ਦੇ ਕੋਲ ਸਾਡੀ ਇਹ 13 ਸਾਲ ਦੀ ਲੜਕੀ 7ਵੀਂ ਕਲਾਸ ਦੀ ਵਿਦਿਆਰਥਣ ਸੀ। ਮਾਸਟਰ ਦੀ ਪਤਨੀ ਨੂੰ ਬੱਚਾ ਹੋਣ ਵਾਲਾ ਸੀ, ਇਸ ਕਰਕੇ ਉਹ ਆਪਣੇ ਪੇਕੇ ਪਿੰਡ ਚਲੀ ਗਈ ਤਾਂ ਮਾਸਟਰ ਨੇ ਸਾਨੂੰ ਆਪਣੀਆਂ ਰੋਟੀਆਂ ਬਣਾਉਣ ਬਾਰੇ ਕਿਹਾ। ਮੈਂ ਇਕ ਦੋ ਦਿਨ ਰੋਟੀਆਂ ਬਣਾ ਕੇ ਭੇਜ ਦਿੱਤੀਆਂ ਪਰ ਮਾਸਟਰ ਦੀ ਘਰਵਾਲੀ ਨੇ ਕਾਫੀ ਲੰਮੇ ਸਮੇਂ ਬਾਅਦ ਆਉਣਾ ਸੀ ਤਾਂ ਮਾਸਟਰ ਨੇ ਕਿਹਾ ਕਿ ਤੁਸੀਂ ਲੜਕੀ ਨੂੰ ਰੋਟੀਆਂ ਬਣਾਉਣ ਲਈ ਸੁਭਾਹ ਸ਼ਾਮ ਭੇਜ ਦਿਆ ਕਰੋ ਤਾਂ ਅਸੀਂ ਭੋਲੇ ਬੰਦੇ ਅਸੀਂ ਲੜਕੀ ਨੂੰ ਰੋਟੀਆਂ ਬਣਾਉਣ ਵਾਸਤੇ ਭੇਜ ਦਿੰਦੇ ਤਾਂ ਮਾਸਟਰ ਨੇ ਲੜਕੀ ਨੂੰ ਰੋਟੀਆਂ ਤੋਂ ਬਾਅਦ ਟੈਲੀਵਿਜ਼ਨ ਦੇਖਣ ਲਈ ਲਾ ਦੇਣਾ ਕਿਉਂਕਿ ਸਾਡੇ ਘਰ ਵਿੱਚ ਸਾਡੇ ਟੈਲੀਵਿਜ਼ਨ ਨਹੀਂ ਸੀ। ਹੁਣ ਲੜਕੀ ਨੇ ਜਦ ਘਰ ਨਾ ਆਉਣਾ ਤਾਂ ਲੜਕੀ ਦੇ ਬਾਪ ਨੇ ਕਹਿਣਾ ਕਿ ਲੜਕੀ ਕਿੱਥੇ ਆ? ਤਾਂ ਮੈਂ ਕਹਿਣਾ ਕਿ ਮਾਸਟਰ ਕੋਲ ਟੈਲੀਵਿਜ਼ਨ ਦੇਖਦੀ ਹੋਊ। ਛੋਟੀ ਹੋਣ ਕਰਕੇ ਸਾਡਾ ਕਦੇ ਵੀ ਇਸ ਗੱਲ ਵੱਲ ਧਿਆਨ ਨਾ ਗਿਆ ਕਿ ਸਮਾਜ ਬਹੁਤ ਖ਼ਰਾਬ ਹੈ ਤੇ ਅਸੀਂ ਧੀ ਦੇ ਮਾਂ-ਬਾਪ ਹਾਂ। ਹੌਲੀ-ਹੌਲੀ ਮਾਸਟਰ ਨੇ ਲੜਕੀ ਨੂੰ ਵੀ. ਸੀ. ਆਰ. ਤੇ ਫ਼ਿਲਮਾਂ ਲਾ ਦੇਣੀਆਂ ਤੇ ਉਸਨੇ ਵੇਖਦੀ ਰਹਿਣਾ ਫਿਰ ਮਾਸਟਰ ਨੇ ਅਸ਼ਲੀਲ ਫ਼ਿਲਮਾਂ ਲੜਕੀ ਨੂੰ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਨਾਲ ਹੀ ਲੜਕੀ ਨੂੰ ਆਪਣੀ ਗੋਦ ਵਿੱਚ ਬਿਠਾ ਕੇ ਪਲੋਸਦੇ ਰਹਿਣਾ। ਫਿਰ ਮਾਸਟਰ ਨੇ ਇਕ ਦਿਨ ਉਹ ਕਾਰਾ ਵੀ ਕਰ ਦਿੱਤਾ ਜਿਸ ਨੂੰ ਅਸੀਂ ਦੱਸ ਨਹੀਂ ਸਕਦੇ ਮਾਸਟਰ ਹਰ ਰੋਜ਼ ਲੜਕੀ ਨੂੰ 5 ਰੁਪੈ ਖਰਚਣ ਵਾਸਤੇ ਵੀ ਦੇ ਦਿੰਦਾ 15 ਦਿਨਾਂ ਬਾਅਦ ਜਦ ਲੜਕੀ ਸਾਡੇ ਘਰ ਸਿਰਫ਼ ਸ਼ਾਮ ਨੂੰ ਹੀ ਆਉਣ ਲੱਗੀ ਤਾਂ ਲੜਕੀ ਦੀ ਮਾਂ ਨੂੰ ਕੁਝ ਬਦਲੀ ਬਦਲੀ ਜਿਹੀ ਲੱਗੀ ਤਾਂ ਉਸ ਨੇ ਸਖ਼ਤੀ ਨਾਲ ਪੁੱਛਿਆ ਤਾਂ ਉਸ ਨੇ ਸਾਰਾ ਕੁਝ ਦੱਸ ਦਿੱਤਾ, ਛੋਟੀ ਉਮਰ ਵਿੱਚ ਹੀ ਮਾਸਟਰ ਨੇ ਬੱਚੀ ਨਾਲ ਸੈਕਸ ਕਰਕੇ ਉਸ ਦੀ ਸੈਕਸ ਦੀ ਇੱਛਾ ਨੂੰ ਫ਼ਿਲਮਾਂ ਦਿਖਾ-ਦਿਖਾ ਕੇ ਭੜਕਾ ਦਿੱਤਾ। ਅਸੀਂ ਮਾਸਟਰ ਨੂੰ ਉਸ ਦੀ ਇਸ ਕਰਤੂਤ ਤੇ ਲਾਹਨਤਾਂ ਪਾਈਆਂ ਤੇ ਮਾਸਟਰ ਨੇ ਆਪਣੀ ਬਦਲੀ ਕਰਵਾ ਲਈ ਤੇ ਸਾਡੇ ਪਿੰਡ ਤੋਂ ਦੂਰ ਚਲਿਆ ਗਿਆ ਹੁਣ ਲੜਕੀ ਦੇ ਘਰ ਅੱਗੇ ਜਦੋਂ ਕੋਈ ਨੌਜਵਾਨ ਲੰਘਦਾ ਤਾਂ ਲੜਕੀ ਉਸ ਨੂੰ ਦੇਖ ਕੇ ਮੁਸਕਰਾ ਛੱਡਦੀ ਤੇ ਨੌਜਵਾਨ ਉਹਨਾਂ ਦੇ ਘਰ ਅੱਗੇ ਗੇੜੇ ਮਾਰਨੇ ਸ਼ੁਰੂ ਕਰ ਦਿੰਦਾ, ਫਿਰ ਉਹ ਪਿੰਡ ਦੇ ਲੜਕਿਆਂ ਨੂੰ ਸਮਝਾਉਂਦੇ ਕਿ ਭਾਈ ਸਾਡੀ ਲੜਕੀ ਤਾਂ ਬਿਮਾਰ ਹੈ, ਕੁੱਝ ਹੱਟ ਜਾਂਦੇ, ਕੁਝ ਨਾ ਸਮਝਦੇ, ਹਰ ਰੋਜ਼ ਗਲੀ ਵਿੱਚ ਲੜਾਈ ਝਗੜਾ ਰਹਿੰਦਾ। ਇੱਕ ਦਿਨ ਲੜਕੀ ਦਾ ਮਾਮਾ ਯਾਨੀ ਮੇਰਾ ਭਰਾ ਮੈਨੂੰ ਮਿਲਣ ਆਇਆ ਤੇ ਘਰ ਦਾ ਸਾਰਾ ਹਾਲ ਪੁੱਛਣ ਲੱਗਾ, ਮੈਂ ਸਭ ਕੁਝ ਉਸ ਨੂੰ ਦੱਸਿਆ ਪਰ ਉਹ ਵੀ ਸਮੱਸਿਆ ਨਹੀਂ ਸਮਝਿਆ, ਉਸ ਨੇ ਕਿਹਾ ਕਿ ਲੜਕੀ ਥੋੜੀ ਮਸਤੀ ਹੈ ਇਸ ਨੂੰ ਮੇਰੇ ਨਾਲ ਭੇਜੋ। ਮੈਂ ਇਸ ਨੂੰ ਡਾਂਗ ਨਾਲ ਐਸਾ ਸਮਝਾਵਾਂਗਾ ਕਿ ਇਹ ਕਿਸੇ ਵੱਲ ਵੀ ਨਹੀਂ ਵੇਖੇਗੀ। ਉਹ ਆਪਣੇ ਨਾਲ ਲੈ ਗਿਆ। ਜਦ ਲੜਕੀ ਨੇ ਕੋਠੇ ਉਪਰ ਚੜ੍ਹ ਪਿੰਡ ਵੇਖਿਆ ਤਾਂ ਉਹਨਾਂ ਦੇ ਦਰਵਾਜੇ ਅੱਗੇ ਸੱਥ ਸੀ ਤਾਂ ਉਥੇ ਕਾਫ਼ੀ ਪਿੰਡ ਦੇ ਲੜਕੇ ਖੜ੍ਹੇ ਸਨ। ਉਹ ਆਪਣੀ ਬਿਮਾਰੀ ਕਾਰਨ, ਉਹਨਾਂ ਵੱਲ ਵੇਖ ਕੇ ਹੱਸਣ ਲੱਗੀ ਤਾਂ ਉਸ ਦੇ ਮਾਮੇ ਨੇ ਉਸ ਨੂੰ ਡਾਂਗਾਂ ਨਾਲ ਕੁੱਟਿਆ ਫਿਰ ਉਸ ਤੋਂ 10-12 ਦਿਨ ਮੰਜੇ ਤੋਂ ਨਹੀਂ ਉਠਿਆ ਗਿਆ। ਜਦ ਫਿਰ ਉਠੀ ਤਾਂ ਉਹ ਆਪਣੀ ਬਿਮਾਰੀ ਕਾਰਨ ਲੜਕਿਆਂ ਵੱਲ ਦੇਖ ਕੇ ਜਦ ਹੱਸਣ ਲੱਗੀ ਤਾਂ ਉਸ ਦੇ ਮਾਮੇ ਨੇ ਉਸ ਨੂੰ ਮਾਰ ਦੇਣ ਲਈ ਕੋਠੇ ਉੱਪਰੋ ਧੱਕਾ ਦੇ ਦਿੱਤਾ ਕਿ ਇਹ ਮਰ ਜਾਵੇ ਕੋਠੇ ਤੋਂ ਡਿੱਗਣ ਨਾਲ ਉਸ ਦੀ ਲੱਤ ਟੁੱਟ ਗਈ ਤੇ ਨਾਲ ਹੀ ਉਸ ਨੂੰ ਚੁੱਕ ਕੇ ਹਸਪਤਾਲ ਲੈ ਗਏ, ਜਿਥੇ ਡਾਕਟਰ ਨੇ ਲੱਤ ਤੇ ਪਲੱਸਤਰ ਕਰ ਦਿੱਤਾ 45 ਦਿਨਾਂ ਬਾਅਦ ਉਸ ਦੀ ਲੱਤ ਠੀਕ ਹੋ ਗਈ ਤਾਂ ਇਸ ਦਾ ਮਾਮਾ ਇਸ ਨੂੰ ਫਿਰ ਛੱਡ ਗਿਆ ਤੇ ਨਾਲ ਹੀ ਪਛਤਾਇਆ ਕਿ ਜੇ ਇਹ ਮਰ ਜਾਂਦੀ ਤਾਂ ਉਸ ਨੂੰ ਕੈਦ ਹੋ ਜਾਣੀ ਸੀ। ਤੁਹਾਡੀ ਮੁਸੀਬਤ ਹੱਲ ਕਰਦਾ-ਕਰਦਾ ਮੈਂ ਆਪ ਮੁਸੀਬਤ ਵਿੱਚ ਫਸ ਜਾਣਾ ਸੀ।

ਹੁਣ ਮੈਂ ਫਰੀਦਕੋਟ ਦੇ ਨਜ਼ਦੀਕ ਮਿਲਣ ਆਈ ਸੀ ਤਾਂ ਸਾਡੇ ਰਿਸ਼ਤੇਦਾਰ ਨੇ ਤੁਹਾਡੇ ਬਾਰੇ ਦੱਸ ਪਾਈ ਹੈ ਮੇਰੀ ਸਮੱਸਿਆ ਦਾ ਕੁੱਝ ਹੱਲ ਕਰੋ। ਮੈਨੂੰ ਕੇਸ ਦੀ ਸਾਰੀ ਸਮਝ ਲੱਗ ਚੁੱਕੀ ਸੀ ਮੇਰੇ ਇਸ ਵਿੱਚ ਕਰਨ ਯੋਗ ਕੁੱਝ ਨਹੀਂ ਸੀ ਤਾਂ ਮੈਂ ਉਹਨਾਂ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਦੇ ਇਕ ਡਾਕਟਰ ਦਾ ਨਾਮ ਦੱਸ ਕੇ ਦਵਾਈ ਲੈਣ ਲਈ ਭੇਜਿਆ ਤਾਂ ਉਹਨਾਂ ਨੂੰ ਮੋਬਾਇਲ ਫੋਨ 'ਤੇ ਗੱਲਬਾਤ ਕਰਨ ਲਈ ਕਹਿ ਦਿੱਤਾ ਕਿ ਤੁਹਾਡੀ ਵਾਟ ਲੰਮੀ ਹੈ, ਤੁਸੀਂ ਜੋ ਪੁੱਛਣਾ ਹੋਵੇ ਮੇਰੇ ਇਸ ਨੰਬਰ 'ਤੇ ਪੁੱਛ ਲੈਣਾ। 20 ਦਿਨ ਦੀ ਦਵਾਈ ਖਾਣ ਤੋਂ ਬਾਅਦ ਲੜਕੀ ਪੂਰੀ ਤਰ੍ਹਾਂ ਨੌ ਬਰ ਨੌ ਹੋ ਗਈ। ਪਰ ਦੋ ਮਹੀਨੇ ਬਾਅਦ ਉਹਨਾਂ ਮੈਨੂੰ ਫੋਨ 'ਤੇ ਦੱਸਿਆ ਕਿ ਲੜਕੀ ਪਹਿਲਾਂ ਦੀ ਤਰ੍ਹਾਂ ਹੋ ਗਈ ਹੈ। ਮੈਂ ਉਹਨਾਂ ਨੂੰ ਕਿਹਾ ਕਿ ਦਵਾਈ ਚਲਦੀ ਹੈ ਤਾਂ ਉਹਨਾਂ ਮੈਨੂੰ ਇਕ ਨਵੀਂ ਮੁਸੀਬਤ ਵਿੱਚ ਪਾ ਦਿੱਤਾ ਕਿ ਦਵਾਈ ਰੋਜ਼ ਦੀ ਕਰੀਬ 550 ਰੁਪੈ ਦੀ ਹੈ, ਜਦਕਿ ਲੜਕੀ ਦਾ ਪਿਤਾ ਸਬਜ਼ੀ ਵੇਚ ਕੇ ਸਿਰਫ਼ 100 ਜਾਂ 150 ਰੁਪੈ ਕਮਾਉਂਦਾ ਹੈ। ਜੋ ਸਾਡੇ ਕੋਲ ਪੈਸੇ ਸਨ, ਉਹਨਾਂ ਦੀ ਦਵਾਈ ਖਾ ਲਈ। ਹੁਣ ਦਵਾਈ ਲਈ ਪੈਸੇ ਨਹੀਂ। ਇਸਦਾ ਹੱਲ ਮੈਂ ਕੀ ਕਰ ਸਕਦਾ ਹਾਂ, ਮੈਨੂੰ ਸਮਝ ਨਹੀਂ ਆ ਰਹੀ। ਡਾਕਟਰੀ ਵਿਗਿਆਨ ਕੋਲ ਸਾਡੀਆਂ ਸਮੱਸਿਆਵਾਂ ਦਾ ਹੱਲ ਤਾਂ ਹੈ ਪਰ ਜੋ ਗ਼ਰੀਬ ਉਸ ਦਾ ਫਾਇਦਾ ਨਹੀਂ ਉਠਾ ਸਕਦੇ ਉਹ ਕਿਸਮਤਾ, ਜੋ ਲਿਖਿਆ ਉਹੀ ਮਿਲਣਾ, ਜੋ ਰੱਬ ਕਰੇ ਆਖ ਕੇ ਸਬਰ ਦਾ ਘੁੱਟ ਭਰ ਲੈਂਦੇ ਹਨ ਤੇ ਅੱਜ ਲੋੜ ਹੈ, ਸਮਾਜ ਅੰਦਰ ਵਿਗਿਆਨਕ ਸੋਚ ਭਰਨ ਦੀ ਤੇ ਜ਼ਿੰਮੇਵਾਰ ਨਾਗਰਿਕ ਬਣਨ ਦੀ। ਇਸ ਕੇਸ ਦਾ ਹੱਲ ਹੁੰਦਿਆਂ ਹੋਇਆਂ ਵੀ ਇਹ ਕੇਸ ਅਧੂਰਾ ਹੈ। ਮੈਂ ਇਹਨਾਂ ਦਾ ਕਿਸੇ ਨੂੰ ਐਡਰੈਸ ਵੀ ਨਹੀਂ ਦੇ ਸਕਦਾ ਕਿ ਉਹਨਾਂ ਦੀ ਆਰਥਿਕ ਮੱਦਦ ਕੀਤੀ ਜਾ ਸਕੇ।

– ਲਖਿੰਵਦਰ ਹਾਲੀ

# ਸਿਹਤ ਦੇ ਝਰੋਖੇ 'ਚੋਂ.....

ਡਾ. ਵਿਸ਼ਾਲ ਭਾਰਤੀ
ਬਲਵੀਰ ਬਾਸੀ, ਕੈਲੇਫੋਰਨੀਆ

## ਉਂਗਲੀਆਂ ਦੇਖ ਮਹਿਸੂਸ ਕਰੋ, ਬੀਮਾਰੀ ਦੀ ਆਵਾਜ਼



ਜੇਕਰ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਬੁਢਾਪੇ ਵਿੱਚ ਤੁਹਾਨੂੰ ਜੁਕਾਮ ਜ਼ਿਆਦਾ ਹੋਵੇਗਾ ਜਾਂ ਫਿਰ ਜੋੜਾਂ ਦਾ ਦਰਦ ਵਧੇਗਾ ਤਾਂ ਆਪ ਆਪਣੀਆਂ ਉਂਗਲੀਆਂ ਨਾਪ ਲਵੋਂ। ਵਿਗਿਆਨੀਆਂ ਦਾ ਦਾਅਵਾ ਹੈ ਕਿ ਉਂਗਲੀਆਂ ਦੀ ਲੰਬਾਈ ਨਾਲ ਬਹੁਤ ਸਾਰੇ ਰੋਗਾਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਵਿਗਿਆਨੀਆਂ ਦੇ ਮੁਤਾਬਿਕ, ਉਂਗਲੀਆਂ ਅਤੇ ਖਾਸ ਤੌਰ 'ਤੇ ਅਨਾਮਿਕਾ (ਉਂਗਲੀਆਂ) ਅਤੇ ਤਰਜਨੀ (ਹਥੇਲੀ) ਦੀ ਲੰਬਾਈ ਕੈਂਸਰ ਅਤੇ ਦੂਸਰੀ ਵੱਡੀ ਸਮੱਸਿਆ ਦੀ ਸੰਭਾਵਨਾ ਦਾ ਪਤਾ ਲਗਾਉਣ ਵਿੱਚ ਮਦਦ ਕਰਦੀ ਹੈ। ਜੇਕਰ ਤੁਹਾਡੀਆਂ ਉਂਗਲੀਆਂ ਹਥੇਲੀ ਦੇ ਮੁਕਾਬਲੇ ਵੱਡੀਆਂ ਹਨ ਤਾਂ ਤੁਹਾਡੇ ਗੋਡਿਆਂ ਵਿੱਚ ਗਠੀਆ ਹੋਣ ਦੀ ਸੰਭਾਵਨਾ ਦੁੱਗਣੀ ਹੋ ਸਕਦੀ ਹੈ। ਬ੍ਰਿਟੇਨ ਦੀ ਹੀ ਸਵਾਨਸੀ ਯੂਨੀਵਰਸਿਟੀ ਵਿੱਚ ਪ੍ਰੋ. ਜਾਨ ਮੈਨਿੰਗ ਦੀ ਅਗਵਾਈ ਵਿੱਚ ਹੋਈ ਇੱਕ ਹੋਰ ਖੋਜ ਵਿੱਚ ਪਾਇਆ ਗਿਆ ਹੈ ਕਿ ਜਿਨ੍ਹਾਂ ਦੀਆਂ ਉਂਗਲੀਆਂ ਲੰਬੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਠੰਡ ਲੱਗਣ ਅਤੇ ਬੀਮਾਰ ਹੋਣ ਦੀ ਸਮੱਸਿਆ ਉਨ੍ਹਾਂ ਲੋਕਾਂ ਤੋਂ ਜ਼ਿਆਦਾ ਹੁੰਦੀ ਹੈ ਜਿਨਾਂ ਦੀ ਹਥੇਲੀ ਲੰਬੀ ਹੁੰਦੀ ਹੈ। ਅਜਿਹੇ ਲੋਕਾਂ ਵਿੱਚ ਚੇਚਕ, ਜੁਕਾਮ ਤੇ ਖਸਰਾ ਹੋਣ ਦੀ ਸੰਭਾਵਨਾ ਵੀ ਜ਼ਿਆਦਾ ਹੁੰਦੀ ਹੈ। ਵਿਗਿਆਨੀਆਂ ਦੇ ਮੁਤਾਬਿਕ ਗਰਭ ਵਿੱਚ ਹੀ ਉਂਗਲੀ ਦੀ ਲੰਬਾਈ ਤਹਿ ਹੋ ਜਾਂਦੀ ਹੈ ਅਤੇ ਇਹ ਸਭ ਸੈਕਸ ਹਾਰਮੋਨਜ਼ ਉਪਰ ਨਿਰਭਰ ਕਰਦਾ ਹੈ।

## ਕੈਂਸਰ ਨਾਲ ਲੜਨ ਲਈ ਸੈੱਲ ਵੰਡਦੇ ਹਨ, ਜਾਣਕਾਰੀ

ਕੈਂਸਰ ਨੂੰ ਸਮਝਣ ਅਤੇ ਉਸਦੇ ਖਿਲਾਫ਼ ਮੋਰਚਾ ਲਾਉਣ ਦੀ ਦਿਸ਼ਾ ਵਿੱਚ ਵਿਗਿਆਨੀਆਂ ਨੂੰ ਇਕ ਕਾਮਯਾਬੀ ਮਿਲੀ ਹੈ। ਉਨ੍ਹਾਂ ਨੂੰ ਅਜਿਹੇ ਸਬੂਤ ਮਿਲੇ ਹਨ ਕਿ ਸਰੀਰ ਦੀ ਪ੍ਰਤੀਰੋਧਕ ਸ਼ਕਤੀ ਬਣਾਏ ਰੱਖਣ ਵਾਲੇ ਸੈਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਚੀਜ਼ਾਂ ਦੇ ਬਾਰੇ ਵਿੱਚ ਹਾਸਿਲ ਕੀਤੀਆਂ ਹੋਈਆਂ ਜਾਣਕਾਰੀਆਂ ਨੂੰ ਦੂਸਰੇ ਸੈਲਾਂ ਤੱਕ ਪਹੁੰਚਾਉਂਦੇ ਹਨ। ਆਸਟ੍ਰੇਲੀਆ ਦੀ ਨੈਸ਼ਨਲ ਯੂਨੀਵਰਸਿਟੀ ਦੀ ਅਗਵਾਈ ਵਿੱਚ ਬਣੀ ਇੱਕ ਇੰਟਰਨੈਸ਼ਨਲ ਟੀਮ ਨੇ ਆਪਣੀ ਇੱਕ ਖੋਜ ਦੇ ਦੁਆਰਾ ਦੇਖਿਆ ਹੈ ਕਿ ਬੀਮਾਰੀਆਂ ਅਤੇ ਸਰੀਰ ਤੋਂ ਬਾਹਰ ਦੇ ਤੱਤਾਂ ਦੇ ਖਿਲਾਫ਼ ਪ੍ਰਤੀਕਿਰਿਆ ਕਰਨ ਵਾਲੇ ਸੈਲ ਇਨ੍ਹਾਂ ਤੱਤਾਂ ਦੀ ਜਾਣਕਾਰੀ ਬੜੀ ਤੇਜ਼ੀ ਨਾਲ ਦੂਸਰੇ ਸੈਲਾਂ ਨੂੰ ਦਿੰਦੇ ਹਨ। ਇਸ ਜਾਣਕਾਰੀ ਦੀ ਸਹਾਇਤਾ ਨਾਲ ਇਹ ਸੈਲ ਸਰੀਰ ਵਿੱਚ ਆਉਣ ਵਾਲੇ ਘੁਸਪੈਠੀਆਂ ਨੂੰ ਆਸਾਨੀ ਨਾਲ ਪਹਿਚਾਣ ਲੈਂਦੇ ਹਨ। ਇਸ

## ਜੀਨ ਦੱਸ ਦੇਣਗੇ ਕਿ ਕਿੰਨਾਂ ਖ਼ਤਰਾ ਹੈ, ਹਾਰਟ ਅਟੈਕ (ਦਿਲ ਦਾ ਦੌਰਾ) ਦਾ



ਹੋ ਸਕਦਾ ਹੈ ਕਿ ਜਲਦੀ ਹੀ ਉਨ੍ਹਾਂ ਲੋਕਾਂ ਦਾ ਪਤਾ ਲਗਾਉਣਾ ਸੰਭਵ ਹੋ ਸਕੇ, ਜਿਨ੍ਹਾਂ ਨੂੰ ਅੱਗੇ ਭਵਿੱਖ ਵਿੱਚ ਹਾਰਟ ਅਟੈਕ ਹੋ ਸਕਦਾ ਹੈ। ਭਾਰਤੀਆਂ ਮੂਲ ਦੇ ਇੱਕ ਵਿਗਿਆਨੀ ਦੀ ਅਗਵਾਈ ਹੇਠ ਖੋਜਕਰਤਾਵਾਂ ਨੇ ਦਰਜਨ ਤੋਂ ਜ਼ਿਆਦਾ ਅਜਿਹੇ ਜੀਨਾਂ ਦੀ ਪਹਿਚਾਣ ਕੀਤੀ ਹੈ, ਜਿਨ੍ਹਾਂ ਦਾ ਸੰਬੰਧ ਪੁਰਾਣੀ ਦਿਲ ਦੀ ਬੀਮਾਰੀ ਨਾਲ ਹੈ। ਬ੍ਰਿਟਿਸ਼ ਹਾਰਟ ਫਾਊਂਡੇਸ਼ਨ ਦੇ ਪ੍ਰੋਫੈਸਰ ਨੀਲੇਸ਼ ਸਮਾਨੀ ਦੀ ਅਗਵਾਈ ਵਿੱਚ ਇੱਕ ਅੰਤਰਰਾਸ਼ਟਰੀ ਦਲ ਨੇ ਹਾਰਟ ਅਟੈਕ ਦੀ ਸੰਭਾਵਨਾ ਵਾਲੇ ਲੋਕਾਂ ਵਿੱਚ ਡੀ. ਐਨ. ਏ. ਵਿੱਚ ਖੰਘ ਦਾ ਪਤਾ ਲਗਾਉਣ ਦੇ ਲਈ 1,40,000 ਲੋਕਾਂ ਦੀ ਜੀਨ ਸੰਰਚਨਾ ਦਾ ਅਧਿਐਨ ਕੀਤਾ।

ਵਿਗਿਆਨੀਆਂ ਨੇ ਦਿਲ ਦੀ ਬੀਮਾਰੀ ਨਾਲ ਸੰਬੰਧ ਰੱਖਣ ਵਾਲੇ 13 ਨਵੇਂ ਜੀਨਾਂ ਦੀ ਪਹਿਚਾਣ ਕੀਤੀ। ਇਹ ਸੰਖਿਆ ਹੁਣ ਤੱਕ ਦਿਲ ਦੀ ਬੀਮਾਰੀ ਨਾਲ ਜੁੜੇ ਪਹਿਲਾਂ ਤੋਂ ਹੀ ਮੌਜੂਦ ਜੀਨਾਂ ਦੀ ਸੰਖਿਆ ਨਾਲੋਂ ਦੁਗੱਣੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਇਹ ਖੋਜ ਦਿਲ ਦੀਆਂ ਬੀਮਾਰੀਆਂ ਦਾ ਨਵਾਂ ਇਲਾਜ ਖੋਜਣ ਵਿੱਚ ਮਦਦਗਾਰ ਹੋ ਸਕਦੀ ਹੈ। ਇਹ ਉਨ੍ਹਾਂ ਲੋਕਾਂ ਦਾ ਪਤਾ ਲਗਾਉਣ ਵਿੱਚ ਵੀ ਸਹਾਇਕ ਹੋ ਸਕਦੀ ਹੈ, ਜਿਨ੍ਹਾਂ ਨੂੰ ਭਵਿੱਖ ਵਿੱਚ ਹਰਟ ਅਟੈਕ ਹੋ ਸਕਦਾ ਹੈ।

ਪ੍ਰੋ. ਸਮਾਨੀ ਦਾ ਕਹਿਣਾ ਹੈ ਕਿ ਪਹਿਚਾਣੇ ਗਏ ਇਨ੍ਹਾਂ ਜ਼ਿਆਦਾਤਰ ਜੀਨਾਂ ਦੇ ਬਾਰੇ ਵਿੱਚ ਇਹ ਜਾਣਕਾਰੀ ਨਹੀਂ ਸੀ ਕਿ ਇਨ੍ਹਾਂ ਦਾ ਸੰਬੰਧ ਕੋਰੋਨਰੀ ਧਮਨੀ ਦੀ ਸਮੱਸਿਆ ਨਾਲ ਹੈ, ਜੋ ਕਿ ਹਾਰਟ ਅਟੈਕ ਦਾ ਮੁੱਖ ਕਾਰਨ ਹੈ।

ਪ੍ਰੋ. ਸਮਾਨੀ ਦਾ ਕਹਿਣਾ ਹੈ ਕਿ ਅਸੀਂ ਅਧਿਐਨ ਕਰਾਂਗੇ ਕਿ ਇਹ ਜੀਨ ਕਿਵੇਂ ਕੰਮ ਕਰਦੇ ਹਨ? ਨਿਸ਼ਚਿਤ ਰੂਪ ਨਾਲ ਤਦ ਹੀ ਅਸੀਂ ਪਤਾ ਲਗਾ ਸਕਦੇ ਹਾਂ ਕਿ ਇਹ ਬੀਮਾਰੀ ਕਿਵੇਂ ਹੁੰਦੀ ਹੈ ਅਤੇ ਇਸਦਾ ਇਲਾਜ ਕਿਵੇਂ ਕੀਤਾ ਜਾ ਸਕਦਾ ਹੈ? ਇਸ ਵਿੱਚ 167 ਤੋਂ ਜ਼ਿਆਦਾ ਕਲੀਨਿਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਵਿੱਚ ਬ੍ਰਿਟੇਨ, ਯੂਰਪ, ਅਮਰੀਕਾ ਅਤੇ ਕੈਨੇਡਾ ਦੇ 1,40,000 ਲੋਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

## ☐ ਗਲ਼ੇ ਲਗਾਉਣ ਨਾਲ ਪਿਘਲਦਾ ਹੈ, ਗੁੱਸਾ



ਯਾਦ ਕਰੋ, ਬਚਪਨ ਵਿੱਚ ਜਦੋਂ ਮਾਂ ਨੂੰ ਤੁਹਾਡੇ ਉਪਰ ਗੁੱਸਾ ਆਉਂਦਾ ਸੀ ਤਾਂ ਤੁਸੀਂ ਉਨ੍ਹਾਂ ਨੂੰ ਕਿਵੇਂ ਮਨਾਉਂਦੇ ਸੀ। ਯਾਦ ਆਇਆ? ਬਿਲਕੁੱਲ ਸਹੀ, ਤੁਸੀਂ ਉਨ੍ਹਾਂ ਦੇ ਗਲ਼ੇ ਲੱਗ ਜਾਂਦੇ ਸੀ। ਉਦੋਂ ਤੁਹਾਨੂੰ ਪਤਾ ਨਹੀਂ ਸੀ ਕਿ ਆਖਰ ਮਾਂ ਦੇ ਗਲੇ ਲੱਗਦੇ ਹੀ ਉਨ੍ਹਾਂ ਦਾ ਗੁੱਸਾ ਕਿੱਥੇ ਚਲਿਆ ਜਾਂਦਾ ਹੈ। ਮਗਰ, ਗੁੱਸਾ ਚਲਿਆ ਜ਼ਰੂਰ ਜਾਂਦਾ ਸੀ। ਦਰਅਸਲ ਜਦੋਂ ਅਸੀਂ ਕਿਸੇ ਦੇ ਗਲ਼ੇ ਲੱਗਦੇ ਹਾਂ ਤਾਂ ਸਰੀਰ ਦੇ ਹਾਰਮੋਨ ਵਿੱਚ ਬਦਲਾਅ ਹੋਣ ਲੱਗਦਾ ਹੈ। ਗੁੱਸੇ ਨੂੰ ਵਧਾਉਣ ਵਾਲਾ ਮੇਲ ਹਾਰਮੋਨ ਟੇਸਟੇਸਟਰਾਨ ਘੱਟ ਹੋਣ ਲੱਗਦਾ ਹੈ ਅਤੇ ਤੁਹਾਡਾ ਗੁੱਸਾ ਸ਼ਾਂਤ ਹੋ ਜਾਂਦਾ ਹੈ। ਅਜਿਹਾ ਸਿਰਫ਼ ਅਸੀਂ ਨਹੀਂ ਕਹਿ ਰਹੇ ਹਾਂ, ਹਾਲ ਹੀ ਵਿੱਚ ਕੈਲੀਫੋਰਨੀਆ ਵਿਸ਼ਵ ਵਿਦਿਆਲਿਆ ਦੀ ਤਰਫੋਂ ਕੀਤੇ ਗਏ ਸੋਧ ਵਿੱਚ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਇੱਕ ਜਾਦੂ ਦੀ ਝੱਪੀ ਨਾਲ ਗੁੱਸਾ ਤੁਰੰਤ ਪਿਘਲ ਜਾਂਦਾ ਹੈ।

ਸਮਾਚਾਰ ਪੱਤਰ 'ਟੇਲੀਗ੍ਰਾਫ਼' ਵਿੱਚ ਪ੍ਰਕਾਸ਼ਿਤ ਖ਼ਬਰ ਦੇ ਅਨੁਸਾਰ, ਕੈਲੀਫੋਰਨੀਆ ਵਿਸ਼ਵ ਵਿਦਿਆਲਿਆ ਦੀ ਤਰਫ਼ ਤੋਂ ਕਰਵਾਏ ਗਏ ਸੋਧ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਆਲਿੰਗਨ ਅਤੇ ਸਪਰਸਪਰ ਦਾ ਸੰਬੰਧ ਕਈ ਅਜਿਹੇ ਗੁਣਾਂ ਨਾਲ ਹੈ ਜੋ ਤਣਾਓ ਅਤੇ ਪੀੜਾ ਨੂੰ ਘੱਟ ਕਰਦੇ ਹਨ। ਸੋਧ ਦੇ ਅਨੁਸਾਰ, ਇਸਦਾ ਪ੍ਰਭਾਵ ਸਭ ਤੋਂ ਜ਼ਿਆਦਾ ਔਰਤਾਂ ਉਪਰ ਹੁੰਦਾ ਹੈ। ਯਾਨੀ ਕਿ ਔਰਤ ਨਾਰਾਜ਼ ਹੈ ਤਾਂ ਉਸਨੂੰ ਜਾਦੂ ਦੀ ਝੱਪੀ ਦੇ ਕੇ ਮਨਾਇਆ ਜਾ ਸਕਦਾ ਹੈ।

ਮਨੋਵਿਸ਼ਲੇਸ਼ਣ ਡਾਕਟਰ ਵੰਦਨਾ ਪ੍ਰਕਾਸ਼ ਨੇ ਦੱਸਿਆ ਕਿ ਗਲ਼ੇ ਲਗਾਉਣ ਦੇ ਨਾਲ ਹੀ ਸਾਡੇ ਸਰੀਰ ਵਿੱਚੋਂ ਗੁੱਸੇ ਨੂੰ ਵਧਾਉਣ ਦੇ ਲਈ ਜ਼ਿੰਮੇਵਾਰ ਹਾਰਮੋਨ ਤੇਜ਼ੀ ਨਾਲ ਘੱਟ ਹੋਣ ਲੱਗਦੇ ਹਨ। ਕਿਸੇ ਨੂੰ ਗਲ਼ੇ ਲਗਾਉਣ ਨਾਲ ਪਿਆਰ ਦਾ ਅਹਿਸਾਸ ਹੁੰਦਾ ਹੈ, ਯਾਨੀ ਹੁਣ ਤੁਸੀਂ ਕਿਸੇ ਨੂੰ ਗਲ਼ੇ ਨਾਲ ਲਗਾਉਂਦੇ ਹੋ ਤਾਂ ਉਸਦਾ ਸਿੱਧਾ ਮਤਲਬ ਹੁੰਦਾ ਹੈ ਉਸਦੇ ਪ੍ਰਤੀ ਪਿਆਰ ਜਤਾਉਣਾ। ਉਨ੍ਹਾਂ ਨੂੰ ਇਹ ਦੱਸਣਾ ਕਿ ਤੁਹਾਡੇ ਨਾਲ ਗਲਤੀ ਹੋ ਗਈ, ਉਹ ਤੁਹਾਨੂੰ ਮਾਫ਼ ਕਰ ਦੇਣ। ਜੇਕਰ ਆਮ ਭਾਸ਼ਾ ਵਿੱਚ ਕਹੀਏ ਤਾਂ ਇਹ ਜਾਦੂਈ ਝੱਪੀ, ਗੁੱਸੇ ਨੂੰ ਚੁੱਟਕੀ ਨਾਲ ਹੀ ਪਿਘਲਾ ਸਕਦੀ ਹੈ।

ਆਧਾਰ ਉਪਰ ਵਿਗਿਆਨੀਆਂ ਦਾ ਵਿਚਾਰ ਹੈ ਕਿ ਜੇਕਰ ਇਸ ਪ੍ਰਕ੍ਰਿਆ ਨੂੰ ਵਧਾਇਆ ਜਾਵੇ ਤਾਂ ਕੈਂਸਰ ਦਾ ਇਲਾਜ ਕੀਤਾ ਜਾ ਸਕਦਾ ਹੈ। ਇਸਦੇ ਲਈ ਕੈਂਸਰ ਨਾਲ ਜੂਝਣ ਵਾਲੇ ਸੈਲ ਦੁਆਰਾ ਦੂਸਰੇ ਸੈਲਾਂ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਦੀ ਰਫ਼ਤਾਰ ਨੂੰ ਹੋਰ ਤੇਜ਼ ਕੀਤਾ ਜਾਵੇ।

## ☐ ਆਸਟ੍ਰੇਲੀਆ ਦਾ ਸ਼ਹਿਦ (ਮਖਿਆਲ) ਸਭ ਤੋਂ ਗੁਣਾਕਾਰੀ

ਆਸਟ੍ਰੇਲੀਆ ਵਿੱਚ ਪਾਇਆ ਜਾਣ ਵਾਲਾ ਇੱਕ ਖਾਸ ਦਰੱਖਤ 'ਮੀਰਟਲ' ਤੋਂ ਕੱਢੇ ਗਏ ਸ਼ਹਿਦ ਵਿੱਚ ਸਭ ਤੋਂ ਜ਼ਿਆਦਾ ਬੈਕਟੀਰੀਆ-ਰੋਧੀ ਗੁਣ ਪਾਏ ਜਾਂਦੇ ਹਨ। ਇਸ ਸ਼ਹਿਦ ਦਾ ਇਸਤੇਮਾਲ ਹਸਪਤਾਲਾਂ ਅਤੇ ਨਰਸਿੰਗ ਘਰਾਂ ਵਿੱਚ ਬੈਕਟੀਰੀਆਂ ਦੇ ਸੰਕਰਮਣ ਦੇ ਇਲਾਜ ਦੇ ਲਈ ਕੀਤਾ ਜਾ ਸਕਦਾ ਹੈ। ਇਹ ਗੱਲ ਇੱਕ ਖੋਜ ਵਿੱਚ ਸਾਹਮਣੇ ਆਈ ਹੈ। ਇਸਦੇ ਅਨੁਸਾਰ ਮੀਰਟਲ ਸ਼ਹਿਦ ਵਿੱਚ ਬੈਕਟੀਰੀਆ ਰੋਧੀ ਯੌਗਿਕ ਮਿਥਾਇਲਗਲਾਈਕਸੋਲ ਦਾ ਬਹੁਤ ਚੰਗਾ ਪੱਧਰ ਪਾਇਆ ਜਾਂਦਾ ਹੈ। ਬਾਜ਼ਾਰ ਵਿੱਚ ਉਪਲੱਬਧ ਕਿਸੇ ਹੋਰ ਸ਼ਹਿਦ ਵਿੱਚ ਐਨਾ ਬੈਕਟੀਰੀਆ-ਰੋਧੀ ਯੌਗਿਕ ਨਹੀਂ ਪਾਇਆ ਜਾਂਦਾ। ਇਹ ਦੁਨੀਆਂ ਦੇ ਸਭ ਤੋਂ ਜਿਆਦਾ ਸ਼ਕਤੀਸ਼ਾਲੀ ਸ਼ਹਿਦਾਂ ਵਿੱਚੋਂ ਇੱਕ ਹੈ। ਮੀਰਟਲ ਸ਼ਹਿਦ ਦੇ ਜ਼ਿਆਦਾ ਉਪਯੋਗ ਦੀ ਬੇਹੱਦ ਸੰਭਾਵਨਾ ਹੈ।

## ☐ ਖੁਸ਼ਖਬਰੀ : ਵਿਗਿਆਨੀਆਂ ਨੇ ਲੱਭਿਆ ਏਡਜ਼ ਦਾ ਇਲਾਜ

ਵਿਗਿਆਨੀਆਂ ਦੀ ਇਕ ਇੰਟਰਨੈਸ਼ਨਲ ਟੀਮ ਨੇ ਏਡਜ਼ ਦਾ ਇਲਾਜ ਖੋਜਣ ਦਾ ਦਾਅਵਾ ਕੀਤਾ ਹੈ। ਇਸ ਟੀਮ ਨੇ ਇੱਕ ਅਜਿਹਾ ਤਰੀਕਾ ਖੋਜਿਆ ਹੈ, ਜਿਸਦੇ ਇਸਤੇਮਾਲ ਨਾਲ ਸਰੀਰ ਖੁਦ-ਬ-ਖੁਦ ਐਚ ਆਈ ਬੀ ਵਾਈਰਸ ਤੋਂ ਮੁਕਤੀ ਪਾ ਲਵੇਗਾ। ਇਸ ਟੀਮ ਨੂੰ ਆਸਟ੍ਰੇਲੀਆ ਅਤੇ ਕੈਨੇਡਾ ਦੀ ਸਰਕਾਰ ਦਾ ਸਮਰਥਨ ਪ੍ਰਾਪਤ ਹੈ।

ਵਿਗਿਆਨੀਆਂ ਨੇ ਚੂਹਿਆਂ ਉਪਰ ਇਹ ਖੋਜ ਕੀਤੀ ਹੈ। ਇਸਦੇ ਤਹਿਤ ਇਹ ਚੂਹੇ ਦੇ ਇਮਯੂਨ ਸਿਸਟਮ ਜਾਂ ਪ੍ਰਤੀਰੋਧਕ ਸਮਰੱਥਾ ਨੂੰ ਇਸ ਹੱਦ ਤੱਕ ਵਧਾਉਣ ਵਿੱਚ ਕਾਮਯਾਬ ਹੋਏ ਕਿ ਸਿਸਟਮ ਨੇ ਵਾਈਰਸ ਨੂੰ ਨਾਕਾਮ ਕਰ ਦਿੱਤਾ ਅਤੇ ਉਸ ਨੂੰ ਸਰੀਰ 'ਚੋਂ ਕੱਢ ਦਿੱਤਾ। ਇਸ ਪ੍ਰਯੋਗ ਦੇ ਕੇਂਦਰ ਵਿੱਚ SOCS-3 ਦਾ ਨਾਮ ਜੀਨ ਸੀ। ਜਦੋਂ ਸਰੀਰ ਵਿੱਚ ਐਚ ਆਈ ਬੀ ਵਰਗਾ ਗੰਭੀਰ ਇਨਫੈਕਸਨ ਹੁੰਦਾ ਹੈ ਤਾਂ ਇਹ ਜੀਨ ਬਹੁਤ ਜ਼ਿਆਦਾ ਸਕ੍ਰਿਆ ਹੋ ਜਾਂਦਾ ਹੈ ਅਤੇ ਖੁਦ ਹੀ ਇਮਯੂਨ ਸਿਸਟਮ ਨੂੰ ਬੰਦ ਕਰ ਦਿੰਦਾ ਹੈ। ਇਸ ਵਜ੍ਹਾ ਨਾਲ ਵਾਈਰਸ ਬਿਨ੍ਹਾ ਰੋਕ ਟੋਕ ਵੱਧਦਾ ਫੁਲਦਾ ਹੈ।

ਜਦੋਂ ਵਿਗਿਆਨੀਆਂ ਨੇ ਆਈ ਐਲ-7 ਨਾਮ ਦੇ ਇੱਕ ਹਾਰਮੋਨ



ਦਾ ਲੇਬਲ ਵਧਾਇਆ ਤਾਂ SOCS-3 ਜੀਨ ਨੇ ਕੰਮ ਕਰਨਾ ਬੰਦ ਕਰ ਦਿੱਤਾ ਅਤੇ ਚੂਹੇ ਨੇ ਹੌਲੀ ਹੌਲੀ ਐਚ ਆਈ ਬੀ ਵਾਈਰਸ ਨੂੰ ਸਰੀਰ ਤੋਂ ਬਾਹਰ ਕਰ ਦਿੱਤਾ। ਹੈਰਾਨੀਜਨਕ ਹੈ ਏਡਜ਼ ਵਾਈਰਸ ਦੀ ਸਭ ਤੋਂ ਵੱਡੀ ਖੂਬੀ ਹੈ ਕਿ ਇਹ ਸਾਡੇ ਇਮਯੂਨ ਸਿਸਟਮ ਨੂੰ ਨਾਕਾਮ ਕਰ ਦਿੰਦਾ ਹੈ।

ਚੂਹੇ ਉਪਰ ਹੋਏ ਤਾਜ਼ਾ ਪ੍ਰਯੋਗ ਦੇ ਬਾਅਦ ਵਿਗਿਆਨਕਾਂ ਦੇ ਦਲ ਵਿੱਚ ਨਵੇਂ ਕਿਸਮ ਦੇ ਇਲਾਜ ਦੀ ਉਮੀਦ ਜਾਗੀ ਹੈ। ਉਨ੍ਹਾਂ ਨੇ ਭਰੋਸਾ ਦਵਾਇਆ ਹੈ ਕਿ ਇਸ ਤਰ੍ਹਾਂ ਨਾਲ ਨਾ ਕੇਵਲ ਐਚ ਆਈ ਬੀ ਬਲਕਿ ਹੈਪਾਟਾਈਟਸ ਬੀ, ਸੀ ਅਤੇ ਟੀ ਬੀ ਵਰਗੇ ਗੰਭੀਰ ਇਨਫੈਕਸ਼ਨ ਦਾ ਵੀ ਇਲਾਜ ਹੋ ਸਕੇਗਾ।

ਟੀਮ ਲੀਡਰ ਡਾ. ਮਾਰਕ ਪੈਲੇਗ੍ਰਿਨੀ ਦਾ ਕਹਿਣਾ ਹੈ, "ਐਚ ਆਈ ਬੀ ਅਤੇ ਹੈਪਾਟਾਈਟਸ ਬੀ, ਸੀ ਦੇ ਵਾਈਰਸ ਸਾਡੇ ਇਮਯੂਨ ਸਿਸਟਮ ਨੂੰ ਐਨਾ ਥੱਕਾ ਦਿੰਦੇ ਹਨ ਕਿ ਇਹ ਉਨ੍ਹਾਂ ਨਾਲ ਲੜਨ ਦੇ ਹਥਿਆਰ ਸੁੱਟ ਦਿੰਦਾ ਹੈ।"

ਸਾਡੀ ਕੋਸ਼ਿਸ਼ ਇਹ ਸੀ ਕਿ ਕਿਸੇ ਤਰ੍ਹਾਂ ਇਮਯੂਨ ਸਿਸਟਮ ਨੂੰ ਥਕਾਉਣ ਵਾਲੇ ਕਾਰਨ ਦੀ ਪਹਿਚਾਣ ਕਰਕੇ ਉਸ ਨਾਲ ਜੁੜੇ ਜੀਨ ਵਿੱਚ ਅਜਿਹੀ ਫੇਰਬਦਲ ਕੀਤੀ ਜਾਵੇ ਕਿ ਪ੍ਰਤੀਰੋਧਕ ਸਮਰੱਥਾ ਫਿਰ ਤੋਂ ਕੰਮ ਕਰਨ ਲੱਗੇ ਅਤੇ ਇਨਫੈਕਸ਼ਨ ਦਾ ਮੁਕਾਬਲਾ ਕਰੇ। ਹੁਣ ਅਜਿਹੀ ਦਵਾਈ ਬਣਾਈ ਜਾਵੇਗੀ ਜੋ SOCS-3 ਵਰਗੇ ਜੀਨਸ ਉਪਰ ਕਾਰਗਰ ਹੋਵੇ ਅਤੇ ਉਸ ਦੇ ਕੰਮ ਕਰਨ ਦੇ ਤਰੀਕੇ ਨੂੰ ਬਦਲ ਦੇਵੇ।

### ☐ ਮੱਛਰਾਂ ਦੀ ਦੁਸ਼ਮਣ ਮੱਕੜੀ ਨੂੰ ਪਸੰਦ ਹਨ, ਬਦਬੂਦਾਰ ਜੁਰਾਬਾਂ



ਜੁਰਾਬ ਤੋਂ ਆ ਰਹੀ ਪਸੀਨੇ ਦੀ ਬਦਬੂ ਤੁਹਾਨੂੰ ਕਮਰੇ ਤੋਂ ਬਾਹਰ ਨਿਕਲਣ ਤੱਕ ਮਜ਼ਬੂਰ ਕਰ ਸਕਦੀ ਹੈ, ਪਰ ਮਲੇਰੀਆ ਫੈਲਾਉਣ ਵਾਲੇ ਮੱਛਰਾਂ ਦਾ ਸ਼ਿਕਾਰ ਕਰਨ ਵਾਲੀ ਮੱਕੜੀ ਨੂੰ ਇਹ ਬੇਹੱਦ ਆਕਰਸ਼ਿਤ ਕਰਦੀ ਹੈ।

ਇਹ ਅਨੋਖੀ ਖੋਜ ਕਰਨ ਵਾਲੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਨਾਲ ਹਰ ਸਾਲ ਹਜ਼ਾਰਾਂ ਲੋਕਾਂ ਦੀ ਜਾਨ ਲੈਣ ਵਾਲੇ ਮਲੇਰੀਆ ਨਾਲ ਲੜਨ ਦੇ ਨਵੇਂ ਤਰੀਕੇ ਲੱਭੇ ਜਾ ਸਕਣਗੇ।

ਇਕ ਪ੍ਰਯੋਗ ਦੇ ਦੌਰਾਨ ਵਿਗਿਆਨੀਆਂ ਨੇ ਪਾਈਆਂ ਹੋਈਆਂ ਜੁਰਾਬਾਂ ਦਾ ਇਸਤੇਮਾਲ ਕੀਤਾ। ਇਸਦਾ ਮਕਸਦ ਇਹ ਪਤਾ ਲਗਾਉਣਾ ਸੀ ਕਿ ਮੱਛਰਾਂ ਦਾ ਸ਼ਿਕਾਰ ਕਰਨ ਵਾਲੀ ਮੱਕੜੀ ਮਨੁੱਖੀ ਗੰਦ ਦੇ ਪ੍ਰਤੀ ਆਪਣੇ ਸ਼ਿਕਾਰ ਦੀ ਹੀ ਤਰ੍ਹਾਂ ਆਕਰਸ਼ਿਤ ਹੁੰਦੀ ਹੈ ਜਾਂ ਨਹੀਂ? ਇਸ ਪ੍ਰਯੋਗ ਦੁਆਰਾ ਇਹ ਸਿੱਧ ਹੋਇਆ ਕਿ ਮੱਕੜੀ ਨੇ ਇਨਸਾਨ ਦੇ ਪੈਰਾਂ ਨਾਲ ਪੈਦਾ ਹੋਣ ਵਾਲੀ ਬਦਬੂ ਦੇ ਪ੍ਰਤੀ ਸਮਾਨਤਾ ਵਿਕਸਿਤ ਕਰ ਲਈ ਹੈ। ਇਹ ਇਸ ਗੰਦ ਨੂੰ ਆਪਣੇ ਸ਼ਿਕਾਰ ਤੱਕ ਪ੍ਹੁੱਟਣ ਦੇ ਜ਼ਰੀਏ ਦੇ ਤੌਰ 'ਤੇ ਇਸਤੇਮਾਲ ਕਰਦੀ ਹੈ। ਖਾਸ ਗੱਲ ਇਹ ਹੈ ਕਿ ਇਨੋਫਿਲੀਜ ਗੈਮਬੀ (ਮੱਛਰ) ਵੀ ਇਸ ਦੁਰਗੰਦ ਵੱਲ ਆਕਰਸ਼ਿਤ ਹੁੰਦਾ ਹੈ।

### ☐ ਬਿਮਾਰੀਆਂ ਨਾਲ ਹੋ ਰਹੀ ਜੰਗ ਵਿੱਚ ਹਾਰਦਾ ਜਾ ਰਿਹਾ ਹੈ, ਭਾਰਤ

ਭਾਰਤ ਦੁਨੀਆਂ ਦੀ ਉਭਰਦੀ ਸ਼ਕਤੀ ਹੋਣ ਦਾ ਦਾਅਵਾ ਕਰ ਰਿਹਾ ਹੈ। ਭਾਰਤ ਦੀ ਵੱਡੀ ਜਨਸੰਖਿਆ ਦਾ ਇੱਕ ਵੱਡਾ ਹਿਸਾ ਪੋਲੀਓ, ਮਲੇਰੀਆ ਅਤੇ ਸਾਹ ਵਰਗੇ ਰੋਗਾਂ ਨਾਲ ਪੀੜਤ ਹੈ।

ਦੁਨੀਆਂ ਦੇ ਕਈ ਪ੍ਰਗਤੀਸ਼ੀਲ ਦੇਸ਼ਾਂ ਨੇ ਵੀ ਇਨ੍ਹਾਂ ਬਿਮਾਰੀਆਂ ਉਪਰ ਲਗਭਗ ਕਾਬੂ ਪਾ ਲਿਆ ਹੈ।

ਤਾਜ਼ਾ ਅੰਕੜਿਆਂ ਦੇ ਅਨੁਸਾਰ ਦੁਨੀਆਂ ਭਰ ਦੇ ਪੋਲੀਓ ਦੇ 42 ਫੀਸਦੀ, ਸਾਹ ਰੋਗ ਦੇ 23 ਫੀਸਦੀ, ਕੌੜ ਦੇ 54 ਪ੍ਰਤੀਸ਼ਤ ਕਾਲੀ ਖੰਘ ਦੇ 86 ਫੀਸਦੀ ਅਤੇ ਮਲੇਰੀਆ ਦੇ 55 ਪ੍ਰਤੀਸ਼ਤ ਪੀੜਿਤ ਲੋਕ ਭਾਰਤ ਵਿੱਚ ਵੱਸਦੇ ਹਨ।

ਵਿਸ਼ਵ ਸਿਹਤ ਸੰਗਠਨ ਦੇ ਮੁਤਾਬਿਕ ਭਾਰਤ ਵਿੱਚ ਬੱਚਿਆਂ ਦੀ ਗਿਣਤੀ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਹੈ।

ਜਾਣਕਾਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਅੰਕੜਿਆਂ ਉਪਰ ਨਜ਼ਰ ਰੱਖਦੇ ਸਮੇਂ ਇਹ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਭਾਰਤ ਵਿੱਚ ਸਿਹਤ ਨਾਲ ਜੁੜੀਆਂ ਬੁਨਿਆਦੀ ਸੁਵਿਧਾਵਾਂ ਜਿਵੇਂ ਪੀਣ



ਵਾਲੇ ਸਾਫ਼ ਪਾਣੀ ਅਤੇ ਸੁੱਰਖਿਆ ਦੀ ਵੀ ਕਮੀ ਹੈ।

ਗਰੀਬੀ ਅਤੇ ਕੁਪੋਸ਼ਣ ਦੇ ਇਕ ਅਧਿਐਨ ਵਿੱਚ ਅਰਵਿੰਦ ਵਿਰਮਾਨੀ ਦਾ ਕਹਿਣਾ ਹੈ ਕਿ ਉਮਰ ਵਿੱਚ ਕਟੌਤੀ ਅਤੇ ਮੌਤ ਦਰ ਵਿੱਚ ਕਮੀ ਅਲੱਗ-ਅਲੱਗ ਬਿਮਾਰੀਆਂ ਉਪਰ ਕਾਬੂ ਪਾਉਣ ਦੇ ਨਤੀਜੇ ਵਿੱਚ ਨਹੀਂ ਬਲਕਿ ਪੀਣ ਦੇ ਸਾਫ਼ ਪਾਣੀ ਅਤੇ ਸਿਹਤ ਉਪਰ ਨਿਰਭਰ ਕਰਦੀ ਹੈ।

**ਬੁਨਿਆਦੀ ਸੁਵਿਧਾਵਾਂ** : ਪਰ ਯੂਨੀਸੇਫ਼ ਅਤੇ ਵਿਸ਼ਵ ਸਿਹਤ ਸੰਗਠਨ ਦੇ ਅੰਕੜੇ ਇਸ ਸੰਬੰਧ ਵਿੱਚ ਚੰਗੀ ਤਸਵੀਰ ਪੇਸ਼ ਨਹੀਂ ਕਰਦੇ ਹਨ।

ਰਿਪੋਰਟ ਦੇ ਅਨੁਸਾਰ ਗ੍ਰਾਮੀਣ ਖੇਤਰ ਦੇ ਸਿਰਫ਼ 21 ਪ੍ਰਤੀਸ਼ਤ

## ਨਿਡਰ ਹੋ ਕੇ ਕਹੋ ਕਿ ਡਰ ਕਿਸ ਚੀਜ਼ ਦਾ ਨਾਮ ਹੈ?



ਵਿਗਿਆਨਕਾਂ ਨੇ ਦਿਮਾਗ ਵਿੱਚ ਉਸ ਸਿਸਟਮ ਦਾ ਪਤਾ ਲਗਾ ਲਿਆ ਹੈ, ਜੋ ਕਿਸੇ ਵਿਅਕਤੀ ਨੂੰ ਨਿਡਰ ਬਣਾਉਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਖੋਜ਼ ਦੇ ਫਲਸਰੂਪ ਚਿੰਤਾ ਦਾ ਸ਼ਿਕਾਰ ਹੋ ਜਾਣ ਵਾਲਿਆਂ ਦੇ ਇਲਾਜ ਦੇ ਨਵੇਂ ਤਰੀਕੇ ਲੱਭਣ ਵਿੱਚ ਆਸਾਨੀ ਹੋਵੇਗੀ।

ਇਕ ਚੌਥਾਈ ਤੋਂ ਜ਼ਿਆਦਾ ਲੋਕਾਂ ਵਿੱਚ ਆਪਣੀ ਜ਼ਿੰਦਗੀ ਵਿੱਚ ਕਦੇ ਨਾ ਕਦੇ ਚਿੰਤਾ ਦਾ ਸ਼ਿਕਾਰ ਹੋਣ ਦੀ ਸਮੱਸਿਆ ਰਹਿੰਦੀ ਹੈ। ਪਸੀਨਾ ਆਉਣਾ, ਦਿਲ ਦੀ ਧੜਕਣ ਵਧ ਜਾਣਾ ਅਤੇ ਪੇਟ ਵਿੱਚ ਮਰੋਡ ਪੈਦਾ ਕਰਨਾ, ਕੁਝ ਅਜਿਹੇ ਲੱਛਣ ਹਨ ਜੋ ਕਦੇ ਕਦੇ ਐਨੇ ਗੰਭੀਰ ਹੋ ਜਾਂਦੇ ਹਨ ਕਿ ਇਹ ਮਾਨਸਿਕ ਰੋਗਾਂ ਦੀ ਸ੍ਰੇਣੀ ਵਿੱਚ ਆ ਜਾਂਦੇ ਹਨ।

ਡੇਲੀ ਮੇਲ ਦੀ ਰਿਪੋਰਟ ਦੇ ਮੁਤਾਬਿਕ ਕੈਲੀਫੋਰਨੀਆ ਦੀ ਸਟੈਨਫਰਡ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਇਸ 'ਤੇ ਅਧਿਐਨ ਕੀਤਾ। ਉਨ੍ਹਾਂ ਨੇ ਪਾਇਆ ਕਿ ਦਿਮਾਗ਼ ਦੇ ਗ੍ਰੇ ਮੈਟਰ ਦੇ ਅੰਦਰ ਸਥਿਤ ਤੰਤਰ ਨੂੰ ਉਤੇਜਨਾ ਕਰਨ 'ਤੇ ਇਹ ਡਰ ਦਾ ਮੁਕਾਬਲਾ ਕਰਨ ਵਿੱਚ ਮਦਦ ਕਰ ਸਕਦਾ ਹੈ।

ਵਿਗਿਆਨਕਾਂ ਨੇ ਚੂਹੇ 'ਤੇ ਪ੍ਰਯੋਗ ਕੀਤਾ। ਉਨ੍ਹਾਂ ਨੇ ਚੂਹਿਆ ਦੇ ਮੱਥਿਆਂ 'ਤੇ ਪ੍ਰਕਾਸ਼ ਪਾਇਆ। ਇਸ ਦੌਰਾਨ ਉਨ੍ਹਾਂ ਵਿਚ ਚੁਣੌਤੀਆਂ ਸਵੀਕਾਰ ਕਰਨ ਦੀ ਪ੍ਰਤੀਬੰਧਤਾ ਦਿਖਾਈ ਦਿੱਤੀ। ਇਸ ਪ੍ਰਕ੍ਰਿਆ ਵਿੱਚ ਵਾਧਾ ਕਰਨ 'ਤੇ ਚੂਹੇ ਹੋਰ ਜ਼ਿਆਦਾ ਸ਼ਕਤੀਸ਼ਾਲੀ ਹੋ ਗਏ।

ਵਿਗਿਆਨ ਦੀ ਅਗਵਾਈ ਕਰਨ ਵਾਲੇ ਕਾਰਲ ਡੇਸੇਰਾਂਥ ਨੇ ਕਿਹਾ ਕਿ ਪ੍ਰਯੋਗ ਦੇ ਦੌਰਾਨ ਜੋ ਗੱਲਾਂ ਸਾਹਮਣੇ ਆਈਆਂ, ਉਹ ਚਿੰਤਾ ਦੀ ਵਜ੍ਹਾ ਨਾਲ ਪੈਦਾ ਹੋਣ ਵਾਲੀਆਂ ਰੁਕਾਵਟਾਂ ਦੇ ਇਲਾਜ ਵਿਚ ਮਦਦਗਾਰ ਹੋਣਗੀਆਂ। ਅਜਿਹਾ ਇਸ ਲਈ ਹੈ ਕਿਉਂਕਿ ਦਿਮਾਗ ਦੀ ਸੰਰਚਨਾ ਵੀ ਚੂਹੇ ਦੇ ਦਿਮਾਗ਼ ਵਰਗੀ ਹੀ ਹੈ। ਟੀਮ ਨੇ ਪ੍ਰਯੋਗ ਦੇ ਦੌਰਾਨ ਔਪਟੋਜੇਨੇਟਿਕਸ ਟੈਕਨੋਲਜੀ ਦਾ ਇਸਤੇਮਾਲ ਕੀਤਾ। ਇਸ ਤਕਨੀਕ ਦੇ ਸਹਾਰੇ ਨਾਲ ਚੂਹਿਆਂ ਨੂੰ ਹੋਰ ਹੁਸ਼ਿਆਰ ਬਣਾਇਆ ਜਾ ਸਕਦਾ ਹੈ, ਤਾਂਕਿ ਉਨ੍ਹਾਂ ਦੇ ਐਕਸ਼ਨ ਨੂੰ ਪ੍ਰਕਾਸ਼ ਦੀਆਂ ਕਿਰਨਾਂ ਦੇ ਹਿਸਾਬ ਨਾਲ ਸ਼ੁਰੂ ਜਾਂ ਬੰਦ ਕੀਤਾ ਜਾ ਸਕੇ।

ਜਨਸੰਖਿਆ ਨੂੰ 'ਉੱਨਤ' ਸਿਹਤ ਸੇਵਾਵਾਂ ਉਪਲੱਬਧ ਹਨ।

ਬਲਕਿ ਪੀਣ ਦੇ ਸਾਫ਼ ਪਾਣੀ ਮੁਹੱਈਆ ਕਰਵਾ ਸਕਣ ਦੇ ਮਾਮਲੇ ਵਿੱਚ ਹਾਲਾਤ ਪਹਿਲਾ ਤੋਂ ਬਹੁਤ ਬੇਹਤਰ ਹੋਏ ਹਨ।

ਭਾਰਤ ਨੇ ਇਸ ਖੇਤਰ ਵਿੱਚ ਸੇਵਾਵਾਂ ਨੂੰ ਬੇਹਤਰ ਬਨਾਉਣ ਦੇ ਲਈ ਰਾਸ਼ਟਰੀ ਗ੍ਰਾਮੀਣ ਸਿਹਤ ਮਿਸ਼ਨ, ਗ੍ਰਾਮੀਣ ਪਾਣੀ ਅਤੇ ਪੂਰਨ ਸੁਰੱਖਿਆ ਅਭਿਆਨਾਂ ਵਰਗੇ ਕੰਮਾਂ ਦੀ ਸ਼ੁਰੂਆਤ ਕੀਤੀ ਹੈ।

ਪਰ ਕਈ ਰਾਜ ਇਨ੍ਹਾਂ ਯੋਜਨਾਵਾਂ ਦੇ ਲਈ ਦਿੱਤੇ ਗਏ ਧਨ ਨੂੰ ਪੂਰੀ ਤਰ੍ਹਾਂ ਖਰਚ ਨਹੀਂ ਕਰ ਪਾ ਰਹੇ।

ਰਾਸ਼ਟਰੀ ਗ੍ਰਾਮੀਣ ਸਿਹਤ ਮਿਸ਼ਨ ਦੇ ਤਹਿਤ ਛਤੀਸਗੜ੍ਹ ਵਿੱਚ ਉਤਸ਼ਾਹਜਨਕ ਕੰਮ ਹੋਇਆ ਹੈ ਪਰ ਉੜੀਸਾ ਵਿੱਚ ਇਹ ਜ਼ਿਆਦਾ ਸਫ਼ਲ ਨਹੀਂ ਰਿਹਾ ਹੈ।

## ਡਾਕਟਰੀ ਚਮਤਕਾਰ ਨੇ ਬਚਾ ਲਈ ਇਕ ਬੱਚੇ ਦੀ ਜਾਨ



ਬ੍ਰਮਿੰਘਮ – ਇੱਥੇ ਇਕ ਅਜਿਹੇ ਬੱਚੇ ਨੂੰ ਮਰਨ ਤੋਂ ਬਚਾ ਲਿਆ ਗਿਆ ਜੋ ਜਨਮ ਤੋਂ ਹੀ ਇੱਕ ਅਜਿਹੀ ਬਿਮਾਰੀ ਨਾਲ ਪੀੜਿਤ ਸੀ, ਜਿਸਦੀ ਵਜ੍ਹਾ ਨਾਲ ਉਸ ਨੂੰ ਸਾਹ ਲੈਣ ਵਿੱਚ ਦਿੱਕਤ ਆਉਂਦੀ ਸੀ।

ਜੈਮੀ ਮੈਰੀਕਸ ਨਾਮ ਦਾ ਇਹ ਬੱਚਾ ਜਦੋਂ ਪੈਦਾ ਹੋਇਆ ਤਾਂ ਉਸਦੇ ਗਲੇ 'ਚ ਅਨਬਿਲੀਕਲ ਕਾਰਡ ਲਿਪਟਿਆ ਹੋਇਆ ਸੀ। ਜਿਸਦੀ ਵਜ੍ਹਾ ਕਰਕੇ ਉਸ ਨੂੰ ਸਾਹ ਲੈਣ ਵਿੱਚ ਡਿੱਕਤ ਆਉਂਦੀ ਸੀ। ਇਸ ਪਰੇਸ਼ਾਨੀ ਦਾ ਅਸਰ ਉਸ ਬੱਚੇ ਦੇ ਦਿਮਾਗ਼ 'ਤੇ ਵੀ ਪੈਂਦਾ ਸੀ। ਬੱਚੇ ਨੂੰ ਬਚਾਉਣ ਦੇ ਲਈ ਡਾਕਟਰ ਵਿਦਿਆ ਗਰਿਕਾਪਤੀ ਨੇ ਇੱਕ ਨਵੀਂ ਤਕਨੀਕ ਦਾ ਇਸਤੇਮਾਲ ਕੀਤਾ, ਜਿਸ ਨੂੰ 'ਟੇਕੋਥਰਮ ਨੀਓ' ਤਕਨੀਕ ਕਹਿੰਦੇ ਹਨ। ਜਦੋਂ ਕੋਈ ਬਰਫ਼ ਦੇ ਵਿਚਕਾਰ ਫ਼ਸ ਜਾਂਦਾ ਹੈ ਤਾਂ ਉੱਥੇ ਉਸਦਾ ਤਾਪਮਾਨ ਕਾਫ਼ੀ ਘੱਟ ਜਾਂਦਾ ਹੈ।

ਡਾਕਟਰ ਵਿੱਦਿਆ ਦਾ ਕਹਿਣਾ ਹੈ ਕਿ ਨਵਜਾਤ ਸ਼ਿਸ਼ੂ ਦੇ ਲਈ ਇਹ ਤਕਨੀਕ ਚਿਕਿਤਸਾ ਜਗਤ 'ਚ ਬਹੁਤ ਵੱਡੀ ਉਪਲਬਧੀ ਹੈ।

## ਕੈਲੋਸਟਰਾਲ ਘਟਾਓ, ਇਨਫੈਕਸ਼ਨ ਤੋਂ ਛੁਟਕਾਰਾ ਪਾਓ

ਬ੍ਰਿਟੇਨ 'ਚ ਵਿਗਿਆਨੀਆਂ ਨੇ ਇੱਕ ਅਧਿਐਨ 'ਚ ਇਹ ਪਤਾ ਲਗਾਇਆ ਹੈ ਕਿ ਜੇਕਰ ਕੈਲਸਟਰਾਲ ਘਟਾ ਲਿਆ ਜਾਵੇ ਤਾਂ ਸਰੀਰ 'ਚ ਇਨਫੈਕਸ਼ਨ ਹੋਣ ਦਾ ਖ਼ਤਰਾ ਘੱਟ ਜਾਂਦਾ ਹੈ। ਇਨਫੈਕਸ਼ਨ ਹੋਣ 'ਤੇ ਕੈਲਸਟਰਾਲ ਦੀ ਦਵਾਈ ਹੋ ਸਕੇਗੀ ਇਸਤੇਮਾਲ।

ਐਡਿਨਬਰਗ ਪ੍ਰਯੋਗਸ਼ਾਲਾ 'ਚ ਚੂਹਿਆਂ 'ਤੇ ਕੀਤੇ ਗਏ ਕੈਲਸਟਰੋਲ ਦਾ ਸਿੱਧਾ ਸੰਬੰਧ ਇਮਯੂਨ ਸਿਸਟਮ ਨਾਲ ਹੈ। ਐਡਿਨਬਰਗ ਯੂਨੀਵਰਸਿਟੀ ਦੇ ਪੀਟਰ ਗ਼ਜ਼ਲ ਦਾ ਅਧਿਐਨ ਜੀਵ ਵਿਗਿਆਨ ਪੱਤ੍ਰਿਕਾ 'ਪਬਲਿਕ ਲਾਈਬ੍ਰੇਰੀ ਆਫ਼ ਸਾਇੰਸ' 'ਚ ਛਪਿਆ ਹੈ। ਉਨ੍ਹਾਂ ਨੇ ਦੱਸਿਆ ਕਿ ਜੋ ਹਾਰਮੋਨ ਇਨਫੈਕਸ਼ਨ ਨਾਲ ਲੜਨ 'ਚ ਮੱਦਦ ਕਰਦੇ ਹਨ, ਉਹ ਕੈਲਸਟਰੋਲ ਨਾਲ ਲੜਨ 'ਚ ਵੀ ਫਾਇਦੇਮੰਦ ਸਾਬਿਤ ਹੁੰਦਾ ਹੈ।

ਪੀਟਰ ਗ਼ਜ਼ਲ ਨੇ ਦੱਸਿਆ, ''ਸਾਡੇ ਕੋਲ ਅਜਿਹੀਆਂ




ਦਵਾਈਆਂ ਹਨ, ਜਿਨ੍ਹਾਂ ਨਾਲ ਕੈਲਸਟਰੋਲ ਘਟਾਇਆ ਜਾ ਸਕਦਾ ਹੈ।" ਹੁਣ ਦੇਖਣਾ ਇਹ ਹੈ ਕਿ ਕੀ ਇਹ ਦਵਾਈਆਂ ਇਮਯੂਨ ਸਿਸਟਮ ਨੂੰ ਹੋਰ ਮਜ਼ਬੂਤ ਬਣਾਉਣ 'ਚ ਵੀ ਕਾਰਗਰ ਹਨ, ਫਿਲਹਾਲ ਸੰਕਰਮਣ 'ਚ ਜੀਵਾਣੂਆਂ ਨਾਲ ਲੜਨ ਦੇ ਲਈ ਐਂਟੀਬਾਇਓਟਿਕ ਅਤੇ ਵਿਸ਼ਾਣੂਆਂ ਨਾਲ ਲੜਨ ਦੇ ਲਈ ਐਂਟੀਵਾਇਰਲ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਪਰ ਕੁੱਝ ਸਮੇਂ ਬਾਅਦ ਇਨ੍ਹਾਂ ਦਵਾਈਆਂ ਦਾ ਅਸਰ ਬੰਦ ਹੋ ਜਾਂਦਾ ਹੈ, ਕਿਉਂਕਿ ਜੀਵਾਣੂ ਅਤੇ ਵਿਸ਼ਾਣੂ ਖੁਦ ਨੂੰ ਇਨ੍ਹਾਂ ਦਵਾਈਆਂ ਦੇ ਹਿਸਾਬ ਨਾਲ ਢਾਲ ਲੈਂਦੇ ਹਨ, ਗ਼ਜ਼ਲ ਅਜਿਹੀ ਤਕਨੀਕ 'ਤੇ ਕੰਮ ਕਰ ਰਹੇ ਹਨ। ਜਿਨ੍ਹਾਂ ਦਾ ਕੰਮ ਜੀਵਾਣੂਆਂ ਨੂੰ ਮਾਰਨਾ ਨਹੀਂ, ਬਲਕਿ ਇਮਯੂਨ ਸਿਸਟਮ ਨੂੰ ਮਜ਼ਬੂਤ ਕਰਨਾ ਹੁੰਦਾ ਹੈ, ਉਹ ਉਮੀਦ ਕਰਦੇ ਹਨ ਕਿ ਕੈਲਸਟਰੋਲ ਨੂੰ ਘੱਟ ਕਰਨ ਵਾਲੀ ਦਵਾਈ 'ਚ ਅਜਿਹਾ ਕੀਤਾ ਜਾਂਦਾ ਹੈ।

ਕੈਲਸਟਰੋਲ ਨੂੰ ਘਟਾਉਣ ਦੇ ਲਈ ਦਵਾਈਆਂ 'ਚ ਸਟੈਟਿਨ ਦਾ ਪ੍ਰਯੋਗ ਸਭ ਤੋਂ ਜ਼ਿਆਦਾ ਕੀਤਾ ਜਾਂਦਾ ਹੈ, ਉਨ੍ਹਾਂ ਨੇ ਦੱਸਿਆ ਕਿ ਗ਼ਜ਼ਲ ਵੀ ਅਜਿਹੀਆਂ ਦਵਾਈਆਂ ਦੀ ਹੀ ਸੋਧ ਕਰ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਹੁਣ ਇਸ 'ਚ ਕਈ ਸਾਲਾਂ ਦੀ ਮਿਹਨਤ ਲੱਗੇਗੀ, ਉਸ ਤੋਂ ਬਾਅਦ ਹੀ ਇਸਨੂੰ ਪ੍ਰਯੋਗ 'ਚ ਲਿਆਂਦਾ ਜਾ ਸਕਦਾ ਹੈ।

# ਤੁਹਾਡੀ ਵਿਸ਼ਵ ਹੋਂਦ ਦੀ ਨਿਸ਼ਾਨਦੇਹੀ ਕਰੇਗਾ - ਆਈਨਮ ਫ਼ੋਨ

ਇਨਸਾਨ ਨਿੱਤ ਨਵੇਂ ਸੁਪਨੇ ਲੈਂਦਾ ਅਤੇ ਉਨ੍ਹਾਂ ਨੂੰ ਹਕੀਕਤ ਵਿੱਚ ਬਦਲਣ ਲਈ ਜੁਟ ਜਾਂਦਾ ਰਿਹਾ ਹੈ। ਸੁਪਨਾ ਭਾਵੇਂ ਅੰਬਰ ਵਿੱਚ ਪੰਛੀਆਂ ਵਾਂਗ ਉਡਾਰੀ ਭਰਨ ਦਾ ਹੋਵੇ ਜਾਂ ਚੰਨ ਉੱਤੇ ਪੈਰ ਰੱਖਣ ਦਾ, ਆਦਮੀ ਨੇ ਸੱਚ ਕਰ ਦਿਖਾਇਆ ਹੈ। ਪਿਛਲੇ ਦੋ ਦਹਾਕਿਆਂ ਵਿੱਚ ਦੂਰ ਸੰਚਾਰ ਅਤੇ ਸੂਚਨਾ ਦੇ ਖੇਤਰ ਵਿੱਚ ਵਰਨਣਯੋਗ ਉਪਲੱਭਦੀਆਂ ਰਹੀਆਂ ਹਨ। ਹੁਣ ਵੌਕਸਬੋਨ ਕੰਪਨੀ ਨੇ, ਇਕ ਹੋਰ ਸੁਪਨੇ ਨੂੰ ਹਕੀਕਤ ਦਾ ਜਾਮਾਂ ਪਹਿਨਾਣ ਦੀ ਠਾਣ ਲਈ ਹੈ। ਉਹ ਸੁਪਨਾ ਹੈ, ਕੁਲ ਦੁਨੀਆਂ ਵਿੱਚ ਹਰ ਵਿਅਕਤੀ ਦਾ ਇਕੋ ਫੋਨ ਨੰਬਰ ਹੋਵੇ। ਅੰਤਰ ਰਾਸ਼ਟਰੀ ਫੋਨ ਨੰਬਰ, ਜੋ ਹੱਦਾਂ ਬੰਨਿਆਂ ਦਾ ਮੁਹਤਾਜ਼ ਨਾ ਹੋਵੇ। ਗਲੀ, ਮੁਹੱਲੇ, ਇਲਾਕੇ ਦੇ ਕੋਡ ਨੰਬਰ ਲਗਾਉਣ ਦਾ ਝਮੇਲਾ ਖ਼ਤਮ। ਕੋਈ ਵਿਅਕਤੀ ਦੁਨੀਆਂ ਦੇ ਕਿਸੇ ਕੋਨੇ 'ਚ ਬੈਠਾ, ਕਿਸੇ ਨਾਲ ਵੀ ਜਦ ਦਿਲ ਕਰੇ, ਇਕੋ ਕਲਿਕ ਨਾਲ ਰਾਬਤਾ ਬਣਾ ਲਵੇ।

ਅੰਤਰਰਾਸ਼ਟਰੀ ਟੈਲੀਕਮਨੀਕੇਸ਼ਨ ਸੰਘ ਵਲੋਂ ਪ੍ਰਵਾਨਤ, ਧਰਤੀ ਗ੍ਰਹਿ ਦਾ ਕੋਡ ਨੰ: + 833 ਮਿਥਿਆ ਗਿਆ ਹੈ। ਅੰਤਰਰਾਸ਼ਟਰੀ ਅੰਕਾਂ (i Num) ਦੀਆਂ ਸੇਵਾਵਾਂ ਮੁਹੱਈਆਂ ਕਰਾਉਣ ਦਾ ਮੰਤਵ, ਕੁਲ ਆਲਮ ਨੂੰ ਇਕ ਵਿਸ਼ਵ ਪਿੰਡ (Global Village) ਬਨਾਉਣਾ ਹੀ ਹੈ। ਉਹ ਵਿਸ਼ਵ ਪਿੰਡ, ਜਿੱਥੇ ਹੱਦਾਂ ਬੰਨੇ ਨਾ ਹੋਣ, ਮਨੁੱਖੀ ਸਾਂਝਾਂ ਹੋਰ ਪੀਡੀਆਂ ਹੋਣ। ਭੂਗੋਲਿਕ ਦੂਰੀਆਂ ਮਿਟ ਜਾਣ। ਬਹੁਤੇ ਕੋਡਾਂ ਦਾ ਕਲਾ-ਕਲੇਸ਼ ਖ਼ਤਮ ਹੋਵੇ। ਧਰਤੀ ਦੇ ਮਿਥੇ ਕੋਡ ਨੰਬਰ + 833 ਨੂੰ ਧਰਤ-ਕੋਡ (Earth code) ਵੀ ਕਹਿੰਦੇ ਹਨ। ਤੁਸੀਂ ਜਿੱਥੇ ਵੀ ਜਾਓਗੇ, ਆਈਨਮ ਤੁਹਾਡੀ ਪਹੁੰਚ ਅੰਦਰ ਹੀ ਹੋਣਗੇ। ਤੁਸੀਂ ਸੋਚਦੇ ਹੋਵੋਗੇ ਕਿ ਕਿਸ ਤਰ੍ਹਾਂ ਤੇ ਕਿੰਨੇ ਅੰਕਾਂ ਦਾ ਹੋਵੇਗਾ ਵਿਸ਼ਵਵਿਆਪੀ ਆਈਨਮ? ਹਾਂ ਇਹ +833 5100, ਜਮਾਂ ਹੋਰ ਅੱਠ ਅੰਕਾਂ ਦਾ ਹੋਵੇਗਾ, ਤੁਹਾਡਾ ਆਈਨਮ ਫ਼ੋਨ ਦਾ ਨੰਬਰ। ਪਹਿਲੇ ਗੇੜ 'ਚ ਇਸ ਤੇ ਕੇਵਲ ਆਵਾਜ਼ ਦਾ ਸੰਚਾਰ ਹੋਵੇਗਾ, ਫਿਰ ਐਸ. ਐਮ. ਐਸ. ਦੀ ਸੇਵਾ ਵੀ ਉਪਲਬਧ ਹੋ ਜਾਵੇਗੀ। ਵੌਕਸਬੋਨ ਨੇ ਹੋਰ ਕੰਪਨੀਆਂ ਨਾਲ ਤਾਲਮੇਲ ਕੀਤਾ ਹੈ। ਉਹ ਸਮਾਂ ਬਹੁਤਾ ਦੂਰ ਨਹੀਂ, ਜਦੋਂ ਫੋਨ ਦੀ ਇਕ ਕਲਿੱਕ ਕੁਲ ਵਿਸ਼ਵ ਨੂੰ ਤੁਹਾਡੇ ਨਾਲ ਜੋੜ ਦੇਵੇਗੀ, ਸਿਰਫ਼ +833 ਲਗਾਕੇ। ਇਸ ਤੋਂ ਵਧੀਆ ਹੋਰ ਗੱਲ ਕੀ ਹੋ ਸਕਦੀ ਹੈ?

ਰੈਬਟੈਲ ਕੰਪਨੀ ਨੇ ਵੌਕਸਬੋਨ ਕੰਪਨੀ ਨਾਲ ਮਿਲਕੇ ਘੱਟ ਕੀਮਤ ਤੇ ਅੰਤਰ ਰਾਸ਼ਟਰੀ ਕਾਲਾਂ ਸੌਖੀਆਂ ਬਨਾਣ ਲਈ ਖਪਤਕਾਰਾਂ ਨੂੰ ਫੋਨ ਸੈਟ ਮੁਹੱਈਆ ਕਰਵਾਂ ਰਹੀਆਂ ਹਨ। ਵੋਡਾਫੋਨ, ਟੀ-ਮੋਬਾਈਲ, ਔਰੇਂਜ ਕੰਪਨੀਆਂ ਦੇ ਨੈਟ ਵਰਕ ਵਰਤ ਕੇ ਆਈਨਮ ਦੀ ਪਹੁੰਚ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਆਈ-ਫੋਨ ਅਤੇ ਆਈ-ਪੌਡ (i-pod) ਤੇ 18 ਕ੍ਰੋੜ ਅੰਕ ਪਹਿਲਾਂ ਹੀ ਵਰਤੋਂ 'ਚ ਹਨ। ਆਈਨਮ ਫੋਨ ਤੋਂ ਦੂਜੇ ਆਇਨਮ ਫੋਨ ਤੱਕ ਕਾਲ ਮੁਫਤ ਹੋਵੇਗੀ। ਹੋਰ ਕਾਲ ਤੇ ਸਥਾਨਕ ਕਾਲ ਜਿੰਨੇ ਪੈਸੇ ਪੈਣਗੇ।

**ਕਿੰਨੀ ਬਦਲ ਜਾਵੇਗੀ ਜ਼ਿੰਦਗੀ?** ਆਈਨਮ ਫੋਨ ਸਾਡੀ ਜੀਵਨ-ਸ਼ੈਲੀ ਨੂੰ ਹੁਲਾਰਾ ਦੇਣਗੇ। ਲੋਕਲ ਕਾਲ ਦੀ ਕੀਮਤ ਤੇ ਆਈਨਮ 45 ਦੇਸ਼ਾਂ 'ਚ ਪੁੱਜ ਜਾਵੇਗਾ। ਆਵਾਜ਼, ਐਸ. ਐਮ. ਐਸ. ਤੇ ਹੋਰ ਸੇਵਾਵਾਂ ਨੇੜ-ਭਵਿੱਖ ਵਿੱਚ ਆਈ-ਫੋਨਾਂ ਤੇ ਉਪਲੱਬਧ ਹੋ ਜਾਣਗੀਆਂ। ਆਈਨਮ-ਫੋਨ ਉਨ੍ਹਾਂ ਖੇਤਰਾਂ ਲਈ ਵਰਦਾਨ ਬਣਨਗੇ, ਜਿਹੜੇ ਮੌਜੂਦਾ ਤਕਨੀਕਾਂ ਦੇ ਹੁੰਦੇ ਸੁੰਦੇ, ਸੂਚਨਾਂ ਸੰਚਾਰ ਤੋਂ ਵਾਂਝੇ ਰਹੇ ਹਨ।

ਗਾਹਕਾਂ ਨੂੰ ਜ਼ਰੂਰ ਆਪਣੇ ਵੱਲ ਖਿਚਣਗੇ ਅੰਤਰ ਰਾਸ਼ਟਰੀ ਅੰਕਾਂ ਨਾਲ ਫੋਨ, ਕੀਮਤ ਘੱਟ, ਕਾਲ ਸੌਖੀ, ਵਰਤੋਂ ਵੀ ਗੁੰਝਲਦਾਰ ਨਹੀਂ। ਤੁਹਾਡੀ ਕੁਲ ਜਗਤ 'ਚ ਹੋਂਦ ਦੀ ਨਿਸ਼ਾਨਦੇਹੀ ਵੀ ਹੋ ਜਾਵੇਗੀ। ਤੁਹਾਡੀ ਵਿਸ਼ਵ ਵਿਆਪੀ ਹੋਂਦ ਨੂੰ ਥਾਪੜਾ ਮਿਲੇਗਾ। ਖੇਤਰੀ, ਸ਼ਹਿਰੀ ਕਾਲ ਦੀ ਵੱਧ-ਘੱਟ ਕੀਮਤ ਦਾ ਸਿਲਸਿਲਾ, ਇਕੋ ਝਟਕੇ 'ਚ ਖ਼ਤਮ ਹੋ ਜਾਵੇਗਾ। ਆਈਨਮ-ਫੋਨ ਸੇਵਾਵਾਂ ਹਾਲੇ ਸਭ ਦੇਸ਼ਾਂ 'ਚ ਉਪਲਬਧ ਨਹੀਂ ਹਨ। ਥੋੜੇ ਅਰਸੇ 'ਚ ਉਪਲਬਧ ਹੋ ਜਾਣਗੀਆਂ ਹੋ ਸਕਦਾ ਹੈ, ਕਿਸੇ ਅਗਲੇ ਦਿਨ ਤੁਹਾਡੀ ਰਿਹਾਇਸ਼ ਵਾਲਾ ਖੇਤਰ ਆਈਨਮ ਦੇ ਦਾਇਰੇ ਵਿੱਚ ਆ ਜਾਵੇ, ਤੁਸੀਂ ਕਿਸੇ ਦੂਜੇ ਮੁਲਕ 'ਚ ਗਏ ਹੋਏ ਹੋਵੋ, ਤੁਹਾਨੂੰ ਹੋਰ ਨਵਾਂ ਫ਼ੋਨ ਨੰਬਰ ਨਹੀਂ ਲੈਣਾ ਪਵੇਗਾ। ਇਕੋ ਆਈਨਮ ਫੋਨ, ਕੁਲ ਦੁਨੀਆਂ 'ਚ ਚਲੇਗਾ। ਆਇਨਮ-ਫੋਨ ਬੜੀਆਂ ਲੰਬੀਆਂ ਪੁਲਾਘਾਂ ਪੁੱਟਦਾ ਹੋਇਆ, ਤੁਹਾਡੇ ਬੂਹੇ ਤੇ ਦਸਤਕ ਦੇਣ ਵਾਲਾ ਹੈ। ਬੱਸ ਥੋੜੀ ਉਡੀਕ ਕਰਿਓ!

- **ਪ੍ਰਿ: ਹਰੀ ਕ੍ਰਿਸ਼ਨ ਮਾਇਰ**, ਮੋ: ਫੋਨ : 98729-92593

# ਕੌਣ ਪੈਦਾ ਕਰਦੇ ਹਨ, ਅਖੌਤੀ ਤੇ ਪਾਖੰਡੀ ਸੰਤ



ਅਸਲ ਅਤੇ ਨਕਲ ਵਿਚ ਫਰਕ ਨਾ ਸਮਝਣਾ, ਮਨੁੱਖ ਦੀ ਘੋਰ ਬੇਸਮਝੀ ਅਤੇ ਅਗਿਆਨਤਾ ਹੈ, ਜਿਵੇਂ ਕਿਸੇ ਸੁਨਹਿਰੀ ਚੀਜ਼ ਨੂੰ ਸੋਨਾ ਅਤੇ ਕੱਚ ਨੂੰ ਹੀਰਾ ਕਹਿ ਕੇ ਵੇਚਣਾ, ਠੱਗ ਦਾ ਕੰਮ ਹੁੰਦਾ ਹੈ। ਇਸੇ ਤਰ੍ਹਾਂ ਆਪਣੇ ਲਾਲਚੀ ਚੇਲਿਆਂ ਤੇ ਲਾਈਲੱਗ ਲੋਕਾਂ ਰਾਹੀਂ ਆਪਣੇ ਆਪ ਨੂੰ ਸੰਤ ਦੱਸ ਕੇ ਭੋਲੇ ਭਾਲੇ ਲੋਕਾਂ ਦਾ ਮਾਨਸਿਕ, ਸਰੀਰਕ, ਆਤਮਿਕ ਅਤੇ ਆਰਥਿਕ ਸੋਸ਼ਣ ਕਰਨਾ ਅਤੇ ਲੁੱਟਣਾ, ਨਕਲੀ ਅਤੇ ਪਾਖੰਡੀ ਸਾਧਾਂ ਦਾ ਕੰਮ ਹੁੰਦਾ ਹੈ। ਇੰਨਾਂ ਨੂੰ ਸੰਤ ਕਹਿਣਾ ਤਾਂ ਸਰਾਸਰ ਹੀ ਗਲਤ ਹੈ। ਇਹ ਤਾਂ ਆਮ ਮਨੁੱਖਾਂ ਤੋਂ ਵੀ ਗਏ ਗੁੱਜਰੇ ਹੁੰਦੇ ਹਨ। ਹੁਣ ਤਰਕ ਮਨ ਨਾਲ ਸੋਚਣ ਦੀ ਲੋੜ ਹੈ। ਜਿਸ ਵਿਅਕਤੀ ਦੇ ਨਾਲ 'ਸਾਧ' ਜਾਂ 'ਸੰਤ' ਲਫ਼ਜ ਲੱਗਦਾ ਹੈ, ਉਹ ਪਾਖੰਡੀ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰਕੇ ਰੱਬ ਨਾਲ ਜੋੜਦੇ ਹਨ। ਪਰਮਾਰਥ ਦਾ ਰਾਹ ਦੱਸਦੇ ਹਨ, ਨਾਮ ਜਪਾਉਂਦੇ ਹਨ, ਪਰ ਇਹ ਪਾਖੰਡੀ ਆਪ ਤਾਂ ਇੰਨਾਂ ਗੱਲਾਂ ਤੋਂ ਵਾਂਝੇ ਫਿਰਦੇ ਹਨ। ਭਲਾ ਦੂਸਰਿਆਂ ਨੂੰ ਕੀ ਦੇ ਦੇਣਗੇ।

ਪਾਖੰਡੀ ਸਾਧਾਂ ਸੰਤਾਂ ਕੋਲੇ ਵੱਡੀਆਂ-ਵੱਡੀਆਂ ਮਹਿੰਗੀਆਂ ਕਾਰਾਂ, ਲਗਜ਼ਰੀ ਡੇਰੇ, ਸੋਹਣੀਆਂ-ਸੋਹਣੀਆਂ ਬੀਬੀਆਂ, ਸੈਕਟਰੀ ਤੇ ਚੇਲੀਆਂ ਤੇ ਮਹਿੰਗੀਆਂ ਪੋਸ਼ਾਕਾਂ ਪਾਉਣ ਵਾਲੇ ਬਾਬੇ ਬੈਂਕਾਂ ਵਿਚ ਕਰੋੜਾਂ ਦੇ ਮਾਲਕ, 10 ਤੋਂ 20 ਕਿਲਿਆਂ ਵਿਚ ਡੇਰੇ ਅਤੇ ਖੁੱਲ੍ਹੀਆਂ ਜ਼ਮੀਨਾਂ ਜਾਇਦਾਦਾਂ ਦੇ ਮਾਲਕ, ਲੋਕਾਂ ਵਿਚ ਇੰਨਾਂ ਦਾ ਖੁੱਲ੍ਹਾ ਪ੍ਰਚਾਰ ਹੁੰਦਾ ਹੈ। ਇਹ ਸਭ ਕੁਝ ਆਮ ਲੋਕਾਂ ਅਤੇ ਸੰਗਤਾਂ ਦਾ ਹੀ ਹੁੰਦਾ ਹੈ। ਮੋਬਾਈਲ ਫੋਨ ਤੋਂ ਲੈ ਕੇ ਹਰ ਆਧੁਨਿਕ ਸਹੂਲਤਾਂ ਨਾਲ ਲੈਸ ਕੀ ਇਹ ਤੁਹਾਨੂੰ ਸਾਧ ਦਿੱਸਦੇ ਹਨ? ਕਿਹੜੀ ਸਾਧਨਾ ਹੈ ਇਨ੍ਹਾਂ ਵਿਚ? ਕਦੀ ਸੋਚਿਆ ਹੈ ਕਿ ਰੱਬ ਕਿੱਥੇ ਹੈ? ਕੀ ਰੱਬ ਇਨ੍ਹਾਂ ਦੇ ਡੇਰਿਆਂ ਵਿਚ ਮਖਮਲੀ ਗੱਦਿਆਂ ਤੇ ਸੁੱਤਾ ਪਿਆ ਹੈ? ਜਿੱਥੇ ਸਖ਼ਤ ਗਰਮੀ ਵਿਚ ਠੰਡ, ਲੋਹੜੀ ਦੀ ਠੰਡ ਵਿਚ ਗਰਮੈਸ਼ ਲੈਣ ਲਈ ਲੱਖਾਂ ਮਿਹਨਤਕਸ਼ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਨੂੰ ਫੂਕਿਆ ਜਾ ਰਿਹਾ ਹੈ। ਮੈਂ ਬੜੇ ਲੋਕਾਂ ਕੋਲੋਂ ਪੁੱਛਦਾ ਹਾਂ ਕਿ ਤੁਸੀਂ ਸਾਧਾਂ ਦੇ ਡੇਰਿਆਂ 'ਤੇ ਕੀ ਕਰਨ ਜਾਂਦੇ ਹੋ, ਤਾਂ ਉਹ ਕਹਿੰਦੇ ਹਨ, "ਮਨ ਦੀ ਸ਼ਾਂਤੀ ਲੈਣ ਲਈ।" ਸੋਚਣ ਵਾਲੀ ਗੱਲ ਇਹ ਹੈ ਕਿ ਸੰਤ ਖੁਦ ਸ਼ਾਂਤੀ ਵਿਚ ਰਹਿ ਰਹੇ ਹਨ, ਜਿੰਨਾਂ ਦੀ ਹਰ ਤੀਜੇ ਦਿਨ ਕੋਰਟ, ਕਚਹਿਰੀ ਵਿਚ ਤਾਰੀਖ ਹੁੰਦੀ ਹੈ। ਇਹ ਪਾਖੰਡੀ ਸੰਤ ਆਪਣੀਆਂ ਜਾਨਾਂ ਬਚਾਉਣ ਲਈ ਲੱਖਾਂ ਕਰੋੜਾਂ ਰੁਪਏ ਹਥਿਆਰਾਂ ਤੇ ਬਾਡੀ ਗਾਰਡਾਂ ਉਪਰ ਖਰਾਬ ਕਰ ਰਹੇ ਹਨ। ਇੰਨਾਂ ਦੇ ਹਥਿਆਰਾਂ ਤੇ ਬਾਡੀਗਾਰਡਾਂ ਕੋਲੋਂ ਸ਼ਾਂਤੀ ਤਾਂ ਖੁਦ ਡਰਦੀ ਫਿਰਦੀ ਹੈ। ਇਹ ਤੁਹਾਨੂੰ ਸ਼ਾਂਤੀ ਕਿੱਥੋਂ ਦੇ ਦੇਣਗੇ, ਹਾਂ, ਇਕ ਗੱਲ ਜ਼ਰੂਰ ਹੈ, ਇੰਨਾਂ ਸ਼ੈਤਾਨਾਂ ਨੇ ਚੰਗੇ ਸ਼ਬਦ ਧਾਰਮਿਕ ਗ੍ਰੰਥਾਂ ਤੋਂ ਚੁਰਾ ਕੇ ਉਨ੍ਹਾਂ ਦੇ ਅਰਥ ਆਪਣੇ ਮਤਲਬ ਅਨੁਸਾਰ ਕਰਕੇ ਭੋਲੇ ਭਾਲੇ ਲੋਕਾਂ ਦੀ ਫੌਜ਼ ਪਿੱਛੇ ਲਾ ਕੇ, ਆਪਣੇ ਚਿਕਨੇ ਚੋਪੜਿਆਂ ਭਾਸ਼ਣਾਂ ਰਾਹੀਂ ਇਨਸਾਨੀ ਭਾਈਚਾਰੇ ਨੂੰ ਖਤਮ ਕਰਨ ਲਈ ਲੋਕਾਂ ਵਿਚ ਨਫ਼ਰਤ ਜ਼ਰੂਰ ਭਰ ਦਿੰਦੇ ਹਨ। ਇੰਨਾਂ ਸ਼ਾਂਤੀਦੂਤਾਂ ਨੂੰ ਪੁੱਛੋ ਕਿ ਜਿਹੜਾ ਲੋਕਾਂ ਦਾ ਖੂਨ ਤੁਹਾਡੀਆਂ ਡਾਂਗਾਂ ਨਾਲ ਡੁੱਲ੍ਹ ਰਿਹਾ ਹੈ, ਜਿੰਨਾਂ ਦੀ ਜਬਰੀ ਇੱਜ਼ਤ ਲੁੱਟਦੇ ਹੋ, ਜਾਂ ਕਤਲ ਕਰਦੇ ਹੋ ਕੀ ਉਨ੍ਹਾਂ ਵਿਚ ਰੱਬ ਨਹੀਂ ਹੈ? ਕੀ ਰੱਬ ਡੇਰਿਆਂ ਦੀ ਚਾਰਦੀਵਾਰੀ ਜਾਂ ਸਿਰਫ਼ ਲਾਈਲੱਗ ਚੇਲਿਆਂ ਵਿਚ ਹੀ ਹੈ? ਇਹ ਸਭ ਵਿਚਾਰ ਕਰਨ ਦੀ ਹੀ ਲੋੜ ਹੈ। ਇੰਨਾਂ ਅਖੌਤੀ ਸੰਤਾਂ ਅਤੇ ਪਖੰਡੀ ਸਾਧਾਂ ਦੀ ਉਪਜ ਕਿਥੋਂ ਹੁੰਦੀ ਹੈ? ਪਰ ਅੱਜ ਕੱਲ੍ਹ ਪੰਜਾਬ ਇੰਨਾਂ ਪਖੰਡੀਆਂ ਵਲੋਂ ਪੈਦਾ ਕੀਤੇ ਹਾਲਾਤਾਂ ਨਾਲ ਜੂਝ ਰਿਹਾ ਹੈ। ਇਸ ਲਈ ਗੱਲ ਪੰਜਾਬ ਦੀ ਹੀ ਕਰਦਾ ਹਾਂ। ਸਿਆਸਤ ਦੀ ਜ਼ਮੀਨ ਵਿਚ ਹੀ ਉਗਦੇ ਹਨ, ਇਹ ਅਖੌਤੀ ਸੰਤ ਅਤੇ ਪਖੰਡੀ ਸਾਧ ਇੰਨਾਂ ਡੇਰੇਦਾਰਾਂ ਨੇ ਡੇਰਿਆਂ ਵਿਚ ਧਾਰਮਿਕ ਗ੍ਰੰਥ ਰੱਖ ਕੇ ਉਨ੍ਹਾਂ ਦੀ ਆੜ ਹੇਠ ਸਿੱਧੇ-ਸਾਧੇ ਲੋਕਾਂ ਨੂੰ ਬੇਵਕੂਫ ਬਣਾਉਣਾ ਸ਼ੁਰੂ ਕਰ ਦਿੱਤਾ ਹੈ, ਇਨ੍ਹਾਂ ਸਾਧਾਂ ਨੇ ਇਸ ਨਕਾਬ ਥੱਲੇ ਆਪਣੇ ਲੱਖਾਂ ਕਰੋੜਾਂ ਦੀਆਂ ਨਿੱਜੀ ਜਾਇਦਾਦਾਂ ਬਣਾ ਲਈਆਂ ਹਨ । ਸਿਆਸੀਆਂ ਦੇ ਪੈਦਾ ਕੀਤੇ ਇਹ ਸਾਧ ਇੰਨੇ ਤਾਕਤਵਰ ਹੋ ਗਏ ਹਨ ਕਿ ਇਨ੍ਹਾਂ ਨੇ ਆਪਣੇ ਪੈਦਾ ਕਰਨ ਵਾਲਿਆਂ ਨੂੰ ਉਂਗਲਾਂ ਤੇ ਨਚਾਉਣਾ ਸ਼ੁਰੂ ਕਰ ਦਿੱਤਾ ਹੈ। ਜਦੋਂ ਕਿ ਆਮ ਲੋਕ ਤਾਂ ਇੰਨ੍ਹਾਂ ਲਈ ਕੁਝ ਵੀ ਨਹੀਂ। ਹੁਣ ਤਾਂ ਸਰਕਾਰਾਂ ਇੰਨਾਂ ਦੇ ਇਸ਼ਾਰਿਆਂ 'ਤੇ ਚੱਲਦੀਆਂ ਹਨ। ਪਰ ਦੇਰ-ਸਵੇਰ ਸਿਆਸੀਆਂ ਦਾ ਪਤਾ ਨਹੀਂ ਪਰ ਭੋਲੀ-ਭਾਲੀ ਸੰਗਤ ਇਨ੍ਹਾਂ ਦੀਆਂ ਚਲਾਕੀਆਂ ਨੂੰ ਸਮਝਣ ਲੱਗ ਪਈ ਹੈ। ਪਖੰਡੀ ਸੰਤਾਂ ਦੇ ਡੇਰੇਦਾਰ ਸਾਧਾਂ ਨੂੰ ਨਫ਼ਰਤ ਕਰਨ ਲੱਗ ਪਈ ਹੈ।

ਤਰਕਸ਼ੀਲ ਹੁੰਦਿਆਂ ਮੇਰਾ ਬੜਾ ਨੇੜਿਓਂ ਇੰਨ੍ਹਾਂ ਪਖੰਡੀ ਸਾਧਾਂ ਨਾਲ ਵਾਹ ਪੈਂਦਾ ਰਹਿੰਦਾ ਹੈ। ਮੇਰੇ ਪਿੰਡ ਦੇ ਨੇੜੇ ਇਕ ਪਖੰਡੀ ਸਾਧ ਰਹਿੰਦਾ ਸੀ, ਮੈਂ ਉਸਨੂੰ ਕਿਹਾ ਕਿ ਬਾਬਾ ਜੀ ਅਸੀਂ ਕਾਫੀ ਲੰਮੇ ਸਮੇਂ ਤੋਂ ਤੁਹਾਡੀ ਸ਼ੋਭਾ ਸੁਣਦੇ ਆ ਰਹੇ ਹਾਂ ਪਰ ਅੱਜ ਅਸੀਂ ਤੁਹਾਡੀ ਪ੍ਰੀਖਿਆ ਲੈਣੀ ਹੈ ਕਿ ਵਾਕਿਆ ਹੀ ਤੁਸੀਂ ਕਰਨੀ ਵਾਲੇ ਹੋ, ਪਰ ਬਾਬਾ ਜੀ ਦੇ ਚੇਲੇ ਚਪਟਿਆਂ ਨੂੰ ਅਤੇ ਬਾਬੇ ਨੂੰ ਇਹ ਪਹਿਲਾਂ ਹੀ ਪਤਾ ਸੀ ਕਿ ਪ੍ਰੇਮਜੀਤ ਸਿੰਘ ਬਰਾੜ ਇਕ ਤਰਕਸ਼ੀਲ ਆਗੂ ਹੈ, ਇਸਦੀ ਕਿਸੇ ਵੀ ਗੱਲ ਦਾ ਜਵਾਬ ਦੇਣਾ ਮੌਤ ਨੂੰ ਮਾਸੀ ਕਹਿਣ ਵਾਲੀ ਗੱਲ ਹੋਵੇਗੀ। ਯਾਦ ਰਹੇ ਕਿ ਤਰਕਸ਼ੀਲ ਸੁਸਾਇਟੀ ਭਾਰਤ ਜ਼ਿਲ੍ਹਾ ਮੁਕਤਸਰ ਨੇ ਖੁੱਲ੍ਹਾ ਚੈਲਿੰਜ ਕੀਤਾ ਹੋਇਆ ਹੈ ਕਿ ਸਾਡੀਆਂ 23 ਸ਼ਰਤਾਂ ਹਨ, ਪੰਜਾਬ ਦੀ ਧਰਤੀ ਤੇ ਕੋਈ ਵੀ ਪਾਖੰਡੀ ਸਾਧ ਪੁੱਛਾਂ ਦੇਣ ਵਾਲਾ ਬਾਬਾ ਸਾਡੀ ਇਕ ਵੀ ਸ਼ਰਤ ਪੂਰੀ ਕਰ ਦੇਵੇ ਤਾਂ ਤਰਕਸ਼ੀਲ ਸੁਸਾਇਟੀ ਉਸ ਪਖੰਡੀ ਸਾਧ ਨੂੰ ਇਕ ਕਰੋੜ ਰੁਪਏ ਦਾ ਨਗਦ ਇਨਾਮ ਦੇਵੇਗੀ।

*- ਪ੍ਰੇਮਜੀਤ ਸਿੰਘ ਬਰਾੜ ਚੱਕ ਕਲਿਆਣ, ਮੋਬਾ: 98785-78450*

# ਅੱਜ ਦੇ ਬਾਂਦਰ ਬੰਦੇ ਕਿਉਂ ਨਹੀਂ ਬਣ ਰਹੇ?

**ਮੇਘ ਰਾਜ ਮਿੱਤਰ**
tarksheel@yahoo.com

ਐਤਵਾਰ ਦਾ ਦਿਨ ਸੀ। ਸਵੇਰੇ ਹੀ ਮੇਰਾ ਮਿੱਤਰ ਰਾਮ ਲਾਲ ਆ ਗਿਆ। ਕਹਿਣ ਲੱਗਿਆ, "ਤੂੰ ਰੋਜ਼ ਇਹ ਕਹਿੰਦਾ ਰਹਿੰਦਾ ਹੈ ਕਿ ਬੰਦੇ ਦਾ ਵਿਕਾਸ ਬਾਂਦਰ ਤੋਂ ਹੋਇਆ ਹੈ। ਮੈਨੂੰ ਦੱਸ ਕਿ ਅੱਜ ਦੇ ਬਾਂਦਰ ਬੰਦੇ ਕਿਉਂ ਨਹੀਂ ਬਣ ਰਹੇ?" ਮੈਂ ਉਸਨੂੰ ਪੁੱਛਿਆ ਕਿ "ਆਹ ਮੇਰੇ ਪੋਤੇ ਪਾਵੇਲ ਦੇ ਹੱਥ ਵਿੱਚ ਕੀ ਹੈ?" ਉਹ ਕਹਿਣ ਲੱਗਿਆ ਕਿ ਟੀ. ਵੀ. ਦਾ ਰਿਮੋਟ। "ਤੇਰੇ ਬਾਬੇ ਦੇ ਹੱਥ ਇਸ ਉਮਰ ਵਿੱਚ ਕੀ ਹੁੰਦਾ ਸੀ?" ਕਹਿਣ ਲੱਗਿਆਂ "ਪਸ਼ੂਆਂ ਨੂੰ ਹੱਕਣ ਵਾਲੀ ਸਟੀ। ਉਸ ਸਮੇਂ ਸਕੂਲ ਤਾਂ ਹੁੰਦੇ ਨਹੀਂ ਸੀ। ਕਿਤੇ ਕਿਤੇ ਕੋਈ ਮੌਲਵੀ ਮਸਜਿਦ ਵਿੱਚ ਜ਼ਰੂਰ ਕੁਝ ਇਲਮ ਦਾ ਗਿਆਨ ਦਿੰਦਾ ਹੁੰਦਾ ਸੀ। ਇਸ ਲਈ ਮੇਰਾ ਬਾਬਾ ਤਾਂ ਅਨਪੜ੍ਹ ਸੀ।" ਮੇਰਾ ਉਸਨੂੰ ਇਹ ਦੱਸਣ ਦਾ ਇੱਕ ਢੰਗ ਸੀ ਕਿ ਕਿਵੇਂ ਪੀੜ੍ਹੀ ਦਰ ਪੀੜ੍ਹੀ ਨਸਲਾਂ ਵਿੱਚ ਕੁਝ ਨਾ ਕੁਝ ਸੁਧਾਰ ਹੁੰਦਾ ਜਾਂਦਾ ਹੈ। ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਂਦਿਆ ਇਹ ਫ਼ਰਕ ਭਾਵੇਂ ਅੱਧਾ ਫੀਸਦੀ ਹੀ ਹੁੰਦਾ ਹੈ ਪਰ ਹਜ਼ਾਰ ਦੋ ਹਜ਼ਾਰ ਪੀੜ੍ਹੀਆਂ ਦਾ ਇਹ ਸਫ਼ਰ ਵੱਡੇ ਫ਼ਰਕ ਪਾ ਦਿੰਦਾ ਹੈ।

*ਬਾਂਦਰ ਤੋਂ ਬੰਦੇ ਬਣਨ ਦਾ ਸਫ਼ਰ ਵੀ ਕੋਈ ਦਸ ਵੀਹ ਸਾਲਾਂ ਦਾ ਨਹੀਂ ਹੈ ਸਗੋਂ ਇਹ ਤਾਂ ਲੱਖਾਂ ਵਰ੍ਹਿਆਂ ਦਾ ਹੈ। ਇਸ ਦੌਰਾਨ ਜੇ ਪੀੜ੍ਹੀਆਂ ਦੀ ਗਿਣਤੀ ਕਰਨੀ ਵੀ ਹੋਵੇ ਤਾਂ ਇਹ ਲੱਖਾਂ ਵਿੱਚ ਹੋ ਜਾਂਦੀ ਹੈ। ਸੋ ਲੱਖਾਂ ਪੀੜ੍ਹੀਆਂ ਵਿਚ ਤਬਦੀਲੀਆਂ ਵੀ ਹਜ਼ਾਰਾਂ ਗੁਣਾਂ ਹੋ ਸਕਦੀਆਂ ਹਨ।*

ਬਾਂਦਰ ਤੋਂ ਬੰਦੇ ਬਣਨ ਦਾ ਸਫ਼ਰ ਵੀ ਕੋਈ ਦਸ ਵੀਹ ਸਾਲਾਂ ਦਾ ਨਹੀਂ ਹੈ, ਸਗੋਂ ਇਹ ਤਾਂ ਲੱਖਾਂ ਵਰ੍ਹਿਆਂ ਦਾ ਹੈ। ਇਸ ਦੌਰਾਨ ਜੇ ਪੀੜ੍ਹੀਆਂ ਦੀ ਗਿਣਤੀ ਕਰਨੀ ਵੀ ਹੋਵੇ ਤਾਂ ਇਹ ਲੱਖਾਂ ਵਿੱਚ ਹੋ ਜਾਂਦੀ ਹੈ। ਸੋ ਲੱਖਾਂ ਪੀੜ੍ਹੀਆਂ ਵਿਚ ਤਬਦੀਲੀਆਂ ਵੀ ਹਜ਼ਾਰਾਂ ਗੁਣਾਂ ਹੋ ਸਕਦੀਆਂ ਹਨ।

ਮੇਰੇ ਬਾਪ ਨੇ ਜਦੋਂ ਸਾਈਕਲ ਸਿੱਖਿਆ ਸੀ ਤਾਂ ਤਿੰਨ ਜਣੇ ਸਾਈਕਲ ਨੂੰ ਪਿਛੋਂ ਫੜਦੇ ਸਨ, ਫਿਰ ਉਹ ਬੈਠਦਾ ਸੀ ਤੇ ਤਾਂ ਵੀ ਉਸਦੇ ਗੋਡਿਆਂ ਤੇ ਟਾਕੀਆਂ ਲਹਿ ਜਾਂਦੀਆਂ ਸਨ ਪਰ ਜਦੋਂ ਮੇਰੇ ਪੋਤੇ ਨੇ ਸਾਈਕਲ ਸਿੱਖਿਆ ਤਾਂ ਸਾਨੂੰ ਪਤਾ ਵੀ ਨਾ ਲੱਗਿਆ ਕਿ ਕਦੋਂ ਉਹ ਸਿੱਖ ਗਿਆ? ਸੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਜਾਂਦੇ, ਤਬਦੀਲੀਆਂ ਆਉਂਦੀਆਂ ਜ਼ਰੂਰ ਨੇ ਪਰ ਇਹ ਵਿਖਾਈ ਨਹੀਂ ਦਿੰਦੀਆਂ। ਲੱਖਾਂ ਸਾਲਾਂ ਵਿੱਚ ਵਾਪਰਨ ਵਾਲਾ ਵਰਤਾਰਾ ਸੱਤਰ ਅੱਸੀ ਸਾਲਾਂ ਵਿੱਚ ਤਾਂ ਵੇਖਿਆ ਹੀ ਨਹੀਂ ਜਾ ਸਕਦਾ।

ਧਰਤੀ ਉਪਰ ਬਾਂਦਰਾਂ ਦੀਆਂ ਸੈਂਕੜੇ ਨਸਲਾਂ ਉਪਲਬਧ ਹਨ। ਇਨ੍ਹਾਂ ਵਿਚੋਂ ਚਿਪੈਂਜੀ, ਔਰਿੰਜੋਟੇਨ, ਗੁਰੀਲਾ ਆਦਿ ਨਸਲਾਂ ਮਨੁੱਖ ਜਾਤੀ ਦੇ ਜ਼ਿਆਦਾ ਨੇੜੇ ਹਨ। ਟੀ. ਵੀ. ਉਤੇ ਅਤੇ ਦੁਨੀਆਂ ਦੇ ਵੱਖ ਵੱਖ ਚਿੜੀਆਂ ਘਰਾਂ ਵਿੱਚ ਮੈਂ ਔਰਿਜੋਟੇਨਾਂ ਨੂੰ ਆਪਣੀ ਬੁੱਧੀ ਦਾ ਇਸਤੇਮਾਲ ਕਰਦੇ ਵੇਖਿਆ ਹੈ। ਉਹ ਬਲਾਕਾਂ ਨੂੰ ਇੱਕ ਦੂਜੇ ਉੱਪਰ ਤਰਤੀਬ ਨਾਲ ਚਿਣ ਕੇ ਛੱਤ ਤੇ ਟੰਗੇ ਫਲ ਉਤਾਰ ਕੇ ਖਾਂਦੇ ਵੇਖੇ ਹਨ। ਉਹ ਤੰਗ ਮੂੰਹ ਵਾਲੇ ਬਰਤਨਾਂ ਵਿੱਚ ਮੂੰਗਫਲੀ ਚੁੱਕਣ ਲਈ ਉਨ੍ਹਾਂ ਵਿੱਚ ਪਾਣੀ ਪਾਉਂਦੇ ਜਾਂ ਪਿਸਾਬ ਕਰਦੇ, ਮੈਂ ਖੁਦ ਵੇਖੇ ਨੇ। ਉਹ ਦਰੱਖਤਾਂ ਦੇ ਤਣੇ ਤੋੜ ਕੇ ਆਪਣੇ ਬਿਸਤਰੇ ਬਣਾਉਂਦੇ ਤੁਹਾਨੂੰ ਵੀ ਨਜ਼ਰੀ ਆਏ ਹੋਣਗੇ। ਹੱਥਾਂ ਨਾਲ ਪੱਥਰ ਚੁੱਕ ਕੇ ਫਲ ਤੋੜਦੇ ਸਾਡੇ ਵਿਚੋਂ ਬਹੁਤਿਆਂ ਨੇ ਤੱਕੇ ਹੋਣਗੇ।

ਇੱਥੇ ਇਹ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਜਦੋਂ ਪਹਿਲਾਂ ਪਹਿਲ ਕੁਝ ਲੋਕ ਆਸਟ੍ਰੇਲੀਆ ਗਏ ਸਨ, ਉਨ੍ਹਾਂ ਨੇ ਉੱਥੇ ਇੱਕ ਅਜਿਹੀ ਮਨੁੱਖੀ ਨਸਲ ਐਵੋਆਰੀਜ਼ਨ ਵੀ ਵੇਖੀ ਸੀ ਜੋ ਨਾ ਤਾਂ ਰਹਿਣ ਲਈ ਆਪਣਾ ਘਰ ਬਣਾਉਂਦੀ ਸੀ ਤੇ ਨਾ ਹੀ ਖਾਣਾ ਬਣਾਉਣ ਲਈ ਬਰਤਨਾਂ ਦਾ ਇਸਤੇਮਾਲ ਕਰਨਾ ਜਾਣਦੀ ਸੀ। ਸਗੋਂ ਉਸਦੇ ਮੈਂਬਰ ਸਮੁੰਦਰੀ ਕਿਨਾਰਿਆਂ ਨੇੜੇ ਉੱਚੀਆਂ ਥਾਵਾਂ ਤੇ ਆਪਣੀਆਂ ਖੱਡਾਂ ਪੁੱਟ ਲੈਂਦੇ ਸਨ ਤੇ ਜਦੋਂ ਵੀ ਕੋਈ ਸਮੁੰਦਰੀ ਜੀਵ ਡੱਡੂ ਜਾਂ ਮੱਛੀ ਨਜ਼ਰੀ ਆਉਂਦੀ ਸੀ, ਉਸ ਨੂੰ ਫੜਕੇ ਖਾ ਜਾਂਦੇ ਸਨ।

ਇਹ ਘਟਨਾ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਮਨੁੱਖੀ ਵਿਕਾਸ ਇਕ ਪਾਸੜ ਹੀ ਨਹੀਂ ਹੁੰਦਾ ਕਈ ਵਾਰੀ ਇਹ ਵਿਕਾਸ ਉਲਟਾ ਵੀ ਸ਼ੁਰੂ ਹੋ ਜਾਂਦਾ ਹੈ। ਲੱਖ ਕੁ ਸਾਲ ਪਹਿਲਾਂ ਆਸਟਰੇਲੀਆ ਦੀ ਧਰਤੀ ਏਸ਼ੀਆ ਦੀ ਧਰਤੀ ਨਾਲ ਜ਼ਮੀਨੀ ਰਸਤੇ ਤੋਂ ਜੁੜੀ ਹੋਈ ਸੀ। ਮਨੁੱਖਾਂ ਦੀ ਕੋਈ ਜਾਤੀ ਕਿਸ਼ਤੀਆਂ ਰਾਹੀਂ ਹੀ ਆਸਟਰੇਲੀਆ ਜਾ ਪੁੱਜੀ। ਉੱਥੇ ਉਨ੍ਹਾਂ ਦਾ ਵਿਕਾਸ ਉਲਟਾ ਹੋਣਾ ਸ਼ੁਰੂ ਹੋ ਗਿਆ। ਜੋ ਕੁਝ ਉਸ ਸਮੇਂ ਸਿੱਖਿਆ ਸੀ ਉਹ ਪੀੜ੍ਹੀਆਂ ਦਰ ਪੀੜ੍ਹੀਆਂ ਭੁੱਲਦਾ ਗਿਆ। ਸੋ ਐਵੋਆਰਿਜਨ ਦੀ ਪੈਦਾਇਸ਼ ਦੀ ਵਿਆਖਿਆ ਇਹ ਹੀ ਹੈ।



ਸੋ ਮਨੁੱਖ ਵਿੱਚ ਨਜ਼ਰ ਆਉਂਦਾ ਵਿਕਾਸ ਕੋਈ ਜ਼ਿਆਦਾ ਪੁਰਾਣਾ ਨਹੀਂ। ਦਸ ਕੁ ਹਜ਼ਾਰ ਸਾਲ ਪਹਿਲਾਂ ਮਨੁੱਖ ਕਬੀਲਿਆਂ ਵਿੱਚ ਹੀ ਰਹਿੰਦਾ ਸੀ। ਹੌਲੀ ਹੌਲੀ ਇਥੇ ਰਿਆਸਤਾਂ ਦੀ ਹੋਂਦ ਆਉਣੀ ਸ਼ੁਰੂ ਹੋਈ ਤੇ

ਇਸ ਤੋਂ ਬਾਅਦ ਹੀ ਇੱਥੇ ਬਾਦਸ਼ਾਹੀਆਂ ਬਨਣ ਲੱਗ ਪਈਆਂ। ਅੱਜ ਦੀਆਂ ਜਮਹੂਰੀ ਸਰਕਾਰਾਂ ਤਾਂ ਦੋ ਤਿੰਨ ਸੌ ਸਾਲ ਹੀ ਪੁਰਾਣੀਆਂ ਹਨ। ਅਜੇ ਵੀ ਕੁਝ ਦੇਸ਼ ਧਰਤੀ ਤੇ ਅਜਿਹੇ ਹਨ, ਜਿਥੇ ਇਸਤਰੀਆਂ ਨੂੰ ਵੋਟ ਪਾਉਣ ਦੇ ਅਧਿਕਾਰ ਵੀ ਨਹੀਂ।

ਬ੍ਰਹਿਮੰਡ ਦੇ ਮੌਜੂਦਾ ਰੂਪ ਦੀ ਸ਼ੁਰੂਆਤ ਤੋਂ ਮਨੁੱਖ ਤੱਕ ਦੇ ਸਫ਼ਰ ਦਾ ਇਤਿਹਾਸ ਬਹੁਤ ਹੀ ਲੰਬਾ ਹੈ। ਜੇ ਬ੍ਰਹਿਮੰਡ ਦੀ ਸ਼ੁਰੂਆਤ ਪਹਿਲੀ ਜਨਵਰੀ ਨੂੰ ਹੋਈ ਮੰਨ ਲਈ ਜਾਵੇ ਤਾਂ ਇੱਥੇ ਮਨੁੱਖ ਦੀ ਆਮਦ ਤਾਂ ਇਕੱਤੀ ਦਸੰਬਰ ਰਾਤੀਂ ਸੱਤ ਵੱਜ ਕੇ ਪੰਦਰਾਂ ਮਿੰਟ 'ਤੇ ਹੀ ਹੁੰਦੀ ਹੈ। ਜੇ ਸਭਿਅਕ ਮਨੁੱਖ ਦੀ ਆਮਦ ਨੂੰ ਗਿਣਨਾ ਹੋਵੇ ਤਾਂ ਇਹ ਕੁਲ ਪੰਚੀ ਸੈਕਿੰਡ ਤੋਂ ਵੱਧ ਦੀ ਨਹੀਂ।

ਸੋ ਮਨੁੱਖੀ ਨਸਲ ਦੇ ਵਿਕਾਸ ਦੀ ਰਫ਼ਤਾਰ ਪਿਛਲੀਆਂ ਦੋ ਤਿੰਨ ਸਦੀਆਂ ਤੋਂ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਵਿਗਿਆਨ ਦੀ ਹਰ ਲੱਭਤ ਇਸ ਵਿਕਾਸ ਨੂੰ ਵੀ ਪਰ ਲਾ ਦਿੰਦੀ ਹੈ। ਭਵਿੱਖ ਵਿੱਚ ਮਨੁੱਖ ਕਿਹੋ ਜਿਹਾ ਹੋਏਗਾ, ਇਸ ਦਾ ਅੱਜ ਅੰਦਾਜ਼ਾ ਲਾਉਣਾ ਅਸੰਭਵ ਹੈ।

ਪਰ ਚੇਤੰਨ ਮਨੁੱਖ ਪਿਛਲੇ ਇੱਕ ਦਹਾਕੇ ਵਿੱਚ ਹੀ ਹੋਈਆਂ ਤਬਦੀਲੀਆਂ ਨੂੰ ਮੁੱਖ ਰੱਖ ਕੇ ਆਉਣ ਵਾਲੇ ਕੁਝ ਦਹਾਕਿਆਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਦਾ ਕੁਝ ਨਾ ਕੁਝ ਅੰਦਾਜ਼ਾ ਜ਼ਰੂਰ ਲਾ ਸਕਦੇ ਹਨ। ਮੋਬਾਇਲ ਤੇ ਇੰਟਰਨੈਟ, ਨੇ ਸਮੁੱਚੀ ਦੁਨੀਆਂ ਨੂੰ ਇੱਕ ਪਿੰਡ ਵਿੱਚ ਬਦਲ ਦਿੱਤਾ ਹੈ। ਅੱਜ ਤੁਸੀਂ ਦੁਨੀਆਂ ਦੀ ਕਿਸੇ ਵੀ ਲਾਇਬਰੇਰੀ ਦੀ ਕੋਈ ਵੀ ਕਿਤਾਬ ਜਾਂ ਅਖ਼ਬਾਰ ਆਪਣੇ ਘਰ ਬੈਠਿਆਂ ਹੀ ਪੜ੍ਹ ਜਾਂ ਖਰੀਦ ਸਕਦੇ ਹੋ। ਲੱਖਾਂ ਕੁੜੀਆਂ ਮੁੰਡਿਆਂ ਲਈ ਲੱਖਾਂ ਹੀ ਵਰ੍ਹ ਕੰਪਿਊਟਰ ਹੀ ਉਪਲਬਧ ਕਰਵਾ ਦਿੰਦਾ ਹੈ। ਹਵਾਈ ਜਹਾਜ਼ ਦੀ ਟਿਕਟ ਹੋਵੇ ਜਾਂ ਰੇਲਵੇ ਦੀ ਘਰ ਹੀ ਉਪਲਬਧ ਹੋ ਜਾਂਦੀ ਹੈ। ਕੰਪਿਊਟਰੀਕਰਨ ਤੇ ਸਟੈਮ ਸੈੱਲ ਟੈਕਨੀਕ ਨੇ ਇਲਾਜ ਦੇ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਤੱਕ ਤੁਹਾਡੀ ਪਹੁੰਚ ਕਰ ਦਿੱਤੀ ਹੈ।

ਅੱਜ ਤੱਕ ਅਸੀਂ ਤਰਕਸ਼ੀਲ ਲੋਕਾਂ ਨੂੰ ਇਹ ਕਹਿੰਦੇ ਰਹੇ ਹਾਂ ਕਿ ਬੰਦੇ ਦਾ ਵਿਕਾਸ ਬਾਂਦਰ ਤੋਂ ਹੋਇਆ ਹੈ। ਇਸ ਲਈ ਅਸੀਂ ਧਰਤੀ ਦੀਆਂ ਤਹਿਆਂ ਵਿਚੋਂ ਮਿਲਣ ਵਾਲੀਆਂ ਹੱਡੀਆਂ ਦਾ ਪ੍ਰਮਾਣ ਦਿੰਦੇ ਰਹੇ ਹਾਂ। ਅਸੀਂ ਦੱਸਦੇ ਰਹੇ ਹਾਂ ਕਿ ਬਾਂਦਰ ਤੇ ਮਨੁੱਖ ਦੇ ਡੀ. ਐਨ. ਏ. 98 ਪ੍ਰਤੀਸ਼ਤ ਇੱਕ ਦੂਜੇ ਨਾਲ ਮੇਲ ਖਾਂਦੇ ਹਨ। ਲੋਕ ਇਹ ਵੀ ਪੁੱਛਦੇ ਰਹੇ ਨੇ ਕਿ ਕਿਵੇਂ ਕੁਝ ਵਿਅਕਤੀਆਂ ਦੇ ਪਿਛਲੇ ਪਾਸੇ ਪੂਛ ਵੀ ਹੁੰਦੀ ਹੈ।

ਅਖ਼ਬਾਰਾਂ ਵਿਚ ਛਪੀਆਂ ਪੂਛਾਂ ਦੇ ਅਪਰੇਸ਼ਨਾਂ ਦੀਆਂ ਖ਼ਬਰਾਂ ਦੀਆਂ ਕਟਿੰਗ ਵੀ ਸਾਨੂੰ ਭੇਜਦੇ ਰਹੇ ਨੇ। ਅਸੀਂ ਉਨ੍ਹਾਂ ਦੀ ਇਹ ਕਹਿ ਕੇ ਹੀ ਤਸੱਲੀ ਕਰਵਾਉਂਦੇ ਰਹੇ ਹਾਂ ਕਿ ਇਹ ਸਾਰੀਆਂ ਗੱਲਾਂ ਬੰਦੇ ਦੇ ਬਾਂਦਰ ਤੋਂ ਹੋਏ ਵਿਕਾਸ ਦੀ ਪੁਸ਼ਟੀ ਕਰਦੀਆਂ ਹਨ।

ਕਿਸੇ ਘਰ ਵਿੱਚ ਪੈਦਾ ਹੋਏ ਬਾਂਦਰ ਵਰਗੇ ਬੱਚੇ ਦੀ ਹਨੂੰਮਾਨ ਜੀ ਦੇ ਅਵਤਾਰ ਧਾਰਨ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ।

ਅਜਿਹੀਆਂ ਖ਼ਬਰਾਂ ਵੀ ਸਾਨੂੰ ਸਹਾਈ ਹੁੰਦੀਆਂ ਸਨ ਕਿਉਂਕਿ ਅਸੀਂ ਕਹਿ ਸਕਦੇ ਸਾਂ ਕਿ ਮਨੁੱਖ ਦੇ ਬੱਚਿਆਂ ਤੇ ਬਾਂਦਰ ਦੇ ਬੱਚਿਆਂ ਦੇ ਭਰੂਣ ਵੀ, ਲੱਗਭਗ ਇਕੋ ਜਿਹੇ ਹੀ ਹੁੰਦੇ ਹਨ।

ਅਸੀਂ ਲਗਭਗ ਹਰ ਲਿਖਤ ਵਿੱਚ ਇਹ ਵੀ ਕਹਿੰਦੇ ਰਹੇ ਹਾਂ ਕਿ ਵਿਗਿਆਨਕ ਜਾਣਕਾਰੀ ਹਮੇਸ਼ਾ ਤਬਦੀਲ ਹੁੰਦੀ ਰਹਿੰਦੀ ਹੈ। ਇਹ ਧਾਰਮਿਕ ਗ੍ਰੰਥਾਂ ਦੀ ਤਰ੍ਹਾਂ ਨਹੀਂ ਹੁੰਦੀ ਜਿਸਨੂੰ ਬਦਲਣਾ ਅਸੰਭਵ ਹੁੰਦਾ ਹੈ। ਕਿਸੇ ਸਮੇਂ ਸਕੂਲਾਂ ਵਿੱਚ ਇਹ ਪੜ੍ਹਾਇਆ ਜਾਂਦਾ ਸੀ ਕਿ ਪ੍ਰਕਾਸ਼ ਇੱਕ ਸਿੱਧੀ ਰੇਖਾ ਵਿੱਚ ਚਲਦਾ ਹੈ ਪਰ ਅੱਜ ਇਸਨੂੰ ਮੋੜ ਕੇ ਟਿਊਬਾਂ ਵਿਚੋਂ ਦੀ ਵੀ ਲੰਘਾ ਦਿੰਦੇ ਹਨ। ਦੁਕਾਨਾਂ ਵਿੱਚ ਜਗਮਗਾਉਂਦੇ ਸਾਈਨ ਬੋਰਡ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਬਾਂਦਰ ਤੋਂ ਬੰਦਾ ਬਣਨ ਦੀ ਵਿਗਿਆਨਕ ਜਾਣਕਾਰੀ ਨੂੰ ਵੀ ਅੱਜ ਡੀ. ਐਨ. ਏ. ਟੈਸਟਾਂ ਤੇ ਮਿਲੇ ਹੱਡੀਆਂ ਦੇ ਪ੍ਰਮਾਣਾਂ ਨੇ ਝੁਠਲਾ ਦਿੱਤਾ ਹੈ। ਵਿਗਿਆਨੀ ਹੁਣ ਇਹ ਗੱਲ ਕਹਿ ਰਹੇ ਹਨ ਕਿ ਮਨੁੱਖ ਦਾ ਵਿਕਾਸ ਬਾਂਦਰ ਤੋਂ ਨਹੀਂ ਹੋਇਆ ਹੈ। ਸਗੋਂ ਬਾਂਦਰਾਂ ਤੇ ਬੰਦੇ ਦਾ ਵਿਕਾਸ ਇਕੋ ਪੂਰਵਜ ਤੋਂ ਹੋਇਆ ਹੈ। ਲੈਮੂਰ ਵਰਗਾ ਇਹ ਲੰਬੀ ਪੂਛ ਵਾਲਾ ਜਾਨਵਰ ਦਰੱਖਤਾਂ ਤੇ ਰਹਿਣ ਦਾ ਆਦਿ ਸੀ। ਸੱਤਰ ਕੁ ਲੱਖ ਸਾਲ ਪਹਿਲਾਂ ਇਹ ਜਾਨਵਰ ਅਫ਼ਰੀਕਾ ਦੇ ਜੰਗਲਾਂ ਵਿੱਚ ਵੱਡੀ ਮਾਤਰਾ ਵਿੱਚ ਉਪਲਬਧ ਸੀ। ਇਸ ਜਾਨਵਰ ਦਾ ਵਿਕਾਸ ਕਈ ਜਾਤੀਆਂ ਵਿਚੋਂ ਇੱਕੋ ਸਮੇਂ ਹੋਣਾ ਸ਼ੁਰੂ ਹੋ ਗਿਆ। ਇੱਕ ਜਾਤੀ ਓਰਿੰਜੋਟੈਨ, ਦੂਜੀ ਚਿੰਪੈਂਜੀ, ਤੀਜੀ ਗੁਰੀਲੇ ਅਤੇ ਚੌਥੀ ਜਾਤੀ ਮਾਨਵ ਦੇ ਰੂਪ ਵਿੱਚ ਵਿਕਸਤ ਹੋਈ। ਅਗਾਂਹ ਮਨੁੱਖ ਦੇ ਵਿਕਾਸ ਵਿਚੋਂ ਵੀ ਨੀ ਐਂਡਰਥਲ, ਜਾਵਾ, ਪੀਕਿੰਗ ਆਸਟ੍ਰੇਲੀਅਨ, ਕਰੋ ਮੈਗਨਾਨ ਆਦਿ ਦਰਜਨ ਦੇ ਲਗਭੱਗ ਜਾਤੀਆਂ ਸਮੇਂ ਸਮੇਂ ਵਿਕਸਤ ਹੁੰਦੀਆਂ ਰਹੀਆਂ। ਸਮੇਂ ਸਮੇਂ ਅੱਡ ਅੱਡ ਨਸਲਾਂ ਵਿੱਚ ਹੁੰਦੀਆਂ ਲੜਾਈਆਂ ਵਿੱਚ ਬਾਕੀ ਸਾਰੀਆਂ ਜਾਤਾਂ ਅਲੋਪ ਹੋ ਗਈਆਂ ਸਿਰਫ਼ ਤੇ ਸਿਰਫ਼ ਇਕ ਜਾਤੀ ਹੀ ਬਚ ਸਕੀ।

ਸੰਦ ਫੜਨ ਦੀ ਤੇ ਬਰਤਨ ਦੀ ਯੋਗਤਾ ਨੇ ਮਨੁੱਖ ਦੇ ਹੱਥਾਂ ਨੂੰ ਮਜ਼ਬੂਤ ਕਰ ਦਿੱਤਾ। ਆਪਣੇ ਬੱਚਿਆਂ ਨੂੰ ਚੁੱਕਣਾ ਤੇ ਜਾਨਵਰਾਂ ਦਾ ਸ਼ਿਕਾਰ ਕਰਨਾ ਤੇ ਸ਼ਿਕਾਰ ਹੋਣ ਦੇ ਡਰੋ ਭੱਜਣਾ, ਬਾਂਦਰ ਨੇ ਇਨ੍ਹਾਂ ਦੀਆਂ ਬਾਂਹਾਂ ਤੇ ਲੱਤਾਂ ਨੂੰ ਸਿੱਧੀਆਂ ਤੇ ਮਜ਼ਬੂਤ ਕਰ ਦਿੱਤਾ। ਅੱਜ ਤੋਂ ਪੰਜਾਹ ਸੱਠ ਹਜ਼ਾਰ ਵਰ੍ਹੇ ਪਹਿਲਾਂ ਤੱਕ ਮਨੁੱਖ ਕੂਕਾਂ ਮਾਰਨਾ ਹੀ ਜਾਣਦਾ ਸੀ। ਅੱਜ ਉਹ ਇਕ ਵਧੀਆ ਭਾਸ਼ਾ ਤੇ ਸ਼ਬਦਾਵਲੀ ਦਾ ਮਾਲਕ ਹੈ, ਉਸਨੇ ਇਹ ਸਭ ਕੁਝ ਪ੍ਰਾਕ੍ਰਿਤੀ ਨਾਲ ਕੀਤੇ ਸੰਘਰਸ਼ ਵਿਚੋਂ ਪ੍ਰਾਪਤ ਕੀਤਾ ਹੈ।

ਹਨੂੰਮਾਨ ਜੀ ਦੀ ਬਾਂਦਰ ਸੈਨਾ ਵਲੋਂ ਸ੍ਰੀ ਲੰਕਾ ਅਤੇ ਭਾਰਤ ਨੂੰ ਜੋੜਨ ਵਾਲੇ ਪੁਲ ਦੀ ਮਿਥਿਹਾਸਕ ਕਹਾਣੀ ਨੂੰ ਭਾਵੇਂ ਨਾਸਾ ਦੇ ਵਿਗਿਆਨੀਆਂ ਨੇ ਝੁਠਲਾ ਦਿੱਤਾ ਹੈ ਪਰ ਮੈਂ ਸਮਝਦਾ ਹਾਂ ਕਿ ਉਂਝ ਬਾਂਦਰ ਸੈਨਾ ਅਜਿਹੇ ਕਬਾਇਲੀ ਮਨੁੱਖਾਂ ਦੀ ਸੀ ਜੋ ਕਿਰਤ ਨੂੰ ਪਿਆਰ ਕਰਦੀ ਸੀ ਅਤੇ ਕਿਰਤ ਲਈ ਜੁੜੇ ਹੱਥ ਪ੍ਰਾਰਥਨਾ ਲਈ ਜੁੜੇ ਹੱਥਾਂ ਤੋਂ ਹਜ਼ਾਰਾਂ ਗੁਣਾਂ ਬਿਹਤਰ ਹੀ ਹੁੰਦੇ ਹਨ।

– ਮੇਘ ਰਾਜ ਮਿੱਤਰ


**ਹਰ ਤਰਕਸ਼ੀਲ ਲਈ ਵੇਖਣਯੋਗ ਸਥਾਨ**

**ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ**

ਕੀ ਤੁਸੀਂ ਆਪਣੇ ਪਰਿਵਾਰ ਨੂੰ 'ਸਾਇੰਸ ਸਿਟੀ' ਦਿਖਾਇਆ ਹੈ, ਜੇ ਨਹੀਂ ਤਾਂ ਜ਼ਰੂਰ ਦਿਖਾਓ, ਕਿਉਂਕਿ ਵਿਗਿਆਨਕ ਸੋਚ ਲਈ ਇਹ ਬਹੁਤ ਜ਼ਰੂਰੀ ਹੈ, ਇਸ ਨੂੰ ਵੇਖਣ ਲਈ ਪੂਰਾ ਦਿਨ ਚਾਹੀਦਾ ਹੈ। ਸਾਇੰਸ ਸਿਟੀ ਸਵੇਰੇ 9 ਤੋਂ ਸ਼ਾਮੀ ਪੰਜ ਵਜੇ 365 ਦਿਨ ਖੁੱਲ੍ਹੀ ਰਹਿੰਦੀ ਹੈ।

# ਕਾਵਿ ਕਿਆਰੀ

**ਮਈ ਦਿਵਸ ਨੂੰ ਸਮਰਪਿਤ**

## ਸੂਹੇ ਫੁੱਲ

ਮਜ਼ਦੂਰ ਦਿਹਾੜੇ ਉੱਤੇ ਰਲਕੇ, ਆਓ ਕਸਮਾਂ ਖਾਈਏ,
ਭਾਰਤ ਜਿਹੇ ਬਾਗ ਦੇ ਅੰਦਰ, ਸੂਹੇ ਫੁੱਲ ਉਗਾਈਏ।
ਦੇਸ਼ ਭਗਤੀ ਦਾ ਬੁਰਕਾ ਪਾ ਕੇ, ਵਿਹਲੜ ਮੌਜਾਂ ਕਰਦੇ,
ਦਿਨੇ ਰਾਤੀਂ ਮਿਹਨਤ ਕਰਕੇ, ਕਾਮੇਂ ਭੁੱਖੇ ਮਰਦੇ।
ਸੋਨੇ ਵਰਗੇ ਮੁੜਕੇ ਨੂੰ ਨਾ, ਭੋਅ ਦੇ ਭਾਅ ਵਿਕਾਈਏ...
ਦੇਸ਼ ਦੇ ਰਾਖੇ ਵੀਰਾਂ ਦੇ, ਇਨ੍ਹਾਂ ਨੇ ਕੱਫ਼ਣ ਵੇਚੇ,
ਲੋਕੀਂ ਹੁਣ ਜਾਗ ਨੇ ਚੱਲੇ, ਲੈ ਲੈਣਗੇ ਮੇਚੇ।
ਆ ਚਾਨਣ ਦੇ ਹਾਣੀ ਬਣਕੇ, ਆਪਾਂ ਹਨੇਰ ਭਜਾਈਏ...
ਸ਼ਹੀਦਾਂ ਦੀ ਕੁਰਬਾਨੀ ਵੱਟ ਕੇ, ਸੁੱਖ ਨੀਂ ਥੋਨੂੰ ਮਿਲਣਾ,
ਸੂਹਾ ਫੁੱਲ ਆਜ਼ਾਦੀ ਵਾਲਾ, ਹਿੱਕ ਥੋਡੀ ਤੇ ਖਿਲਣਾ।
ਦਸਮ ਪਿਤਾ ਦੇ ਵਾਂਗੂੰ ਯਾਰੋਂ, ਆਓ ਤਲਵਾਰ ਉਠਾਈਏ...
ਪੱਤੋ ਵਾਲਿਆ ਛੱਡਣਾ ਨਹੀਂਓ, ਦੇਸ਼ 'ਚ ਕੋਈ ਲੁਟੇਰਾ,
'ਵਿਗਿਆਨ ਜੋਤ' ਘਰ-ਘਰ ਵੰਡ ਕੇ, ਕਰੀਏ ਨਵਾਂ ਸਵੇਰਾ।
ਸ਼ਿਕਾਂਗੋ ਦੇ ਸ਼ਹੀਦਾਂ ਵਾਂਗੂੰ, ਨਵਾਂ ਇਤਿਹਾਸ ਰਚਾਈਏ...
ਭਾਰਤ ਜਿਹੇ ਬਾਗ ਦੇ ਅੰਦਰ, ਸੂਹੇ ਫੁੱਲ ਉਗਾਈਏ,
ਮਜ਼ਦੂਰ ਦਿਹਾੜੇ ਉੱਤੇ ਰਲਕੇ, ਆਓ ਕਸਮਾਂ ਖਾਈਏ।

**- ਪ੍ਰਸ਼ੋਤਮ ਪੱਤੋ**
ਪਿੰਡ+ਡਾਕ - ਪੱਤੋਂ ਹੀਰਾ (ਮੋਗਾ)

## ਗ਼ਜ਼ਲ

ਛੱਡ ਆਸ ਤੂੰ ਖੰਭਾਂ ਦੀ, ਲਾ ਹੌਸਲੇ ਸੰਗ ਉਡਾਰੀ,
ਭਰੋਸਾ ਖੁਦ 'ਤੇ ਕਰਦੇ ਜੋ, ਸਦਾ ਜਿੱਤਦੇ ਰਹੇ ਖਿਡਾਰੀ।

ਪਊ ਮੀਂਹ ਗੁਲਾਬਾਂ ਦਾ, ਐਵੇਂ ਦਿਲ ਵਿੱਚ ਭਰਮ ਨਾ ਰੱਖੀਂ,
ਜੇ ਚਾਹੁੰਦਾ ਫੁੱਲ ਹੈਂ ਬਹੁਤੇ, ਤਾਂ ਫਿਰ ਬੀਜ ਫੁੱਲਾਂ ਦੀ ਕਿਆਰੀ।

ਸਾਥ ਜੇ ਹੋਵੇ ਸੱਜਣਾਂ ਦਾ, ਪੈਂਡਾ ਬਿਖੜਾ ਨਾ ਫਿਰ ਰਹਿੰਦਾ,
ਗ਼ਮਖ਼ਾਰਾਂ ਦੇ ਬਾਝੋਂ ਹੁੰਦੀ ਹੈ, ਗਮਾਂ ਦੀ ਪੰਡ ਭਾਰੀ।

ਬੰਦਾ ਦਿਲ ਦਾ ਅਮੀਰ ਹੋਵੇ ਤੇ, ਭਾਵੇਂ ਜੇਬਾਂ ਹੋਵਣ ਖਾਲੀ,
ਇਥੇ ਬਣਦੇ ਬੜੇ ਦੇਖੇ, ਮੈਂ ਧਨਵਾਨ ਵੀ ਭਿਖਾਰੀ।

ਜਾਤਾਂ-ਧਰਮਾਂ ਨੂੰ ਭੁੱਲ ਕੇ, ਤੂੰ ਰੱਖ ਯਾਦ ਜਮਾਤਾਂ ਨੂੰ,
ਬੜਾ ਚਿਰ ਸ਼ਿਕਾਰ ਹੋਇਓ, ਹੁਣ ਬਣਨਾ ਪਊ ਸ਼ਿਕਾਰੀ।

ਆਪਣੇ ਲੋਕਾਂ ਦੀ ਖਾਤਰ, 'ਬੀਰ' ਤਾਂ ਮਿਟ ਹੀ ਜਾਊਗਾ,
ਕਲਮ ਹੁਣ ਤੇਜ਼ ਤੂੰ ਕਰਲੈ, ਜਾਂ ਫਿਰ ਤਿਖੀ ਕਰ ਕਟਾਰੀ।

**- ਸੁਖਪਾਲ ਸਿੰਘ ਬੀਰ**
ਬੀਰ ਖੁਰਦ (ਮਾਨਸਾ)
98725-50222

## ਕਵਿਤਾ

ਅੱਖੀਓ ਤੱਕੀਓ ਉਹਨਾਂ ਰਾਹਾਂ ਨੂੰ,
ਜਿੱਥੇ ਭਗਤ ਸਿੰਘ ਸਰਦਾਰ ਗਿਆ।
ਲੋਕਾਂ ਨੂੰ ਹੱਕ ਦੁਆਉਣ ਲਈ,
ਜਿੰਦ ਜਾਣ ਦੀ ਬਾਜ਼ੀ ਜਿਹੜਾ ਵਾਰ ਗਿਆ।



ਉਹ ਭਗਤ ਸਿੰਘ ਮਾਣ ਮੇਰਾ,
ਦੇਸ਼ ਕੌਮ ਦੀ ਸ਼ਾਨ ਹੈ, ਜਿਹੜਾ।
ਅੰਗਰੇਜ਼ਾਂ ਦੀਆਂ ਦਿੱਤੀਆਂ ਤਕਲੀਫ਼ਾਂ ਨੂੰ,
ਹੱਸ-ਹੱਸ ਕੇ ਜਿਹੜਾ ਸਹਾਰ ਗਿਆ।
ਦੇਸ਼ ਦੀ ਸ਼ਾਨ ਬਚਾਉਣ ਲਈ,
ਜੋ ਖ਼ੁਦ ਨੂੰ ਸੂਲ਼ੀ ਚਾੜ੍ਹ ਗਿਆ।
ਅੱਖੀਓ ਤੱਕੀਓ ਰਾਹਾਂ ਨੂੰ,
ਜਿੱਥੇ ਭਗਤ ਸਿੰਘ ਸਰਦਾਰ ਗਿਆ।

ਸੁਣ ਭਗਤ ਸਿੰਘ ਸਰਦਾਰਾ,
ਹੋਊ ਦੁਨੀਆਂ ਤੇ ਜ਼ੁਲਮ ਦੋਬਾਰਾ।
ਨੌਜੁਆਨ ਖ਼ੂਨ ਇੱਕ ਵਾਰ ਫੇਰ ਖੌਲੂ,
ਜ਼ੁਲਮ ਦੇ ਨਾਲ ਲੜਨ ਲਈ ਇਹ ਫਿਰ ਬੋਲੂ।
ਹੱਕ ਲਈ ਲੜਨਗੇ ਲੋਕ ਉਹ,
ਫਰਜ਼ਾਂ ਦੀ ਸੂਲ਼ੀ ਚੜ੍ਹਨਗੇ ਜੋ।
ਚੜ੍ਹਨਗੇ ਫਾਂਸੀ ਜੋ ਫਰਜ਼ਾਂ ਦੀ,
ਬਾਜ਼ੀ ਲਾਉਣਗੇ ਉਹ ਸਿਰ ਕਰਜ਼ਾਂ ਦੀ।
ਜ਼ਿੰਦਗੀ 'ਚ ਤੈਨੂੰ ਮੁੜ ਆਉਣਾ ਪਊ ਦੋਬਾਰਾ,
ਸੁਣ ਭਗਤ ਸਿੰਘ ਸਰਦਾਰਾ।

*- ਦੀਪ ਸ਼ਿਖਾ ਸੂਦ*

## ਕਾਵਿ-ਵਿਅੰਗ

ਖਪਾਈ-ਮਗਜ਼ ਕੀਤੀ ਤੇ ਪਾਪੜ ਸੌ ਵੇਲੇ,
ਮਸਾਂ ਮਸਾਂ ਮਰੀਜ਼ ਸੀ ਵੱਲ ਕੀਤਾ।
ਖਾਣ-ਪੀਣ ਦੀ ਨ੍ਹੀਂ ਪਰਵਾਹ ਕੀਤੀ,
ਇਲਾਜ ਘੜੀ ਕੀਤਾ 'ਤੇ ਹਰ ਪਲ ਕੀਤਾ।
ਉਹ ਸੋਚਦਾ ਬੀਮਾਰ ਨਾ ਕਦੇ ਕਹਿ ਦੇ,
ਡਾਕਟਰ ਸਾਹਿਬ ਸਾਡੇ ਨਾਲ ਛਲ ਕੀਤਾ।
ਮਸਲਾ ਮੰਜੇ ਤੇ ਪਏ ਨੂੰ ਉਠਾਉਣ ਵਾਲਾ,
ਦਵਾਈ ਵਿਗਿਆਨ ਨੇ ਅੱਜ ਸੀ ਹੱਲ ਕੀਤਾ।
ਬੁਰੀ ਛਾਇਆ ਉਹਤੋਂ ਭਜਾਉਣ ਦੇ ਲਈ,
ਸਾਕ-ਸੰਬੰਧੀਆਂ ਜੱਗ ਸੀ ਰਲ ਕੀਤਾ।
ਲੈ ਗਿਆ ਸ਼ਾਬਾਸੇ ਬਾਬਾ ਫੂਕ ਵਾਲਾ,
ਟੂਣਾ ਇਕੋ ਸੀ ਜੀਹਨੇ ਕੱਲ ਕੀਤਾ।

# ਸਰਗਰਮੀ

ਸਮੂਹ ਨਗਰ ਨਿਵਾਸੀਆਂ ਅਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਸਪੋਰਟਸ ਅਤੇ ਵੈਲਫੇਅਰ ਕਲੱਬ (ਰਜਿ. ਪਿੰਡ) ਸੁਖਣਵਾਲਾ ਵਿਖੇ ਤੀਸਰਾ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਇਸ ਨਾਟਕ ਮੇਲੇ ਦੀ ਸ਼ੁਰੂਆਤ ਅਜਮੇਰ ਔਲਖ ਦੀ ਟੀਮ ਦੇ ਨਾਟਕ 'ਅਵੇਸਲੇ ਯੁੱਧਾਂ ਦੀ ਨਾਇਕਾ' ਨੂੰ ਦਰਸ਼ਕਾਂ ਦੇ ਸਾਹਮਣੇ ਪੇਸ਼ ਕੀਤਾ ਤਾਂ ਦਰਸ਼ਕ ਵਾਹ ਵਾਹ ਕਰ ਉਠੇ ਜਾਦੂਗਰ ਸੁਖਦੇਵ ਮਲੂਕਪੁਰੀ ਨੇ ਜਾਦੂ ਸ਼ੋਅ ਪੇਸ਼ ਕੀਤਾ ਤਾਂ ਨੋਟਾਂ ਦੀ ਐਸੀ ਵਰਖਾ ਕੀਤੀ ਕਿ ਸਟੇਜ ਨੋਟਾਂ ਨਾਲ ਭਰ ਦਿੱਤਾ। ਤਰਕਸ਼ੀਲ ਸੁਸਾਇਟੀ ਦੀ ਇਕਾਈ ਬਠਿੰਡਾ ਨੇ ਇਸ ਮੌਕੇ ਪ੍ਰਦਰਸ਼ਨੀ ਲਾਈ। ਨਗਰ ਨਿਵਾਸੀਆਂ ਨੇ ਉਸ ਨੂੰ ਬੜੀ ਗੌਰ ਨਾਲ ਵੇਖਿਆ, ਫਿਰ ਨਾਟਕ 'ਬਗਾਨੇ ਬੋਹੜ ਦੀ ਛਾਂ' ਨੇ ਦਰਸ਼ਕ ਕੀਲ ਕੇ ਰੱਖ ਦਿੱਤੇ। ਲਖਵਿੰਦਰ ਹਾਲੀ ਇਕਾਈ ਪ੍ਰਧਾਨ ਫਰੀਦਕੋਟ ਨੇ ਜਾਦੂ ਦੇ ਟਰਿੱਕਾਂ ਪਿੱਛੇ ਛੁਪਾਈ ਲੋਕਾਂ ਨਾਲ ਸਾਂਝੀ ਕੀਤੀ, ਮੰਚ ਦਾ ਸੰਚਾਲਣ ਮਾਸਟਰ ਗੁਰਜਿੰਦਰ ਡੋਹਕ ਵਲੋਂ ਕੀਤਾ ਗਿਆ, ਇਸ ਮੌਕੇ ਸਰਪੰਚ ਨਛੱਤਰ ਸਿੰਘ, ਸੁਖਜਿੰਦਰ ਸਿੰਘ, ਹਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਹਰਜਿੰਦਰ ਸਿੰਘ, ਗੁਰਮਿੰਦਰ ਸਿੰਘ ਸੰਧੂ, ਕੁਲਵਿੰਦਰ ਸਿੰਘ ਸੋਨਾ, ਸਿਕੰਦਰ ਸਿੰਘ, ਮਾਸਟਰ ਸਿਕੰਦਰ ਸ਼ਰਮਾ, ਸੁਖਮੰਦਰ ਸਿੰਘ, ਗਗਨਦੀਪ ਸਿੰਘ, ਨਵਜੋਤ ਸਿੰਘ, ਹਰਦੀਪ ਸਿੰਘ, ਜਤਿੰਦਰ ਸਿੰਘ ਵੀ ਹਾਜ਼ਰ ਸਨ।

- ਲਖਵਿੰਦਰ ਹਾਲੀ

ਇਕਾਈ ਪ੍ਰਧਾਨ, ਤਰਕਸ਼ੀਲ ਸੁਸਾਇਟੀ ਭਾਰਤ।

## ਅਨਮੋਲ ਵਿਚਾਰ

1. ਸੰਕਟ ਸਮੇਂ ਧੀਰਜ ਕਰਨਾ ਹੀ, ਅੱਧੀ ਲੜਾਈ ਜਿੱਤਣ ਦੇ ਬਰਾਬਰ ਹੈ।
2. ਨਿਰਾਸ਼ ਸ਼ਖ਼ਸ ਲਈ ਹਮਦਰਦੀ ਪਿਆਸੇ ਲਈ ਪਾਣੀ ਵਾਂਗ ਹੁੰਦੀ ਹੈ।
3. ਇੱਕ ਆਸ਼ਾਵਾਦੀ ਆਦਮੀ ਨੂੰ ਹਰ ਮੁਸੀਬਤ 'ਚ ਵੀ ਰਸਤਾ ਨਜ਼ਰ ਆਉਂਦਾ ਹੈ ਤੇ ਇੱਕ ਨਿਰਾਸ਼ਾਵਾਦੀ ਆਦਮੀ ਨੂੰ ਹਰ ਰਸਤੇ 'ਚ ਇੱਕ ਮੁਸੀਬਤ ਨਜ਼ਰ ਆਉਂਦੀ ਹੈ।
4. ਗ਼ਲਤੀ ਹਰ ਇਨਸਾਨ ਤੋਂ ਹੁੰਦੀ ਹੈ ਪਰ ਗ਼ਲਤੀ ਕਰਕੇ ਉਸ ਤੋਂ ਸਬਕ ਸਿੱਖਣ ਵਾਲਾ ਵਿਅਕਤੀ ਮਹਾਨ ਹੁੰਦਾ ਹੈ।
5. ਗੁੱਸਾ ਅਕਲ ਨੂੰ ਖਾ ਜਾਂਦਾ ਹੈ ਅਤੇ ਚਿੰਤਾ ਉਮਰ ਨੂੰ ਖਾ ਜਾਂਦੀ ਹੈ।
6. ਪ੍ਰਾਰਥਨਾ ਵਿੱਚ ਜੁੜੇ ਦੋ ਹੱਥਾਂ ਨਾਲੋਂ, ਹਮਦਰਦੀ ਨਾਲ ਕਿਸੇ ਵੱਲ ਵਧਾਇਆ ਇਕੋ ਹੱਥ, ਵਧੇਰੇ ਮਹੱਤਵਪੂਰਨ ਹੁੰਦਾ ਹੈ।
7. ਬੀਤਿਆਂ ਹੋਇਆ ਸਮਾਂ ਅਤੇ ਮੂੰਹੋਂ ਨਿਕਲੇ ਸ਼ਬਦ ਕਦੇ ਵੀ ਵਾਪਸ ਨਹੀਂ ਆਉਂਦੇ।
8. ਵਕਤ ਇੱਕ ਅਜਿਹਾ ਚੂਹਾ ਹੈ, ਜੋ ਕਿ ਸਾਡੀ ਜ਼ਿੰਦਗੀ ਦੀ ਡੋਰ ਨੂੰ ਲਗਾਤਾਰ ਕੱਟਦਾ ਜਾ ਰਿਹਾ ਹੈ।
9. ਬਦਲਾ ਲੈਣ ਦੀ ਖੁਸ਼ੀ ਇੱਕ ਦਿਨ ਰਹਿੰਦੀ ਹੈ ਪਰ ਮੁਆਫ ਕਰ ਦੇਣ ਦਾ ਮਾਣ ਹਮੇਸ਼ਾ ਰਹਿੰਦਾ ਹੈ।
10. ਕਿਸੇ ਨੂੰ ਜਲੀਲ ਕਰਨ ਵਾਲਾ ਮਨੁੱਖ ਕਦੇ ਖੁਸ਼ ਨਹੀਂ ਰਹਿ ਸਕਦਾ, ਉਹ ਤਾਂ ਉਸਦੇ ਅਰਮਾਨਾਂ ਦਾ ਖੂਨ ਕਰਕੇ ਕਾਤਲ ਬਣ ਜਾਂਦਾ ਹੈ।

**-ਗਗਨਦੀਪ ਝੁਨੇਰ**

V.P.O. ਝੁਨੇਰ, ਤਹਿ. ਮਾਲੇਰਕੋਟਲਾ (ਸੰਗਰੂਰ)

# ਸ਼ੋਕ ਸੰਦੇਸ਼

## ਆਹ ! ਸਾਥੀ ਸਹਿਦੇਵ ਸਿੰਘ ਸੁੱਖੇ ਵਾਲਾ

ਇਸ ਦੁਨੀਆ ਤੇ ਦੋ ਕਿਸਮ ਦੇ ਲੋਕ ਹਨ। ਇੱਕ ਉਹ ਜੋ ਸਿਰਫ ਆਪਣੀ ਖਾਤਰ ਹੀ ਜ਼ਿੰਦਗੀ ਜਿਉਂਦੇ ਹਨ, ਆਪਣੇ ਹੀ ਬਾਲ ਬੱਚੇ ਬਾਰੇ ਸੋਚਦੇ ਹਨ। ਇਕ ਦੂਜੀ ਕਿਸਮ ਦੇ ਲੋਕ ਹਨ, ਜੋ



ਆਪਣਿਆਂ ਦੀ ਪ੍ਰਵਾਹ ਨਾ ਕਰਦੇ ਹੋਏ, ਹਮੇਸ਼ਾ ਦੂਜਿਆ ਦੀ ਸੇਵਾ ਵਿਚ ਜੁੱਟ ਕੇ ਉਹਨਾਂ ਨੂੰ ਆਪਣਾ ਬਣਾ ਲੈਂਦੇ ਹਨ।

ਅਜਿਹਾ ਹੀ ਸੀ ਬਿਜਲੀ ਕਾਮਿਆਂ ਦੀ ਫੈਡਰੇਸ਼ਨ (ਏਟਕ) ਦਾ ਸਿਰੜੀ ਸੂਬਾਈ ਆਗੂ ਕਾ. ਸਹਿਦੇਵ ਸਿੰਘ ਸੁੱਖੇ ਵਾਲਾ, ਸਾਥੀ ਸਹਿਦੇਵ ਸਿੰਘ ਨੇ ਫਿਰੋਜ਼ਪੁਰ ਜ਼ਿਲ੍ਹੇ ਦੀ ਜ਼ੀਰਾ ਤਹਿਸੀਲ ਦੇ ਪਿੰਡ ਸੁੱਖੇ ਵਾਲਾ ਵਿਖੇ ਮਿਤੀ 10-3-1953 ਨੂੰ ਮਾਤਾ ਹਰਭਜਨ ਕੌਰ ਦੀ ਕੁੱਖੋਂ, ਪਿਤਾ ਸ: ਜੰਗੀਰ ਸਿੰਘ ਦੇ ਘਰ ਜਨਮ ਲਿਆ। ਚਾਰ ਭਰਾ ਸੁਰਜੀਤ ਸਿੰਘ, ਸਹਿਦੇਵ ਸਿੰਘ, ਬਲਵੀਰ ਸਿੰਘ, ਲਖਵੀਰ ਸਿੰਘ ਤੇ ਦੋ ਭੈਣਾਂ ਸਭ ਆਪੋ ਆਪਣੀ ਥਾਂ ਠੀਕ ਸੈੱਟ ਸਨ। ਪਰ ਅਚਾਨਕ ਹੀ ਇਸ ਅਣਹੋਣੀ ਮੌਤ ਨੇ ਸਭਨਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ। ਸਹਿਜ ਰਵਾਨੀ ਨਾਲ ਚਲ ਰਹੀ ਜ਼ਿੰਦਗੀ ਵਿਚ ਜਿਵੇਂ ਝੱਖੜ ਤੇ ਤੂਫਾਨ ਆ ਕੇ ਦਰੱਖਤਾਂ ਤੇ ਪਾਏ ਆਹਲਣਿਆਂ ਵਿਚਲੇ ਬੋਟਾਂ ਨੂੰ ਝੰਜੋੜ ਕੇ ਹੇਠਾਂ ਪਟਕਾ ਮਾਰਦਾ ਹੈ, ਅਜਿਹਾ ਹੀ ਕੁੱਝ ਵਾਪਰਿਆ ਮਾਸੂਮ ਬੱਚਿਆਂ ਗਗਨਦੀਪ ਕੌਰ, ਅਮਨਦੀਪ ਅਰਪਨ, ਉੱਘੇ ਰੰਗਕਰਮੀ ਤੇ ਅਦਾਕਾਰ ਗੁਰਵਿੰਦਰ ਸੋਨੂੰ, ਮਨਿੰਦਰ ਸਿੰਘ, ਭਤੀਜੀ ਕਿਰਨ ਤੇ ਹਰਿੰਦਰ ਦੇ ਨਾਲ।

ਨਵੇਂ ਸਾਲ 2011 ਦੀ ਪਹਿਲੀ ਤਰੀਖ ਸੀ। ਜਦੋਂ ਲੋਕ ਇੱਕ ਦੂਜੇ ਨੂੰ ਨਵੇਂ ਸਾਲ ਦੀਆਂ ਵਧਾਈਆਂ ਦੇ ਰਹੇ ਸਨ ਤੇ ਲੈ ਰਹੇ ਸਨ। ਸਾਥੀ ਸਹਿਦੇਵ ਸਿੰਘ ਰੋਜ਼ਾਨਾ ਦੀ ਤਰ੍ਹਾਂ ਸ਼ਾਮ ਨੂੰ ਆਪਣੀ ਡਿਊਟੀ ਮੱਲਾਂ ਵਾਲਾ ਤੋਂ ਫਾਰਗ ਹੋ ਕੇ ਘਰ ਨੂੰ ਪਰਤ ਰਹੇ ਸਨ ਕਿ ਜ਼ੀਰਾ ਕੋਟ ਈਸੇ ਖਾਂ ਸੜਕ ਉੱਤੇ ਐਨ ਘਰ ਦੇ ਨੇੜੇ ਪੁੱਜਿਆ ਹੀ ਸੀ ਕਿ ਇਕ ਤੇਜ ਰਫਤਾਰ ਟਵੇਰਾ ਗੱਡੀ ਨੇ ਸਿੱਧੀ ਟੱਕਰ ਮਾਰ ਦਿੱਤੀ। ਨਤੀਜੇ ਵਜੋਂ ਸਾਥੀ ਸਹਿਦੇਵ ਸਿੰਘ ਦੀ ਖੱਬੀ ਬਾਂਹ, ਲੱਤ ਟੁੱਟ ਗਈ ਤੇ ਸਿਰ ਦੀ ਗੰਭੀਰ ਸੱਟ ਲੱਗੀ ਜੋ ਜਾਨ ਲੇਵਾ ਸਾਬਤ ਹੋਈ। ਇਨਸਾਨੀ ਕਦਰਾਂ ਕੀਮਤਾਂ ਤੋਂ ਕੋਰੇ ਕਾਰ ਵਾਲੇ ਨੇ ਕਾਰ ਰੋਕਣ ਦੀ ਬਜਾਏ ਫਰਾਰ ਹੋ ਗਿਆ।

ਸਾਥੀ ਸਹਿਦੇਵ ਸਿੰਘ ਇਸ ਵੇਲੇ ਬਿਜਲੀ (ਪਾਵਰਕਾਮ) ਮਹਿਕਮੇ ਵਿਚ ਬਤੌਰ ਜੇ. ਈ. ਕੰਮ ਰਹੇ ਸਨ। ਉਹ ਬਿਜਲੀ ਕਾਮਿਆਂ ਦੀ ਫੈਡਰੇਸ਼ਨ ਦਾ ਸੂਬਾ ਸਕੱਤਰ ਸੀ। ਤਰਕਸ਼ੀਲ ਸੁਸਾਇਟੀ ਭਾਰਤ (ਰਜਿ:) ਦਾ ਸਲਾਹਕਾਰ ਵੀ ਸੀ। ਅਦਾਰਾ ਵਿਗਿਆਨ ਜੋਤ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ।

- ਮੇਘ ਰਾਜ ਰੱਲਾ

## ਸਤਨਾਮ ਜੀ ਦੀ ਮਾਤਾ ਦਾ ਦੇਹਾਂਤ

'ਜੰਗਲਨਾਮਾ' (ਸਫ਼ਰਨਾਮਾ) ਦੇ ਪ੍ਰਸਿੱਧ ਲੇਖਕ ਸਤਨਾਮ ਜੀ ਦੇ ਮਾਤਾ ਪੂਰਨ ਕੌਰ ਜੀ, ਜਿਨ੍ਹਾਂ ਦੀ ਉਮਰ 90 ਸਾਲ ਸੀ। ਉਹ ਰਿਟਾਇਰਡ ਟੀਚਰ ਹੋਣ ਦੇ ਨਾਲ ਨਾਲ ਮਿਹਨਤੀ ਤੇ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਸੀ, ਜੋ ਸਾਨੂੰ ਪਿਛਲੇ ਦਿਨਾਂ 'ਚ ਸਦੀਵੀ ਵਿਛੋੜਾ ਦੇ ਗਏ ਹਨ। ਅਦਾਰਾ ਵਿਗਿਆਨ ਜੋਤ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ।

# ਸੁਨਾਮੀ ਨੇ ਹਜ਼ਾਰਾਂ ਪੰਛੀਆਂ ਦੀ ਵੀ ਜਾਨ ਲਈ

*ਜਾਪਾਨ ਵਿੱਚ ਬੀਤੇ ਦਿਨੀਂ ਆਏ ਭੂਚਾਲ ਵਿੱਚ 10 ਹਜ਼ਾਰ ਤੋਂ ਜ਼ਿਆਦਾ ਲੋਕ ਮਾਰੇ ਗਏ। ਇਹ ਘਟਨਾ ਬੇਸ਼ੱਕ ਬਹੁਤ ਵੱਡੀ ਅਤੇ ਗੰਭੀਰ ਹੈ ਪਰ ਇਸਦੇ ਪਿੱਛੇ ਇਕ ਹੋਰ ਘਟਨਾ ਵੀ ਹੈ ਜੋ ਦਿਖਾਈ ਭਾਵੇਂ ਨਾ ਦੇਵੇ, ਉਹ ਇਸ ਤੋਂ ਘੱਟ ਗੰਭੀਰ ਨਹੀਂ ਹੈ।*

ਜਾਪਾਨ ਵਿੱਚ ਪਿਛਲੇ ਹਫ਼ਤੇ ਆਏ ਭੂਚਾਲ ਨੇ ਜੋ ਸੁਨਾਮੀ ਪੈਦਾ ਕੀਤੀ, ਉਸਨੇ ਹਜ਼ਾਰਾਂ ਪੰਛੀਆਂ ਦੀ ਜਾਨ ਲੈ ਲਈ। ਸੁਨਾਮੀ ਵਿੱਚ ਹਜ਼ਾਰਾਂ ਸਮੁੰਦਰੀ ਪੰਛੀ ਵੀ ਮਾਰੇ ਗਏ। ਇਨ੍ਹਾਂ ਵਿੱਚ ਜ਼ਿਆਦਾ ਪੰਛੀਆਂ ਦੀ ਮੌਤ ਅਮਰੀਕਾ ਦੇ ਹਵਾਈ ਦੀਪ ਦੇ ਆਸਪਾਸ ਹੋਈ।

ਹਵਾਈ ਅਤੇ ਪ੍ਰਸ਼ਾਂਤ ਮਹਾਂਰਾਸ਼ਟਰ ਦੇ ਦੀਪਾਂ ਵਿੱਚ ਜੰਗਲੀ ਜੀਵਨ ਰਿਫਯੂਜ ਸੰਗਠਨ ਦੇ ਪ੍ਰੋਜੈਕਟ ਲੀਡਰ ਬੈਰੀ ਡਬਲਯੂ ਸਟੀਗਲਿਤਸ ਦੱਸਦੇ ਹਨ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਲੇਸਨ ਅਲਬਾਟ੍ਰੋਸ ਮਾਰੇ ਗਏ। ਮਰਨ ਵਾਲੇ ਪੰਛੀਆਂ ਵਿੱਚ ਕਿਸ਼ੋਰ ਪੰਛੀਆਂ ਦੀ ਸੰਖਿਆ ਇਕ ਹਜ਼ਾਰ ਤੋਂ ਜ਼ਿਆਦਾ ਹੈ ਪਰ ਸਭ ਤੋਂ ਜ਼ਿਆਦਾ ਗਿਣਤੀ ਵਿੱਚ ਚੂਚਿਆਂ ਦੀ ਮੌਤ ਹੋਈ।

ਸਟੀਗਲਿਤਸ ਨੇ ਦੱਸਿਆ ਕਿ ਇਨ੍ਹਾਂ ਪੰਛੀਆਂ ਦੀ ਮੌਤ ਡੁੱਬਣ ਜਾਂ ਮਲਬੇ ਦੇ ਹੇਠਾਂ ਦੱਬ ਜਾਣ ਨਾਲ ਹੋਈ ਹੈ।

ਇਸ ਸੁਨਾਮੀ ਨੇ ਮਿਡਵੇ ਸਟਾਲ ਨੈਸ਼ਨਲ ਜੰਗਲੀ ਜੀਵਨ ਰਿਫਯੂਜ ਨਾਮਕ ਇੱਕ ਪਾਰਕ ਦੇ 60 ਫੀਸਦੀ ਹਿੱਸੇ ਦਾ ਖਾਤਮਾ ਕਰ ਦਿੱਤਾ। ਇਹ ਪਾਰਕ 370 ਏਕੜ ਵਿੱਚ ਫੈਲਿਆ ਹੋਇਆ ਹੈ।



ਇਸਟਰਨ ਆਈਲੈਂਡ ਦੇ ਨੇੜੇ ਚਾਰ ਗੁਣਾ ਵੱਡਾ ਇੱਕ ਦੀਪ ਸੈਂਡ ਆਈਲੈਂਡ ਵੀ ਸੁਨਾਮੀ ਦੀ ਲਪੇਟ ਵਿੱਚ ਆਇਆ। ਉਥੋਂ ਦੇ 20 ਫੀਸਦੀ ਹਿੱਸੇ ਨੂੰ ਸਮੁੰਦਰੀ ਲਹਿਰਾਂ ਨੇ ਆਪਣਾ ਸ਼ਿਕਾਰ ਬਣਾਇਆ ਅਤੇ ਹਜ਼ਾਰਾਂ ਪੰਛੀ ਇਸਦੀ ਭੇਟ ਚੜ੍ਹ ਗਏ।

## ਜ਼ਰੂਰੀ ਸੂਚਨਾ

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੁਸਾਇਟੀ ਦੇ ਕੰਮ-ਕਾਰ ਨੂੰ ਹੋਰ ਬੇਹਤਰ ਬਣਾਉਣ ਲਈ ਦਫ਼ਤਰੀ ਪ੍ਰਬੰਧਕ ਦੇ ਤੌਰ 'ਤੇ ਸਾਥੀ ਪ੍ਰਕਾਸ਼ ਦੀ ਨਿਯੁਕਤੀ ਕੀਤੀ ਗਈ ਹੈ। ਸੁਸਾਇਟੀ ਮੈਂਬਰ ਪ੍ਰਕਾਸ਼ ਨਾਲ ਉਸ ਦੇ ਫੋਨ ਨੰਬਰ 90419-38353 ਉਤੇ ਸੰਪਰਕ ਕਰਕੇ ਆਪਣੀਆਂ ਸਰਗਰਮੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਾਂਝੀ ਕਰ ਸਕਦੇ ਹਨ।

## ਜ਼ਰੂਰੀ ਸੂਚਨਾ

**'ਤਰਕਭਾਰਤੀ ਪ੍ਰਕਾਸ਼ਨ ਬਰਨਾਲਾ'** ਦਾ ਆਨਲਾਈਨ ਬੈਂਕ ਖ਼ਾਤਾ ਨੰਬਰ **658 020 110 000 010** ਹੈ। **ਬੈਂਕ ਆਫ਼ ਇੰਡੀਆ** ਦੇ ਇਸ ਖ਼ਾਤਾ ਨੰਬਰ ਵਿੱਚ ਤੁਸੀਂ ਪੈਸੇ ਜਮ੍ਹਾ ਕਰਵਾਕੇ ਵੀ 'ਵਿਗਿਆਨ ਜੋਤ' ਆਪਣੇ ਘਰ ਲਗਵਾ ਸਕਦੇ ਹੋ ਜਾਂ ਕਿਤਾਬਾਂ ਮੰਗਵਾ ਸਕਦੇ ਹੋ। ਤੁਸੀਂ ਸਾਨੂੰ ਟੈਲੀਫ਼ੋਨ ਰਾਹੀਂ ਜਾਂ ਲਿਖਤੀ ਇਹ ਸੂਚਨਾ ਦੇਣੀ ਹੈ ਕਿ ਅਸੀਂ ਪੈਸੇ ਜਮ੍ਹਾ ਕਰਵਾ ਦਿੱਤੇ ਹਨ।

## ਤਰਕਸ਼ੀਲ ਸੁਸਾਇਟੀ ਦਾ ਸੂਬਾ ਪੱਧਰੀ ਇਜਲਾਸ 24 ਅਪ੍ਰੈਲ ਨੂੰ ਫਰੀਦਕੋਟ 'ਚ

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਵੱਲੋਂ ਆਪਣਾ ਪੰਜਾਬ ਪੱਧਰੀ ਇਜਲਾਸ 24 ਅਪ੍ਰੈਲ ਦਿਨ ਐਤਵਾਰ ਨੂੰ, ਫਰੀਦਕੋਟ ਵਿਖੇ ਕਰਵਾਇਆ ਜਾ ਰਿਹਾ ਹੈ। ਇਜਲਾਸ ਸੰਬੰਧੀ ਜਾਣਕਾਰੀ ਲੈਣ ਲਈ ਤਰਕਸ਼ੀਲ ਆਗੂ ਲਖਵਿੰਦਰ ਸਿੰਘ ਹਾਲੀ ਜੀ ਦੇ ਮੋਬਾਇਲ ਨੰ : 98761-63421 ਅਤੇ ਪ੍ਰਕਾਸ਼ 90419-38353 ਦੇ ਮੋਬਾਇਲ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਹਾਇਤਾ

✪ ਸਰਦਾਰ ਬਰਜਿੰਦਰ ਸਿੰਘ ਅਤੇ ਸਰਦਾਰਨੀ ਬਰਜਿੰਦਰ ਕੌਰ ਵਾਸੀ ਨਵਾਂ ਸ਼ਹਿਰ ਤੋਂ ਆਪਣੇ ਵਿਆਹ ਦੀ 25ਵੀਂ ਵਰ੍ਹੇ ਗੰਢ ਦੀ ਖੁਸ਼ੀ ਮੌਕੇ 500 ਰੁ: ਦੀ ਸਹਾਇਤਾ ਭੇਜੀ ਹੈ। ਅਦਾਰਾ 'ਵਿਗਿਆਨ ਜੋਤ' ਉਨ੍ਹਾਂ ਦੀ ਖੁਸ਼ੀ ਵਿੱਚ ਸ਼ਾਮਿਲ ਹੁੰਦਾ ਹੈ ਅਤੇ ਉਨ੍ਹਾਂ ਦਾ ਸਹਾਇਤਾ ਭੇਜਣ ਲਈ ਧੰਨਵਾਦ ਕਰਦਾ ਹੈ।

✪ ਫਰੀਦਕੋਟ ਵਿਖੇ ਬਾਬਾ ਫਰੀਦ ਮੇਲੇ ਮੌਕੇ ਸੋਹਣ ਲਾਲ ਸ਼ਰਮਾ ਜੀ ਵੱਲੋਂ ਆਪਣੀ ਪੋਤਰੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ 1000 ਰੁ: ਦੀ ਸਹਾਇਤਾ ਭੇਜੀ ਹੈ।

ਅਦਾਰਾ ਸਾਥੀਆਂ ਦਾ ਸਹਾਇਤਾ ਲਈ ਧੰਨਵਾਦੀ ਹੈ।


**''ਸਾਡਾ ਉਦੇਸ਼ : ਲੁੱਟ ਅਤੇ ਜਬਰ ਦਾ ਨਾਸ਼''**
**ਤਰਕਸ਼ੀਲ, ਇਨਕਲਾਬੀ ਅਤੇ ਹੋਰ ਅਗਾਂਹਵਧੂ ਨਾਟਕਾਂ, ਕੋਰੀਓਗ੍ਰਾਫੀਆਂ ਅਤੇ ਗੀਤ ਸੰਗੀਤ ਲਈ ਸੰਪਰਕ ਕਰੋ।**

**ਲੋਕ ਕਲਾ ਮੰਚ ਜ਼ੀਰਾ (ਰਜਿ:)**

**ਨਿਰਦੇਸ਼ਕ :- ਮੇਘ ਰਾਜ ਰੱਲਾ**
**ਮੋਬਾਇਲ :- 98558-30400**


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

*-ਅਦਾਰਾ 'ਵਿਗਿਆਨ ਜੋਤ'*

# ਮੈਡੀਕਲ ਸਾਇੰਸਜ਼

ਸੁਖਮਿੰਦਰ ਤੂਰ

## ● ਹੁਣ ਹੋਵੇਗੀ ਖ਼ੂਨ ਕੱਢਣ ਤੋਂ ਬਗ਼ੈਰ ਖ਼ੂਨ ਦੀ ਜਾਂਚ



ਖ਼ੂਨ ਦੀ ਜਾਂਚ ਕਰਵਾਉਣ ਲਈ ਹੁਣ ਸੂਈ ਦੀ ਪੀੜ ਝੱਲਣ ਦੀ ਕੋਈ ਲੋੜ ਨਹੀਂ ਹੋਵੇਗੀ, ਕਿਉਂਕਿ ਵਿਗਿਆਨੀਆਂ ਨੇ 'ਸਕੈਨਿੰਗ' ਦੀ ਤਰਜ 'ਤੇ ਖ਼ੂਨ ਦੀ ਜਾਂਚ ਕਰਨ ਦੀ ਤਕਨੀਕ ਈਜਾਦ ਕਰ ਲਈ ਹੈ ਕਿਉਂਕਿ ਖ਼ੂਨ ਦੀ ਜਾਂਚ 'ਸਕੈਨਿੰਗ' ਦੇ ਜ਼ਰੀਏ ਕੀਤੀ ਜਾਂਦੀ ਹੈ, ਲਿਹਾਜਾ ਨਤੀਜਾ ਮਿਲਣ 'ਚ 10 ਸੈਕਿੰਟ ਤੋਂ ਵੀ ਘੱਟ ਸਮਾਂ ਲੱਗਦਾ ਹੈ।

ਇਸ ਜਾਂਚ ਦੇ ਤਹਿਤ ਸਲਾਈਨੁਮਾ ਜਾਂ ਥਰਮਾਮੀਟਰ ਦੀ ਸ਼ਕਲ ਦਾ ਇਕ ਉਪਕਰਣ ਖ਼ੂਨ ਦੀ ਜਾਂਚ ਕਰਾਉਣ ਆਏ ਰੋਗੀ ਦੇ ਮੂੰਹ 'ਚ ਰੱਖਿਆ ਜਾਵੇਗਾ, ਜਿਸਦਾ ਸਬੰਧ ਕੰਪਿਊਟਰ ਨਾਲ ਹੋਵੇਗਾ। ਮੂੰਹ 'ਚ ਉਪਕਰਣ ਰੱਖਦੇ ਕੰਪਿਊਟਰ ਸਕਰੀਨ ਦੇ ਖ਼ੂਨ ਨਾਲ ਸਬੰਧਤ ਜਾਣਕਾਰੀਆਂ 'ਤੇ ਜਾਂਚ ਨਤੀਜੇ ਹਾਜ਼ਰ ਹੋ ਜਾਣਗੇ। ਇਸ ਵਿਧੀ ਨੂੰ ਵਿਗਿਆਨੀਆਂ ਨੇ 'ਹੇਮੋਸਕੈਨ' ਦਾ ਨਾਂ ਦਿੱਤਾ ਹੈ। 'ਹੇਮੋਸਕੈਨ' ਜੀਭ ਦੇ ਅੰਦਰ ਮੌਜੂਦ ਨਿੱਕੀਆਂ ਖ਼ੂਨ ਦੀਆਂ ਨਾੜੀਆਂ 'ਚ ਹੋ ਰਹੇ ਖ਼ੂਨ ਦੇ ਦੌਰੇ ਦੀ ਤਸਵੀਰ ਨੂੰ ਕੰਪਿਊਟਰ 'ਚ ਭੇਜ ਦਿੰਦਾ ਹੈ ਤੇ ਕੰਪਿਊਟਰ ਦਾ ਸੈਂਟਰਲ ਯੂਨਿਟ ਇਸ ਤਸਵੀਰ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕਰਕੇ ਫਟਾ-ਫਟ ਨਤੀਜੇ ਦੇ ਦਿੰਦਾ ਹੈ।

ਹੇਮੋਸਕੈਨ ਬਣਾਉਣ ਵਾਲੀ ਕੰਪਨੀ 'ਸਾਈਟੋਮੈਟਰਿਕਸ' ਦੇ ਪ੍ਰਵਕਤਾ ਦੇ ਮੁਤਾਬਿਕ ਕੰਪਨੀ ਨੇ ਖ਼ੂਨ ਦੀ ਜਾਂਚ ਕਰਨ ਵਾਲੀ ਮਸ਼ੀਨ ਹੇਮੋਸਕਿਨ ਦੇ ਦੋ ਮਾਡਲ ਬਣਾਏ ਹਨ। ਪਹਿਲਾਂ ਮਾਡਲ ਯਾਨੀ ਹੇਮੋਸਕੈਨ-1 ਖ਼ੂਨ 'ਚ ਮੌਜੂਦ ਹਿਮੋਗਲੋਬਿਨ ਤੇ ਹੇਮਾਟੋਕਰਿਟ ਯਾਨੀ ਕੁਲ ਖ਼ੂਨ ਆਇਤਨ ਤੇ ਉਸ 'ਚ ਪ੍ਰਤੀ ਘਣ, ਸੈਂਟੀਮੀਟਰ 'ਚ ਮੌਜੂਦ ਵੱਖ-ਵੱਖ ਤਰ੍ਹਾਂ ਦੇ ਖ਼ੂਨ ਦੇ ਕਣਾਂ ਆਦਿ ਦੀ ਜਾਂਚ ਕਰੇਗਾ। ਜਦਕਿ ਹੇਮੋਸਕੈਨ ਮਾਡਲ-2 'ਚ ਬਾਕੀ ਸਹੂਲਤਾਂ ਦੇ ਨਾਲ-ਨਾਲ ਚਿੱਟੇ ਖ਼ੂਨ ਦੇ ਕਣਾਂ ਦੀ ਗਿਣਤੀ ਆਦਿ ਦੀ ਵੀ ਸਹੂਲਤ ਹੋਵੇਗੀ।

ਇਸ ਉਪਕਰਣ ਨਾਲ ਉਨ੍ਹਾਂ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਮਿਲੇਗੀ, ਜਿਹੜੇ 'ਐਕਯੂਟ' ਐਨੀਮੀਆ ਦੇ ਸ਼ਿਕਾਰ ਹਨ ਤੇ ਜਿਨ੍ਹਾਂ ਦਾ ਜਾਂਚ ਲਈ ਵੀ ਖ਼ੂਨ ਕੱਢਣਾ ਮੁਮਕਿਨ ਨਹੀਂ ਹੈ ਜਾਂ ਫਿਰ ਉਨ੍ਹਾਂ ਨੂੰ ਜਾਂਚ ਲਈ ਖ਼ੂਨ ਦੇਣ ਤੋਂ ਬਾਅਦ ਬੇਹੱਦ ਕਮਜ਼ੋਰੀ ਮਹਿਸੂਸ ਹੁੰਦੀ ਹੈ ਜਾਂ ਚੱਕਰ ਆਉਣ ਲੱਗਦੇ ਹਨ।

## ● ਬੇਨੇਮੀ ਮਾਂਹਵਾਰੀ ਦਾ ਔਰਤਾਂ ਦੀਆਂ ਹੱਡੀਆਂ ਦੀ ਠੋਸਤਾ 'ਤੇ ਮਾਰੂ ਅਸਰ

ਇਹ ਤਾਂ ਸਾਰੇ ਜਾਣਦੇ ਹਨ ਕਿ ਔਰਤਾਂ ਦੀਆਂ 90 ਪ੍ਰਤੀਸ਼ਤ ਬਿਮਾਰੀਆਂ ਦੀ ਵਜ੍ਹਾ ਬੇਨੇਮੀ ਮਾਂਹਵਾਰੀ ਹੁੰਦੀ ਹੈ। ਬੇਨੇਮੀ ਮਾਂਹਵਾਰੀ ਦਾ ਦੂਜਾ ਸਭ ਤੋਂ ਖ਼ਰਾਬ ਅਸਰ ਹੱਡੀਆਂ ਦੀ ਠੋਸਤਾ 'ਤੇ ਪੈਂਦਾ ਹੈ। ਜਿਸ ਤੋਂ ਉਹ ਭੁਰਭੁਰੀਆਂ ਹੋ ਕੇ ਟੁੱਟਣ ਲੱਗ ਜਾਂਦੀਆਂ ਹਨ।

'ਅਮਰੀਕਨ ਜਨਰਲ ਆਫ਼ ਇਪੀਡੀਪਿਓਲਜੀ' ਵਿੱਚ ਛਪੀ ਇੱਕ ਖ਼ਬਰ ਦੇ ਮੁਤਾਬਿਕ ਔਰਤਾਂ ਦੀ ਬੇਨੇਮੀ ਮਾਂਹਵਾਰੀ ਅਤੇ ਹੱਡੀਆਂ ਦੇ ਭੁਰਭੁਰੇ ਹੋਣ ਵਿੱਚ ਡੂੰਘਾ ਸੰਬੰਧ ਹੈ। ਬੇਨੇਮੀ ਮਾਂਹਮਾਰੀ ਦੀ ਵਜ੍ਹਾ ਤੋਂ ਔਰਤ ਦੇ ਸਰੀਰ ਵਿੱਚ ਐਸਟ੍ਰੋਜੇਨ ਅਤੇ ਪ੍ਰੋਜੇਸਟੇਰਾਨ ਹਾਰਮੋਨਾਂ ਦਾ ਲੈਵਲ ਘੱਟ ਸਕਦਾ ਹੈ। ਇਸ ਵਜ੍ਹਾ ਤੋਂ ਉਨ੍ਹਾਂ ਦੀਆਂ ਹੱਡੀਆਂ ਕਮਜ਼ੋਰ ਹੋ ਕੇ ਟੁੱਟ ਸਕਦੀਆਂ ਹਨ। ਕੁੱਲ੍ਹੇ ਦੀਆਂ ਹੱਡੀਆਂ ਟੁੱਟਣਾ ਆਸਟੀਓਪੋ-ਰੋਸਿਸ/ਹੱਡੀ ਖੁਰਨ ਜਾਂ ਹੱਡੀਆਂ ਦੇ ਗਲਣ ਦੀ ਨਿਸ਼ਾਨੀ ਹੁੰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਵਡੇਰੀ ਉਮਰ ਦੀਆਂ ਔਰਤਾਂ ਦੇ ਅਪਾਹਜ ਬਣਨ ਦਾ ਸਭ ਤੋਂ ਵੱਡਾ ਕਾਰਨ ਆਸਟੀਓਪੋਰੋਸਿਸ ਹੈ। ਅਧਿਐਨ ਦੱਸਦੇ ਹਨ ਕਿ ਜੇ ਸਮੁੱਚੇ ਮਾਂਹਵਾਰੀ ਕਾਲ ਯਾਨੀ ਮਾਂਹਵਾਰੀ ਸ਼ੁਰੂ ਹੋਣ ਤੋਂ ਲੈ ਕੇ ਬੰਦ ਹੋਣ ਤੱਕ ਜੇਕਰ ਉਪਰੋਕਤ ਔਰਤ ਹਾਰਮੋਨਾਂ ਵਿੱਚ ਇਕ ਬੂੰਦ ਦੀ ਵੀ ਕਮੀ ਆ ਜਾਵੇ ਤਾਂ ਉਹ ਹੱਡੀਆਂ ਨੂੰ ਕਮਜ਼ੋਰ ਕਰਨ ਦਾ ਕਾਰਨ ਬਣ ਸਕਦੀ ਹੈ।

ਮਾਹਿਰਾਂ ਨੂੰ ਇਸ ਬਾਰੇ ਅਜੇ ਘੱਟ ਹੀ ਜਾਣਕਾਰੀ ਹਾਸਲ ਹੋ ਸਕੀ ਹੈ ਕਿ ਮਾਂਹਵਾਰੀ ਦੇ ਸਮੇਂ ਵਿੱਚ ਹਲਕਾ ਜਿਹਾ ਉਤਾਰ-ਚੜ੍ਹਾਅ ਹੱਡੀਆਂ ਦੀ ਠੋਸਤਾ ਉਤੇ ਅਜਿਹਾ ਹੀ ਪ੍ਰਭਾਵ ਪਾਉਂਦਾ ਹੈ।

## ● ਪਤਲੇ ਲੋਕ ਲੰਮਾ ਜੀਵਨ ਜਿਉਂਦੇ ਹਨ

ਯੂਨੀਵਰਸਿਟੀ ਆਫ਼ ਕੈਰੋਲੀਨ ਦੇ ਮਾਹਿਰਾਂ ਦੁਆਰਾ ਕੀਤੀ ਇਕ ਖੋਜ 'ਤੇ ਇਹ ਤੱਥ ਸਾਹਮਣੇ ਆਇਆ ਹੈ ਕਿ ਪਤਲੇ ਲੋਕ ਮੋਟੇ ਲੋਕਾਂ ਦੀ ਥਾਂ ਜ਼ਿਆਦਾ ਲੰਮਾ ਜੀਵਨ ਜਿਉਂਦੇ ਹਨ ਅਤੇ ਜ਼ਿਆਦਾ ਸਿਹਤਮੰਦ ਰਹਿੰਦੇ ਹਨ। ਹਾਲਾਂਕਿ ਆਰੰਭ ਤੋਂ ਹੀ ਉਮਰ ਵਧਣ ਦੇ ਨਾਲ ਵਜ਼ਨ ਵਧਣਾ ਅਸੁਰੱਖਿਅਤ ਨਹੀਂ ਮੰਨਿਆ ਜਾਂਦਾ, ਪ੍ਰੰਤੂ ਕਈ ਰੋਗ ਜਿਵੇਂ ਦਿਲ ਦੇ ਰੋਗ, ਬਲੱਡ ਪ੍ਰੈਸ਼ਰ ਤੇ ਸ਼ੂਗਰ ਆਦਿ ਲਈ ਮੋਟਾਪਾ ਇੱਕ ਪ੍ਰਮੁੱਖ ਕਾਰਨ ਹੈ। ਇਸ ਲਈ ਜੇਕਰ ਤੁਸੀਂ ਲੰਮਾ ਜੀਵਨ ਜਿਉਣਾ ਹੈ ਤਾਂ ਵਜ਼ਨ 'ਤੇ ਕਾਬੂ ਰੱਖੋ।

## ● ਜ਼ਿਆਦਾ ਲੂਣ ਖਾਣ ਵਾਲੇ ਲੋਕਾਂ ਨੂੰ ਮੋਤੀਆਬਿੰਦ ਦਾ ਖ਼ਤਰਾ ਵੱਧ

ਲੂਣ ਸਰੀਰ ਲਈ ਬਹੁਤ ਜ਼ਰੂਰੀ ਹੈ ਪਰ ਜ਼ਿਆਦਾ ਲੂਣ ਵਾਲੇ ਭੋਜਨ ਦੀ ਵਰਤੋਂ ਨਾਲ ਮੋਤੀਆ ਬਿੰਦ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ।

ਸਿਡਨੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੁਆਰਾ ਕੀਤੇ ਇਕ ਅਧਿਐਨ ਵਿਚ ਇਹ ਤੱਥ ਉਭਰ ਕੇ ਸਾਹਮਣੇ ਆਇਆ ਹੈ। ਲੱਗਭਗ ਤਿੰਨ ਹਜ਼ਾਰ ਬਜ਼ੁਰਗ ਲੋਕਾਂ 'ਤੇ ਕੀਤੀ ਗਈ ਖੋਜ ਵਿੱਚ ਪਾਇਆ ਗਿਆ ਕਿ ਲੂਣ ਦੀ ਜ਼ਿਆਦਾ ਵਰਤੋਂ ਨਾਲ ਅੱਖਾਂ ਵਿੱਚ ਧੁੰਦਲਾਪਣ ਆ ਜਾਂਦਾ ਹੈ। ਆਸਟਰੇਲੀਆਈ ਵਿਗਿਆਨੀਆਂ ਦੀ ਇਸ ਖੋਜ ਦਾ ਸਮਾਚਾਰ ਜਰਮਨੀ ਦੇ ਇਕ ਮੈਡੀਕਲ ਜਨਰਲ ਵਿੱਚ ਛਪਿਆ ਹੈ। ਜਨਰਲ ਵਿਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਇਸ ਖੋਜ ਵਿੱਚ ਹਿੱਸੇਦਾਰੀ ਕਰ ਰਹੇ 160 ਲੋਕਾਂ ਵਿੱਚ ਇਕ ਖਾਸ ਤਰ੍ਹਾਂ ਦਾ ਮੋਤੀਆਬਿੰਦ ਪਾਇਆ ਗਿਆ। ਖੋਜ ਵਿੱਚ ਪਾਇਆ ਗਿਆ

ਕਿ ਨਿਯਮਿਤ ਰੂਪ ਵਿੱਚ ਜ਼ਿਆਦਾ ਲੂਣ ਵਾਲਾ ਭੋਜਨ ਖਾਣ ਵਾਲੇ ਲੋਕਾਂ ਵਿੱਚ ਧੁੰਦਲਾਪਣ, ਘੱਟ ਲੂਣ ਖਾਣ ਵਾਲਿਆਂ ਦੀ ਤੁਲਨਾ ਵਿੱਚ ਦੁੱਗਣਾ ਸੀ।

**● ਵੱਡੀ ਉਮਰ 'ਚ ਮਾਂ ਬਣਨ ਨਾਲ ਬੱਚੇ ਨੂੰ ਡਾਇਬਿਟੀਜ਼ ਦਾ ਖ਼ਤਰਾ !**

ਅੱਜ-ਕੱਲ੍ਹ ਠੀਕ ਤਰ੍ਹਾਂ ਨਾਲ ਸੈਟਲ ਹੋਣ ਲਈ ਜ਼ਿੰਦਗੀ 'ਚ ਸੰਘਰਸ਼ ਇੰਨਾ ਜ਼ਿਆਦਾ ਵੱਧ ਗਿਆ ਹੈ ਕਿ ਸੈਟਲ ਹੁੰਦੇ ਹੁੰਦੇ ਅੱਧੀ ਉਮਰ ਲੰਘ ਜਾਂਦੀ ਹੈ ਫਿਰ ਉਸ ਤੋਂ ਬਾਅਦ ਹੀ ਵਿਆਹ ਦਾ ਖਿਆਲ ਆਉਂਦਾ ਹੈ।

ਦੂਜੇ ਪਾਸੇ ਆਪਣਾ ਕੈਰੀਅਰ ਬਣਾਉਣ ਦੇ ਚੱਕਰ 'ਚ ਕੁਝ ਔਰਤਾਂ ਮਾਂ ਬਣਨ ਦੀ 'ਆਦਰਸ਼ ਉਮਰ' 'ਚ ਵਿਆਹ ਨਹੀਂ ਕਰਵਾਉਂਦੀਆਂ। ਇਸ ਦਾ ਖਾਮਿਆਜਾ ਉਨ੍ਹਾਂ ਦੀ ਹੋਣ ਵਾਲੀ ਸੰਤਾਨ ਨੂੰ ਭੁਗਤਨਾ ਪੈਂਦਾ ਹੈ। ਜੀ ਹਾਂ, ਪੈਰਿਸ ਤੋਂ ਮਿਲੀ ਖ਼ਬਰ ਦੇ ਮੁਤਾਬਿਕ ਵੱਡੀ ਉਮਰ ਦੀਆਂ ਔਰਤਾਂ ਤੋਂ ਜਨਮੇ ਬੱਚਿਆਂ 'ਚ ਡਾਇਬਿਟੀਜ਼ ਪਣਪਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ। ਬ੍ਰਿਟਿਸ਼ ਮੈਡੀਕਲ ਜਨਰਲ 'ਚ ਇਹ ਗੱਲ ਇਕ ਸਟੱਡੀ/ਖੋਜ ਦੇ ਹਵਾਲੇ ਨਾਲ ਕਹੀ ਗਈ ਹੈ। ਮਾਂ ਬਣਨ ਦੀ ਉਮਰ ਤੋਂ ਬਾਅਦ ਜਿਉਂ-ਜਿਉਂ ਉਮਰ ਵਧਦੀ ਜਾਂਦੀ ਹੈ। ਤਿਉਂ-ਤਿਉਂ ਡਾਇਬਿਟੀਜ਼ ਦਾ ਖ਼ਤਰਾ ਵੀ ਵਧਦਾ ਜਾਂਦਾ ਹੈ। ਵਿਗਿਆਨੀਆਂ ਦੇ ਮੁਤਾਬਿਕ ਹਰ 5 ਸਾਲ ਬਾਅਦ ਖ਼ਤਰਾ 25 ਪ੍ਰਤੀਸ਼ਤ ਦੀ ਦਰ ਨਾਲ ਵਧਦਾ ਹੈ। ਮਸਲਨ ਜੇ ਕੋਈ ਔਰਤ 45 ਸਾਲ ਦੀ ਉਮਰ 'ਚ ਮਾਂ ਬਣਦੀ ਹੈ ਤਾਂ ਉਸਦੇ ਬੱਚੇ ਨੂੰ ਟਾਈਪ-1 ਕਿਸਮ ਦਾ ਡਾਇਬਿਟੀਜ਼ ਹੋਣ ਦਾ ਖ਼ਤਰਾ, 20 ਸਾਲ ਦੀ ਉਮਰ 'ਚ ਮਾਂ ਬਣਨ ਵਾਲੀ ਔਰਤ ਦੇ ਬੱਚੇ ਦੀ ਬਨਿਸਚਤ 3 ਗੁਣਾ ਤੋਂ ਵੀ ਜ਼ਿਆਦਾ ਹੁੰਦੀ ਹੈ। ਟਾਈਪ -1 ਕਿਸਮ ਦੀ ਡਾਇਬਿਟੀਜ਼ ਅਕਸਰ ਬਚਪਨ 'ਚ ਹੁੰਦੀ ਹੈ। ਇਸ ਨੂੰ ਬੇਹੱਦ ਖ਼ਤਰਨਾਕ ਕਿਸਮ ਮੰਨਿਆ ਜਾਂਦਾ ਹੈ, ਕਿਉਂਕਿ ਇਸ ਦੇ ਰੋਗੀ ਨੂੰ ਜ਼ਿੰਦਗੀ ਭਰ ਇਨਸੁਲਿਨ 'ਤੇ ਹੀ ਨਿਰਭਰ ਰਹਿਣਾ ਪੈਂਦਾ ਹੈ। ਖੋਜਕਾਰਾਂ ਦੇ ਅਨੁਸਾਰ ਵੱਡੀ ਉਮਰ 'ਚ ਵਿਆਹ ਹੋਣ ਦੀ ਵਜ੍ਹਾ ਨਾਲ ਹੀ ਡਾਇਬਿਟੀਜ਼ ਦੀ ਟਾਈਪ-1 ਕਿਸਮ ਦੇ ਰੋਗੀਆਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ।

**...ਤੇ ਅੰਤ ਵਿੱਚ**

ਬ੍ਰਿਟਿਸ਼ ਜਨਰਲ ਆਫ਼ ਕੈਂਸਰ ਨਾਮਕ ਇਕ ਵਿਗਿਆਨਕ ਪੱਤਰਕਾ ਵਿੱਚ ਛਪੀ ਇੱਕ ਅਧਿਐਨ ਰਿਪੋਰਟ ਮੁਤਾਬਿਕ ਗਰਭ ਰੋਕੂ ਗੋਲੀਆਂ ਔਰਤਾਂ ਨੂੰ ਹੋਣ ਵਾਲੇ ਕੋਲੋਰੈਕਟੀਅਲ ਕੈਂਸਰ ਯਾਨੀ ਕਿ ਵੱਡੀ ਅੰਤੜੀ ਵਿੱਚ ਹੋਣ ਵਾਲੇ ਕੈਂਸਰ ਦੇ ਖ਼ਤਰੇ ਨੂੰ ਘੱਟ ਕਰ ਸਕਦੀਆਂ ਹਨ ਅਧਿਐਨ ਦੇ ਸਿੱਟਿਆਂ ਮੁਤਾਬਿਕ ਜੇਕਰ ਕੋਈ ਔਰਤ ਆਪਣੀ ਉਪਜਾਊ ਉਮਰ ਦੇ ਕਿਸੇ ਵੀ ਵਰ੍ਹੇ ਵਿੱਚ ਗਰਭ ਰੋਕੂ ਗੋਲੀਆਂ ਦਾ ਇਸਤੇਮਾਲ ਕਰਦੀ ਹੈ ਤਾਂ ਆਮ ਤੌਰ 'ਤੇ ਉਸਨੂੰ ਇਸ ਤਰ੍ਹਾਂ ਦੇ ਕੈਂਸਰ ਹੋਣ ਦਾ ਖ਼ਤਰਾ 20 ਪ੍ਰਤੀਸ਼ਤ ਘਟ ਜਾਂਦਾ ਹੈ।

ਪਤਾ : ਪਿੰਡ ਤੇ ਡਾਕ : ਖੋਸਾ ਪਾਂਡੋ, (ਮੋਗਾ) - 142048

## ਇੱਕ ਪਾਠਕ ਹੋਰ........

*ਅਦਾਰਾ 'ਵਿਗਿਆਨ ਜੋਤ' ਪਿਛਲੇ ਦਸ ਵਰ੍ਹਿਆਂ ਤੋਂ ਵਿਗਿਆਨਕ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹੈ। ਇਸ ਲੋਕ-ਪੱਖੀ ਉਪਰਾਲੇ ਵਿੱਚ ਤੁਹਾਡੇ ਯੋਗਦਾਨ ਦੀ ਬਹੁਤ ਜ਼ਰੂਰਤ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਵਿੱਚੋਂ ਘੱਟੋ-ਘੱਟ ਇੱਕ ਹੋਰ ਵਿਅਕਤੀ ਨੂੰ ਇਸ ਦਾ ਮੈਂਬਰ ਬਣਾਉਣ ਵਿੱਚ ਸਹਾਈ ਹੋਣ। ਸਾਡੇ ਸਮਾਜ ਦਾ ਕਲਿਆਣ ਤਾਹੀਓਂ ਹੋ ਸਕਦਾ ਹੈ ਜੇ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਦੀ ਗਿਣਤੀ ਵਧੇਰੇ ਹੋਵੇਗੀ।*

# ਵਿਗਿਆਨ ਜੋਤ

## *ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।*

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*



**ਪੰਜ ਪਾਠਕ** ਬਣਾਉਣ ਵਾਲੇ ਨੂੰ

*70 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

*160 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

*340 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

*1000 ਰੁਪਏ ਮੁੱਲ ਦੀਆਂ ਕਿਤਾਬਾਂ*

*ਅਤੇ ਇੱਕ ਪ੍ਰਸ਼ੰਸਾ ਪੱਤਰ*

ਇਨਾਮ ਵਜੋਂ ਭੇਜੇ ਜਾਣਗੇ।

**ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :**

***ਅਮਿੱਤ ਮਿੱਤਰ***

*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*

*ਬਰਨਾਲਾ - 148101 (ਪੰਜਾਬ)*

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਕੰਪਿਊਟਰ ਦੀ ਦੁਨੀਆਂ 'ਚੋਂ.....

- ਅਮਿੱਤ ਮਿੱਤਰ

## ਜੇਕਰ ਰੋਜ਼ ਕੰਪਿਊਟਰ ਨੂੰ ਤੁਸੀਂ ਦਿੰਦੇ ਹੋ 4 ਘੰਟੇ ਤਾਂ ਤੁਹਾਡਾ ਦਿਲ ਦੇ ਦੇਵੇਗਾ ਤੁਹਾਨੂੰ ਧੋਖਾ



ਕੰਪਿਊਟਰ 'ਤੇ ਜ਼ਿਆਦਾ ਕੰਮ ਕਰਨ ਵਾਲੇ ਲੋਕ ਜ਼ਿਆਦਾ ਹੁਸ਼ਿਆਰ ਹੋ ਜਾਣ। ਇਕ ਨਵੀਂ ਖੋਜ ਨੇ ਦਾਅਵਾ ਕੀਤਾ ਹੈ ਕਿ ਹਰ ਰੋਜ਼ 4 ਘੰਟੇ ਕੰਪਿਊਟਰ ਜਾਂ ਟੀ ਵੀ ਸਕਰੀਨ ਦੇ ਅੱਗੇ ਆਪਣਾ ਜ਼ਿਆਦਾ ਸਮਾਂ ਬਿਤਾਉਣ ਵਾਲੇ ਲੋਕਾਂ ਨੂੰ ਦਿਲ ਦੀ ਬੀਮਾਰੀ ਹੋਣ ਦਾ ਖ਼ਤਰਾ ਦੁੱਗਣਾ ਹੋ ਜਾਂਦਾ ਹੈ। ਅਜਿਹੇ ਲੋਕਾਂ ਦੀ ਸਮੇਂ ਤੋਂ ਪਹਿਲਾਂ ਮੌਤ ਹੋਣ ਦੇ ਲੱਛਣ ਵੱਧ ਜਾਂਦੇ ਹਨ।

ਯੂਨੀਵਰਸਿਟੀ ਕਾਲਜ ਆਫ਼ ਲੰਦਨ ਦੇ ਵਿਗਿਆਨਕਾਂ ਨੇ ਇਸ ਬਾਰੇ ਵਿੱਚ ਇਕ ਨਵੀਂ ਖੋਜ ਕਰਕੇ ਇਹ ਨਤੀਜਾ ਕੱਢਿਆ ਹੈ। ਉਨ੍ਹਾਂ ਨੇ ਇਸ ਖੋਜ ਦੌਰਾਨ ਇਹ ਪਾਇਆ ਕਿ ਜੋ ਲੋਕ ਰੋਜ਼ਾਨਾ ਚਾਰ ਘੰਟੇ ਜਾਂ ਇਸ ਤੋਂ ਜ਼ਿਆਦਾ ਸਮੇਂ ਤੱਕ ਕੰਪਿਊਟਰ 'ਤੇ ਕੰਮ ਕਰਦੇ ਹਨ ਜਾਂ ਫਿਰ ਟੀ ਵੀ ਦੇਖਦੇ ਹਨ, ਉਨ੍ਹਾਂ ਨੂੰ ਉਨ੍ਹਾਂ ਲੋਕਾਂ ਦੇ ਮੁਕਾਬਲੇ ਦਿਲ ਦੀਆਂ ਵੱਡੀਆਂ ਬੀਮਾਰੀਆਂ ਹੋਣ ਅਤੇ ਇਸਦੇ ਦੁਆਰਾ ਮੌਤ ਦਾ ਖਤਰਾ 125 ਫੀਸਦੀ ਜ਼ਿਆਦਾ ਹੁੰਦਾ ਹੈ, ਜੋ ਦੋ ਘੰਟੇ ਜਾਂ ਇਸ ਤੋਂ ਘੱਟ ਸਮੇਂ ਟੀ ਵੀ ਜਾਂ ਕੰਪਿਊਟਰ 'ਤੇ ਬਿਤਾਉਂਦੇ ਹਨ। ਖੋਜ ਦੁਆਰਾ ਇਹ ਵੀ ਪਾਇਆ ਗਿਆ ਹੈ ਕਿ ਕੰਪਿਊਟਰ ਜਾਂ ਟੀ ਵੀ ਸਕਰੀਨ 'ਤੇ ਜ਼ਿਆਦਾ ਸਮਾਂ ਬਿਤਾਉਣ ਵਾਲੇ ਲੋਕਾਂ ਦੀ ਬਿਨ੍ਹਾ ਵਜ੍ਹਾ ਤੋਂ ਹੋਣ ਵਾਲੀ ਮੌਤ ਦਾ ਖਤਰਾ 48 ਫੀਸਦੀ ਵੱਧ ਜਾਂਦਾ ਹੈ। ਵਿਗਿਆਨਕਾਂ ਦਾ ਇਹ ਵੀ ਕਹਿਣਾ ਹੈ ਕਿ ਕੰਪਿਊਟਰ ਜਾਂ ਟੀ ਵੀ ਨਾਲ ਹੋਣ ਵਾਲੇ ਇਸ ਨੁਕਸਾਨ ਦੀ ਰੋਕਥਾਮ ਕਸਰਤ ਜਾਂ ਵਰਜਿਸ ਕਰਨ ਨਾਲ ਵੀ ਨਹੀਂ ਕੀਤੀ ਜਾ ਸਕਦੀ।

ਵਿਗਿਆਨਕਾਂ ਦੇ ਅਨੁਸਾਰ ਇਸਦੀ ਵਜ੍ਹਾ ਬੇਹੱਦ ਸਾਫ ਹੈ। ਜ਼ਿਆਦਾ ਸਮੇਂ ਤੱਕ ਇਕ ਹੀ ਜਗ੍ਹਾ ਬੈਠੇ ਰਹਿਣ ਨਾਲ ਇਕ ਬੇਹੱਦ ਅਹਿਮ ਇਨਜ਼ਾਇਮ - ਲਿਪੋਪ੍ਰੋਟੀਨ ਵਿੱਚ 90 ਫੀਸਦੀ ਤੱਕ ਕਮੀ ਆ ਜਾਂਦੀ ਹੈ। ਇਹ ਉਹੀ ਇਜ਼ਾਇਮ ਹੈ ਜੋ ਸਰੀਰ ਵਿੱਚ ਦਿਲ ਦੀਆਂ ਬੀਮਾਰੀਆਂ ਤੋਂ ਬਚਾਅ ਕਰਦਾ ਹੈ।

ਇਸ ਖੋਜ ਦੀ ਅਗਵਾਈ ਕਰਨ ਵਾਲੇ ਯੂਨੀਵਰਸਿਟੀ ਕਾਲਜ ਆਫ਼ ਲੰਦਨ ਦੇ ਪਬਲਿਕ ਹੈਲਥ ਡਿਪਾਰਟਮੈਂਟ ਦੇ ਡਾਕਟਰ ਇਮਨੁਇਲ ਸਟਾਮੋਟੇਕਿਸ ਦੇ ਮੁਤਾਬਿਕ ਸਾਡੀ ਖੋਜ ਦੱਸਦੀ ਹੈ ਕਿ ਸਕਰੀਨ 'ਤੇ ਦੋ ਘੰਟੇ ਜਾਂ ਇਸਤੋਂ ਜ਼ਿਆਦਾ ਸਮਾਂ ਬਿਤਾਉਣ ਨਾਲ ਕਿਸੇ ਆਦਮੀ ਵਿੱਚ ਹਰਟ ਨਾਲ ਜੁੜੀ ਦਿੱਕਤ ਹੋਣ ਦਾ ਖਤਰਾ ਵੱਧ ਜਾਂਦਾ ਹੈ।

**ਕੀ ਕਰਨ ਅਜਿਹੇ ਲੋਕ?**

ਵਿਗਿਆਨਕਾਂ ਦੀ ਸਲਾਹ ਹੈ ਕਿ ਅਜਿਹੇ ਲੋਕ ਜੋ ਕੰਪਿਊਟਰ ਸਕਰੀਨ 'ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ ਉਨ੍ਹਾਂ ਨੂੰ ਖਤਰੇ ਨੂੰ ਘੱਟ ਕਰਨ ਦੇ ਲਈ ਹਰੇਕ 20 ਮਿੰਟ ਦੇ ਬਾਅਦ ਉਠਕੇ ਥੋੜੀ ਦੂਰ ਚੱਲ ਫਿਰ ਲੈਣਾ ਚਾਹੀਦਾ ਹੈ। ਡਾ. ਇਮਨੁਇਲ ਦਾ ਕਹਿਣਾ ਹੈ ਕਿ ਖੜ੍ਹੇ ਹੋਣ ਅਤੇ ਚੱਲਣ ਨਾਲ ਬੈਠੇ ਰਹਿਣ ਦੇ ਮੁਕਾਬਲੇ 50 ਫੀਸਦੀ ਜ਼ਿਆਦਾ ਐਨਰਜੀ ਖਰਚ ਹੁੰਦੀ ਹੈ ਅਤੇ ਇਸ ਤਰ੍ਹਾਂ ਨਾਲ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿੱਚ ਲੋਕਾਂ ਦਾ ਜ਼ਿਆਦਾ ਸਮਾਂ ਟੀ ਵੀ ਅਤੇ ਕੰਪਿਊਟਰ ਨਾਲ ਗੁਜ਼ਰਨ ਲੱਗਿਆ ਹੈ।

## ● ਹੈਕਰਾਂ ਦੀ ਪਸੰਦ ਬਣ ਰਿਹਾ ਹੈ ਮੋਬਾਇਲ ਫ਼ੋਨ

ਸਾਈਬਰ ਹੈਕਰ ਹੁਣ ਕੰਪਿਊਟਰਾਂ ਤੋਂ ਜ਼ਿਆਦਾ ਨਵੇਂ ਮੋਬਾਇਲ ਫ਼ੋਨਾਂ 'ਤੇ ਹਮਲੇ ਕਰਨ ਲੱਗੇ ਹਨ। ਜਰਮਨੀ ਦੀ ਸੂਚਨਾ ਤਕਨੀਕ ਦੀ ਸੰਘ ਏਜੰਸੀ ਦੇ ਮੁਤਾਬਕ ਮੋਬਾਇਲ ਫ਼ੋਨਾਂ 'ਚ ਇੰਟਰਨੈੱਟ ਦੀ ਵਧਦੀ ਸਹੂਲਤ ਕਾਰਨ ਹੈਕਰ ਹੁਣ ਇਸ ਵੱਲ ਧਿਆਨ ਦੇ ਰਹੇ ਹਨ।

ਸੰਘ ਏਜੰਸੀ ਦੇ ਮੁਤਾਬਿਕ ਮੋਬਾਇਲ ਫ਼ੋਨ ਹੈਕ ਕਰਨਾ ਹੈਕਰਾਂ ਦੇ ਲਈ ਜ਼ਿਆਦਾ ਫ਼ਾਇਦੇਮੰਦ ਹੈ। ਇਸਦੇ ਜ਼ਰੀਏ ਮੋਬਾਇਲ ਫ਼ੋਨ ਦੀ ਵਰਤੋਂ ਕਰਨ ਵਾਲੇ ਦਾ ਪੂਰਾ ਡਾਟਾ ਚੁਰਾਇਆ ਜਾ ਸਕਦਾ ਹੈ, ਵੱਡਾ ਖ਼ਤਰਾ ਇਸ ਗੱਲ ਦਾ ਹੈ ਕਿ ਹੈਕਰ ਆਪਣੇ ਫ਼ੋਨ ਦੇ ਸਾਰੇ ਕਨਟੈਕਟ ਚੁਰਾ ਸਕਦੇ ਹਨ ਅਤੇ ਫਿਰ ਉਹ ਫ਼ੋਨ ਦੀ ਵਰਤੋਂ ਕਰਨ ਵਾਲੇ ਦੀ ਫ਼ੋਨ ਬੁੱਕ ਦਾ ਇਸਤੇਮਾਲ ਆਪਣੇ ਫ਼ਾਇਦੇ ਦੇ ਲਈ ਕਰ ਸਕਦੇ ਹਨ।

ਏਜੰਸੀ ਦੇ ਪ੍ਰਮੁੱਖ ਮਾਈਕਲ ਹਾਂਗੇ ਦਾ ਕਹਿਣਾ ਹੈ, "ਇਹ ਨਵੇਂ ਫ਼ੋਨਾਂ ਦੀ ਸੰਖਿਆ ਵਧਣ ਨਾਲ ਹੀ ਹੋ ਰਿਹਾ ਹੈ। ਅਜਿਹਾ ਕਰਨ ਦੀ ਵਜ੍ਹਾ ਇਹ ਹੈ ਕਿ ਹਰ ਤਰ੍ਹਾਂ ਦੇ ਅਪਰਾਧੀ ਇਸਦਾ ਫ਼ਾਇਦਾ ਉਠਾ ਸਕਦੇ ਹਨ।

ਹਾਂਗੇ ਦੇ ਮੁਤਾਬਿਕ ਫ਼ੋਨ ਨੂੰ ਹੈਕ ਕਰਨ ਤੋਂ ਬਾਅਦ ਕਾਲ ਡਿਟੇਲਸ, ਮੈਸਜ਼ ਅਤੇ ਸਾਰੀ ਐਪਲੀਕੇਸ਼ਨ ਚੁਰਾਈ ਜਾ ਸਕਦੀ ਹੈ। ਜ਼ਬਰਦਸਤ ਕਿਸਮ ਦਾ ਹੈਕਿੰਗ ਪ੍ਰੋਗਰਾਮ ਦੇ ਜ਼ਰੀਏ ਦੂਸਰੇ ਦਾ ਫ਼ੋਨ ਨੰਬਰ ਇਸਤੇਮਾਲ ਕਰਕੇ ਫ਼ੋਨ ਕੀਤੇ ਜਾ ਸਕਦੇ ਹਨ। ਫ਼ੋਨ 'ਚ ਬਲਿਊ



ਟੂੱਥ ਦੇ ਜ਼ਰੀਏ ਡਾਟਾ ਦੇ ਨਾਲ ਵਾਇਰਸ ਵੀ ਫ਼ੋਨ ’ਚ ਚਲਿਆ ਜਾਂਦਾ ਹੈ। ਇਸ ਕਾਰਨ ਹੀ ਫ਼ੋਨ ਹੈਕਿੰਗ ਦਾ ਬਾਜ਼ਾਰ ਬਹੁਤ ਜ਼ਿਆਦਾ ਵੱਡਾ ਅਤੇ ਸੰਵੇਦਨਸ਼ੀਲ ਬਣ ਗਿਆ ਹੈ।

ਜਰਮਨ ਅਧਿਕਾਰੀ ਨੇ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਨੂੰ ਇੱਕ ਜ਼ਰੂਰੀ ਸਲਾਹ ਦਿੱਤੀ ਹੈ, ਹਾਂਗੇ ਦਾ ਕਹਿਣਾ ਹੈ ਕਿ ਅਕਸਰ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਕਿਸੇ ਵੀ ਵੈੱਬਸਾਈਟ ’ਤੇ ਆਪਣਾ ਨਾਮ ਅਤੇ ਪਾਸਵਰਡ ਪਾ ਦਿੰਦੇ ਹਨ, ਇਸ ਸਮੇਂ ਇੰਟਰਨੈੱਟ ਦੀ ਦੁਨੀਆਂ ’ਚ ਕਈ ਫਰਜੀ ਵੈੱਬਸਾਈਟਜ਼ ਚੱਲ ਰਹੀਆਂ ਹਨ। ਅਜਿਹੀ ਵੈੱਬਸਾਈਟਜ਼ ਯੂਜ਼ਰਨੇਮ ਅਤੇ ਪਾਸਵਰਡ ਸਟੋਰ ਕਰਕੇ, ਇਸਦੀ ਵਰਤੋਂ ਕਰਨ ਵਾਲੇ ਦੀ ਓਨਲਾਈਨ ਬੈਂਕਿੰਗ ’ਤੇ ਅਸਰ ਪਾ ਸਕਦੀਆਂ ਹਨ ਅਤੇ ਕੰਪਿਊਟਰ ਦਾ ਪੂਰਾ ਡਾਟਾ ਚੁਰਾ ਸਕਦੀਆਂ ਹਨ।

### ● ਵਾਰ-ਵਾਰ ਡਾਕੂਮੈਂਟ ਸੇਵ ਕਰਨ ਤੋਂ ਛੁਟਕਾਰਾ

ਮਾਈਕ੍ਰੋਸੋਫਟ ਵਰਡ ਉਪਰ ਕੰਮ ਕਰਨ ਦੇ ਲਈ ਹਰ ਵਾਰ ਜਦੋਂ ਤੁਸੀਂ ਇਕ ਨਵੀਂ ਫਾਈਲ ਖੋਲਦੇ ਹੋ, ਤਾਂ ਉਸ ਨੂੰ ਇਕ ਨਾਮ ਦੇ ਕੇ ਸੇਵ ਕਰਨਾ ਹੁੰਦਾ ਹੈ ਅਤੇ ਉਸਦੇ ਬਾਅਦ ਵੀ ਹਰ ਕੁਝ ਸਮੇਂ ਬਾਅਦ ਕੰਟਰੋਲ ਐਸ ਦੱਬ ਕੇ ਸੇਵ ਕਰਨਾ ਹੁੰਦਾ ਹੈ। ਤਾਂਕਿ ਫਾਈਲ ਵਿੱਚ ਕੀਤੀ ਗਈ ਤੁਹਾਡੀ ਮਿਹਨਤ ਸੁਰੱਖਿਅਤ ਰਹੇ। ਪਰ ਹੁਣ ਤੁਹਾਨੂੰ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਬਿਜਲੀ ਚਲੀ ਜਾਵੇ ਜਾਂ ਕੰਪਿਊਟਰ ਹੈਂਗ ਹੋ ਜਾਵੇ ਤਾਂ ਵੀ ਤੁਹਾਡੀ ਮਿਹਨਤ ਬਰਬਾਦ ਹੋਣ ਦਾ ਖਤਰਾ ਨਹੀਂ ਹੋਵੇਗਾ। ਦਰਅਸਲ, ਗੂਗਲ ਨੇ ਮਾਈਕ੍ਰੋਸੋਫਟ ਐਪਲੀਕੇਸ਼ਨ ਦੇ ਲਈ ਖਾਸ ਕਲਾਓਟ ਕਨੇਕਟ ਟੂਲਬਾਰ ਲਾਂਚ ਕੀਤਾ ਹੈ। ਇਸ ਟੂਲਬਾਰ ਨੂੰ ਐਸਐਸ ਵਰਡ, ਐਕਸੇਲ ਜਾਂ ਪਾਵਰਪਵਾਇੰਟ ਐਪਲੀਕੇਸ਼ਨ ਵਿੱਚ ਇਨਬੈਲਡ ਕੀਤਾ ਗਿਆ ਹੈ। ਜਿਸ ਦੁਆਰਾ ਤੁਹਾਨੂੰ ਵਾਰ-ਵਾਰ ਸੇਵ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ।

ਇਹ ਟੂਲਬਾਰ ਮੁਫ਼ਤ ਡਾਊਨਲੋਡ ਦੇ ਲਈ ਉਪਲੱਬਧ ਹੈ। ਇਸ ਟੂਲਬਾਰ ਦੀ ਮਦਦ ਨਾਲ ਯੂਜਰ ਦੁਨੀਆਂ ਭਰ ਵਿੱਚ ਕਿਤੇ ਵੀ, ਕਿਸੇ ਵੀ ਮਸ਼ੀਨ ਨਾਲ ਸਿੱਧੇ ਆਪਣੇ ਐਸਐਸ ਦਫ਼ਤਰ ਦੇ ਡਾਟੇ ਨੂੰ ਗੂਗਲ ਦੇ ਸਰਵਰ ਫਾਰਮ ਵਿੱਚ ਸੇਵ ਕਰ ਸਕਦਾ ਹੈ। ਐਸਐਸ ਦਫ਼ਤਰ ਵਿੱਚ ਕਲਾਓਟ ਕਨੇਕਟ ਟੂਲਬਾਰ ਸਥਾਪਿਤ ਕਰਨ ਦੀ ਇਹ ਰਣਨੀਤੀ ਗੂਗਲ ਦੇ ਲਈ ਕਾਫ਼ੀ ਫ਼ਾਇਦੇਮੰਦ ਸਾਬਿਤ ਹੋ ਸਕਦੀ ਹੈ। ਮਾਈਕ੍ਰੋਸੋਫਟ ਦੀ ਕੁੱਲ 62 ਅਰਬ ਡਾਲਰ ਦੀ ਵਿੱਕਰੀ ਵਿੱਚ ਐਸਐਸ ਵਰਡ ਦੀ ਹਿੱਸੇਦਾਰੀ ਇੱਕ ਤਿਹਾਈ ਹੈ। ਦੁਨੀਆਂ ਭਰ ਦੇ ਜ਼ਿਆਦਾਤਰ ਕੰਪਿਊਟਰ ਯੂਜਰ ਐਸਐਸ ਵਰਡ ਦਾ ਇਸਤੇਮਾਲ ਕਰਦੇ ਹਨ। ਅਜਿਹੇ ਵਿੱਚ ਜੇਕਰ ਇਹ ਐਪਲੀਕੇਸ਼ਨ ਕਾਮਯਾਬ ਹੁੰਦਾ ਹੈ ਤਾਂ ਗੂਗਲ ਨੂੰ ਐਸਐਸ ਵਰਡ ਦੇ ਵੱਡੇ ਨੈਟਵਰਕ ਦਾ ਫਾਇਦਾ ਹੋਵੇਗਾ।

ਇਸ ਟੂਲਬਾਰ ਦੇ ਤਹਿਤ ਇੱਕ ਬਾਰ ਗੂਗਲ ਦੇ ਅਕਾਊਂਟ ਵਿੱਚ ਲੌਗਇੰਨ ਕਰਨਾ ਪੈਂਦਾ ਹੈ। ਇਸਦੇ ਬਾਅਦ ਇਹ ਟੂਲਬਾਰ ਆਪਣੇ ਆਪ ਤੁਹਾਡੇ ਡਾਟਾ ਨੂੰ ਸੇਵ ਕਰਨ ਲੱਗਦਾ ਹੈ। ਇਸ ਵਿੱਚ ਇੱਕ ਗੜਬੜੀ ਇਹ ਹੈ ਕਿ ਅਕਾਊਂਟ ਕਲੇਕਟ ਦਾ ਫਾਇਦਾ ਉਠਾਉਣ ਦੇ ਲਈ ਤੁਹਾਡੇ ਪੀਸੀ ਨੂੰ ਇੱਕ ਵਾਰ ਇੰਟਰਨੈਟ ਨਾਲ ਕਨੇਕਟ ਕਰਨਾ ਜ਼ਰੂਰੀ ਹੋਵੇਗਾ।

ਗੂਗਲ ਦੇ ਏਪਸ ਦੇ ਪ੍ਰੋਡੈਕਟ ਮੈਨੇਜਰ ਸ਼ਾਨ ਸਿਨਹਾ ਨੇ ਇਰਟੀ ਨੂੰ ਦੱਸਿਆ, ‘ਜਦੋਂ ਤੱਕ ਯੂਜਰ ਦਾ ਗੂਗਲ ਅਕਾਊਂਟ ਕੰਮ ਕਰਦਾ ਹੈ, ਉਦੋਂ ਤੱਕ ਅਸੀਂ ਡਾਟੇ ਨੂੰ ਕਲਾਓਟ ਵਿੱਚ ਸੁਰੱਖਿਅਤ ਰੱਖਾਂਗਾ।’ ਉਨ੍ਹਾਂ ਨੇ ਕਿਹਾ, ‘ਸਭ ਦਸਤਾਵੇਜ਼ ਇਨਕ੍ਰਿਪਟੇਡ ਤਰੀਕੇ ਨਾਲ ਸੁਰੱਖਿਅਤ ਕੀਤੇ ਜਾ ਰਹੇ ਹਨ ਅਤੇ ਇਸ ਨੂੰ ਸਿਰਫ਼ ਉਹੀ ਲੋਕ ਦੇਖ ਅਤੇ ਫੇਰਬਦਲ ਕਰ ਸਕਣਗੇ, ਜੋ ਉਸ ਡੌਕਯੂਮੈਂਟ ਦੇ ਵੇਬਲਿੰਕ ਨਾਲ ਜੁੜੇ ਰਹਿਣਗੇ।’ ਕਲਾਓਡ ਕਨੇਕਟ, ਗੂਗਲ ਦੇ ਡੌਕਸ ਆਫਰਿੰਗ ਦੇ ਬਾਅਦ ਗੂਗਲ ਦਾ ਅਗਲਾ ਕਦਮ ਹੈ। ਹਾਲਾਂਕਿ, ਡੌਕਸ ਕਈ ਬਜ਼ਾਰਾਂ ਵਿੱਚ ਲੋਕਾਂ ਦਾ ਧਿਆਨ ਖਿਚਣ ਵਿੱਚ ਸਫਲ ਰਿਹਾ, ਕਿਉਂਕਿ ਲੋਕ ਹੁਣ ਵੀ ਐਸਐਸ ਵਰਡ ਐਪਲੀਕੇਸ਼ਨ ਉਪਰ ਕੰਮ ਕਰਨਾ ਜ਼ਿਆਦਾ ਪਸੰਦ ਕਰਦੇ ਹਨ।

ਆਫਿਸ ਐਪਲੀਕੇਸ਼ਨ ਕਾਰੋਬਾਰ ਵਿੱਚ ਮਾਈਕ੍ਰੋਸੋਫਟ ਦੀ ਬਾਜ਼ਾਰ ਹਿੱਸੇਦਾਰੀ 90 ਫੀਸਦੀ ਹੈ। ਕਲਾਓਟ ਕਨੇਕਟ ਟੂਲਬਾਰ ਦੇ ਲਈ ਇਹ

## ਮੋਬਾਇਲ ਸਾਫਟਵੇਅਰ ਤੁਹਾਨੂੰ ਬਣਾ ਦੇਵੇਂਗਾ ਜਾਸੂਸ



ਜੇਕਰ ਤੁਸੀਂ ਇਹ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਪਿੱਛੇ ਤੁਹਾਡਾ ਜੀਵਨ ਸਾਥੀ ਅਤੇ ਬੱਚੇ ਕੀ ਕਰਦੇ ਹਨ ਤਾਂ ਸਮਝ ਲਈਏ ਤੁਹਾਡੀ ਇਹ ਇੱਛਾ ਪੂਰੀ ਹੋ ਗਈ ਹੈ। ਵਿਗਿਆਨਕਾਂ ਨੇ ਇਕ ਅਜਿਹਾ ਮੋਬਾਇਲ ਫੋਨ ਬਣਾਇਆ ਹੈ, ਜੋ ਉਨ੍ਹਾਂ ਦੀ ਹਰ ਹਰਕਤ ’ਤੇ ਨਜ਼ਰ ਰੱਖ ਸਕਦਾ ਹੈ। ਇਸ ਨੂੰ ਆਈਫੋਨ ਟ੍ਰੈਕਰ ਦਾ ਨਾਮ ਦਿੱਤਾ ਗਿਆ ਹੈ। ਇਹ ਚੁੱਪਚਾਪ ਟੇਕਸਟ ਮੈਸਜ, ਕਾਲ, ਜੀਪੀਐਸ ਲੋਕੇਸ਼ਨ, ਖੋਲੀ ਗਈ ਵੈਬਸਾਈਟ, ਜੋੜੇ ਗਏ ਜਾਂ ਸਰਚ ਕੀਤੇ ਗਏ ਫੋਨ ਨੰਬਰ ਤੱਕ ਰਿਕਾਰਡ ਕਰ ਲੈਂਦਾ ਹੈ। ਇੱਥੋਂ ਤੱਕ ਕਿ ਡਿਲੀਟ ਕੀਤੇ ਹੋਏ ਆਈਮੇਲ ਅਤੇ ਟੈਕਸਟ ਮੈਸਜ਼ ਵੀ ਲੱਭੇ ਜਾ ਸਕਦੇ ਹਨ। ਇਹ ਐਪਲੀਕੇਸ਼ਨ ਇਸਦੇ ਬਾਅਦ ਇਹ ਸਾਰੀ ਜਾਣਕਾਰੀ ਸਿੱਧੀ ਤੁਹਾਡੇ ਕੋਲ ਈ-ਮੇਲ ਕਰ ਦੇਵੇਗਾ। ਜਿਸਨੂੰ ਤੁਸੀਂ ਆਪਣੇ ਸਮਾਰਟਫੋਨ ਜਾਂ ਕੰਪਿਊਟਰ ਉਪਰ ਪੜ੍ਹ ਸਕੋਗੇ। ਇਸ ਐਪਲੀਕੇਸ਼ਨ ਦਾ ਇੱਕ ਹੋਰ ਜ਼ਬਰਦਸਤ ਫਾਈਦਾ ਹੈ ਸਪਾਈ ਕਾਲ। ਇਸ ਨੂੰ ਚਲਾ ਦੇਣ ਤੋਂ ਬਾਅਦ ਜੇਕਰ ਤੁਹਾਡੇ ਪਾਰਟਨਰ ਜਾਂ ਬੱਚੇ ਦੇ ਮੋਬਾਇਲ ਉਪਰ ਕਾਲ ਕਰੋਗੇ ਤਾਂ ਤੁਸੀਂ ਉਨ੍ਹਾਂ ਦੇ ਆਲੇ-ਦੁਆਲੇ ਹੋਣ ਵਾਲੀ ਗੱਲਬਾਤ ਨੂੰ ਸੁਣ ਸਕੋਗੇ।

ਇਹ ਸਾਫਟਵੇਅਰ ਲਗਭਗ 2000 ਰੁਪਏ ਦਾ ਹੈ ਅਤੇ ਕਿਸੇ ਵੀ ਸਮਾਰਟਫੋਨ ਵਿੱਚ ਇਸਤੇਮਾਲ ਕੀਤਾ ਜਾ ਸਕਦਾ ਹੈ। ਹਰ ਵਾਰ ਜਦੋਂ ਫੋਨ ਖੋਲ੍ਹਿਆ ਜਾਵੇਗਾ ਇਹ ਫੋਨ ’ਤੇ ਚਾਲੂ ਹੋ ਜਾਵੇਗਾ। ਇਹ ਖੁਦ ਲੁਕਿਆ ਹੋਇਆ ਰਹਿੰਦਾ ਹੈ ਅਤੇ ਦਿਖਾਈ ਨਹੀਂ ਦਿੰਦਾ।

ਫਾਇਦੇ ਦੀ ਗੱਲ ਹੈ ਕਿ ਇਸ ਐਸਐਸ ਵਰਡ ਦੇ ਨਾਲ ਇੰਨਬਲਿਡ ਕਰਕੇ ਵੇਚਿਆ ਜਾ ਰਿਹਾ ਹੈ, ਜੋ ਪਹਿਲਾਂ ਹੀ ਲੋਕਾਂ ਦੀ ਪਹਿਲੀ ਪਸੰਦ ਬਣ ਚੁਕਿਆ ਹੈ। ਤੁਸੀਂ ਆਪਣੇ ਆਈਪੈਡ, ਸਮਾਰਟਫੋਨ ਜਾਂ ਪੀਸੀ ਤੇ ਵੀ ਇਸ ਟੂਲਬਾਰ ਦਾ ਇਸਤੇਮਾਲ ਕਰ ਸਕਦੇ ਹੋ। ਇਹ ਬਦਲਾਅ ਦੀ ਰਣਨੀਤੀ ਹੈ। ਇਸਦੇ ਨਾਲ ਯੂਜਰ ਪੂਰੀ ਤਰ੍ਹਾਂ ਗੂਗਲ ਦੇ ਐਪਲੀਕੇਸ਼ਨ ਅਪਣਾ ਸਕਦੇ ਹਨ ਅਤੇ ਉਨ੍ਹਾਂ ਨੂੰ ਮਾਈਕ੍ਰੋਸੋਫਟ ਅਤੇ ਗੂਗਲ ਯਾਨੀ ਦੋ ਪ੍ਰੋਗਰਾਮਾਂ ਦੇ ਲਈ ਭੁਗਤਾਨ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ।'

## ● ਅਣਚਾਹੇ ਐਸ. ਐਮ. ਐਸ. ਤੋਂ ਛੁਟਕਾਰਾ




ਕਈ ਵਾਰ ਕੰਮ ਕਰਦੇ ਸਮੇਂ ਅਚਾਨਕ ਫ਼ੋਨ 'ਤੇ ਐਸ. ਐਮ. ਐਸ. ਆਉਣ ਦੀ ਘੰਟੀ ਵੱਜਦੀ ਹੈ ਅਤੇ ਜਦੋਂ ਤੁਸੀਂ ਇਸ ਨੂੰ ਖੋਲ੍ਹ ਕੇ ਪੜ੍ਹਣ ਦੀ ਕੋਸ਼ਿਸ਼ ਕਰਦੇ ਹੋ ਤਾਂ ਤੁਹਾਨੂੰ ਪਤਾ ਲੱਗਦਾ ਹੈ ਕਿ ਇਹ ਕੋਈ ਅਜਿਹਾ ਵਿਗਿਆਪਨ ਹੈ, ਜਿਸਦੀ ਤੁਹਾਨੂੰ ਕੋਈ ਜ਼ਰੂਰਤ ਨਹੀਂ, ਹੁਣ ਇਸ ਤੋਂ ਛੁਟਕਾਰਾ ਪਾਉਣਾ ਬਹੁਤ ਸੌਖਾ ਹੈ।

ਆਈ. ਆਈ. ਟੀ. ਦਿੱਲੀ ਨੇ ਲੋਕਾਂ ਨੂੰ ਇਸ ਮੁਸੀਬਤ ਤੋਂ ਛੁਟਕਾਰਾ ਦਿਵਾਉਣ ਲਈ ਇੱਕ ਨਵਾਂ ਸਾਫ਼ਟਵੇਅਰ ਤਿਆਰ ਕੀਤਾ ਹੈ। ਐਸ. ਐਮ. ਐਸ. ਐਸਾਸਿਨ ਨਾਮ ਦਾ ਇਹ ਸਾਫ਼ਟਵੇਅਰ ਤੁਹਾਡੇ ਮੋਬਾਇਲ 'ਤੇ ਆਉਣ ਵਾਲੇ ਅਣਚਾਹੇ ਐਸ. ਐਮ. ਐਸ. ਨੂੰ ਰੋਕ ਦੇਵੇਗਾ। ਇਸ ਸਾਫ਼ਟਵੇਅਰ ਨੂੰ ਤਿਆਰ ਕਰਨ ਵਾਲੇ ਪ੍ਰੋ. ਪੀ. ਕੁਮਾਰਗੁਰੂ ਨੇ ਦੱਸਿਆ ਕਿ, "ਇਹ ਸਾਫ਼ਟਵੇਅਰ ਖੁਦ ਹੀ ਬੇਕਾਰ ਜਿਹੇ ਐਸ. ਐਮ. ਐਸ. ਛਾਂਟ ਲੈਂਦਾ ਹੈ। ਇਸ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਸਪੈਮ ਵਾਲੇ ਐਸ. ਐਮ. ਐਸ. ਤੁਹਾਡੇ ਫ਼ੋਨ ਤੱਕ ਪਹੁੰਚਣ ਤੋਂ ਰੋਕ ਦਿੱਤੇ ਜਾਣਗੇ। ਨਾਲ ਹੀ ਅਜਿਹੇ ਐਸ. ਐਮ. ਐਸ. ਤੁਹਾਡੇ ਫ਼ੋਨ ਤੱਕ ਪਹੁੰਚਣ 'ਚ ਕਾਮਯਾਬ ਹੋ ਜਾਣਗੇ।

ਖਾਸ ਤੌਰ 'ਤੇ ਅਜਿਹੀਆਂ ਕੰਪਨੀਆਂ ਬਣ ਗਈਆਂ ਹਨ, ਜੋ ਐਸ. ਐਮ. ਐਸ. ਦੇ ਜ਼ਰੀਏ ਵਿਗਿਆਪਨ ਕਰਨ ਦਾ ਕਰਾਰ ਲੈਂਦੀਆਂ ਹਨ। ਮਹਿਜ 3,500 ਰੁਪਏ ਖਰਚ ਕਰਕੇ ਕੋਈ ਵੀ ਸ਼ਖ਼ਸ ਇੱਕ ਲੱਖ ਲੋਕਾਂ ਨੂੰ ਐਸ. ਐਮ. ਐਸ. ਕਰ ਸਕਦਾ ਹੈ। ਅੰਕੜਿਆਂ ਦੇ ਮੁਤਾਬਿਕ ਭਾਰਤ 'ਚ ਹਰ ਰੋਜ਼ 10 ਕਰੋੜ ਐਸ. ਐਮ. ਐਸ. ਭੇਜੇ ਜਾਂਦੇ ਹਨ। ਵਿਗਿਆਪਨ ਵਾਲੇ ਐਸ. ਐਮ. ਐਸ. ਦੀ ਵਧਦੀ ਇਸ ਤਦਾਦ ਨੇ ਹੀ ਇਸ ਤੋਂ ਬਚਣ ਲਈ ਉਪਾਅ ਤਿਆਰ ਕਰਨ ਲਈ ਮਜ਼ਬੂਰ ਕੀਤਾ।

ਪ੍ਰੋ. ਕੁਮਾਰਗੁਰੂ ਨੇ ਦੱਸਿਆ ਕਿ ਕਿਹੜਾ ਐਸ. ਐਮ. ਐਸ. ਸਪੈਮ ਹੈ, ਇਹ ਅਲੱਗ ਅਲੱਗ ਲੋਕਾਂ ਦੇ ਹਿਸਾਬ ਨਾਲ ਤੈਅ ਹੁੰਦਾ ਹੈ। ਇਹ ਉਦਾਹਰਣ ਦੇ ਕੇ ਸਮਝਾਉਂਦੇ ਹਨ, "ਆਮ ਤੌਰ 'ਤੇ ਲੜਕੀਆਂ ਦੀ ਦਿਲਚਸਪੀ ਤਿਉਹਾਰਾਂ ਦੇ ਇਸ਼ਤਿਹਾਰਾਂ 'ਚ, ਸੁੰਦਰਤਾ ਵਿਗਿਆਪਨ ਅਤੇ ਖਾਣ ਪੀਣ ਦੇ ਵਿਗਿਆਪਨਾਂ 'ਚ ਹੁੰਦੀ ਹੈ। ਲੜਕਿਆਂ ਦੀ ਦਿਲਚਸਪੀ ਖੇਡ, ਕਾਰੋਬਾਰ, ਨੌਕਰੀ, ਪੜ੍ਹਾਈ ਅਤੇ ਸਮਾਜਿਕ ਮੇਲ ਜੋਲ ਕਰਨ ਵਾਲੇ ਵਿਗਿਆਪਣਾਂ 'ਚ ਹੁੰਦੀ ਹੈ।

ਵਿਗਿਆਪਣ ਵਾਲੇ ਆਪਣਾ ਕੀਬੋਰਡ ਲਗਾਤਾਰ ਬਦਲਦੇ ਰਹਿੰਦੇ ਹਨ, ਇਸ ਲਈ ਇਹ ਸਮਝਣ 'ਚ ਪਰੇਸ਼ਾਨੀ ਹੁੰਦੀ ਹੈ ਕਿ ਐਸ. ਐਮ. ਐਸ. ਆਇਆ ਕਿੱਥੋਂ ਹੈ, ਸਾਫ਼ਟਵੇਅਰ ਤਿਆਰ ਕਰਨ ਵਾਲਿਆਂ ਨੇ ਇਸ ਗੱਲ ਦਾ ਵੀ ਧਿਆਨ ਰੱਖਿਆ ਹੈ ਅਤੇ ਇਹ ਖੁਦ ਨੂੰ ਲਗਾਤਾਰ ਅਪਡੇਟ ਕਰਦਾ ਰਹਿੰਦਾ ਹੈ, ਫਿਲਹਾਲ ਨੋਕੀਆ ਦੇ ਸਿਮਬੀਅਨ ਤਕਨੀਕ ਵਾਲੇ ਫ਼ੋਨ 'ਤੇ ਇਸ ਨੂੰ ਸਫ਼ਲਤਾ ਪੂਰਵਕ ਅਜਮਾਇਆ ਗਿਆ ਹੈ। ਜਲਦੀ ਹੀ ਵਿੰਡੋਜ਼ ਵਾਲੇ ਮੋਬਾਇਲ ਦੇ ਲਈ ਇਸ ਸਾਫ਼ਟਵੇਅਰ ਨੂੰ ਤਿਆਰ ਕਰ ਲਿਆ ਜਾਵੇਗਾ।

## ● ਵਿਗਿਆਨਕਾਂ ਨੇ ਬਣਾਇਆ ਦੁਨੀਆਂ ਦਾ ਸਭ ਤੋਂ ਛੋਟਾ ਕੰਪਿਊਟਰ

ਵਿਗਿਆਨਕਾਂ ਨੇ ਦੁਨੀਆਂ ਦੇ ਸਭ ਤੋਂ ਛੋਟੇ ਕੰਪਿਊਟਰ ਨੂੰ ਬਣਾਉਣ ਦਾ ਦਾਅਵਾ ਕੀਤਾ ਹੈ, ਜਿਸਦਾ ਆਕਾਰ ਇਕ ਵਰਗ ਮਿਲੀਮੀਟਰ ਹੈ ਅਤੇ ਇਸ ਨੂੰ ਕਿਸੇ ਦੀ ਵੀ ਅੱਖ ਦੀ ਪੁਤਲੀ ਵਿੱਚ ਵੀ ਫਿੱਟ ਕੀਤਾ ਜਾ ਸਕਦਾ ਹੈ। ਇਸ ਛੋਟੇ ਜਿਹੇ ਉਪਕਰਣ ਨੂੰ ਅੱਖ ਵਿੱਚ ਫਿੱਟ ਕਰਕੇ ਅੱਖਾਂ ਦੇ ਰੋਗਾਂ ਦਾ ਇਲਾਜ ਕੀਤਾ ਜਾ ਸਕਦਾ ਹੈ।

ਇਹ ਕੰਪਿਊਟਰ ਦੇਖਣ ਵਿਚ ਭਾਵੇਂ ਛੋਟਾ ਹੈ ਪਰ ਇਸ ਵਿੱਚ ਮੈਮਰੀ, ਪ੍ਰੋਸੈਸਰ, ਸੈਂਸਰ ਅਤੇ ਇਕ ਪਤਲੀ ਬੈਟਰੀ ਤਹਿਤ ਕਈ ਉਪਕਰਣ ਮੌਜੂਦ ਹਨ। ਸੋਧਕਰਤਾਵਾਂ ਦਾ ਕਹਿਣਾ ਹੈ ਕਿ ਇਸ ਵਿੱਚ ਸੋਲਰ ਸੇਲ ਅਤੇ ਵਾਇਰਲੇਸ ਰੇਡੀਓ ਅਤੇ ਇੱਕ ਅਨਟੀਨਾ ਵੀ ਹੈ, ਜਿਸਦੀ ਸਹਾਇਤਾ ਨਾਲ ਇੱਕ ਬਾਹਰੀ ਰੀਡਰ ਉਪਕਰਣ ਨੂੰ ਸੂਚਨਾਵਾਂ ਭੇਜੀਆਂ ਜਾ ਸਕਦੀਆਂ ਹਨ।



# ਆਈਪੈਡ-2 ਆ ਰਿਹਾ ਹੈ ਬਾਜ਼ਾਰ 'ਚ

ਐਪਲ ਦਾ ਟੈਬਲੈਟ ਕੰਪਿਊਟਰ ਆਈਪੈਡ-2 ਹੁਣ ਬਾਜ਼ਾਰ 'ਚ ਆ ਗਿਆ ਹੈ, ਟੱਚ ਸਕਰੀਨ ਟੈਬਲੈਟ ਕੰਪਿਊਟਰ ਦੇ ਬਾਜ਼ਾਰ 'ਤੇ ਐਪਲ ਕੰਪਨੀ ਦੀ ਨਜ਼ਰ, ਆਈਪੈਡ ਦੇ ਮੂਲ ਸੰਸਕਰਣ ਦੀ ਤੁਲਨਾ 'ਚ ਕਾਫ਼ੀ ਬਦਲਾਅ ਕੀਤੇ ਹਨ। ਇਸਦੀ ਕੀਮਤ 499 ਡਾਲਰ ਤੋਂ ਲੈ ਕੇ 829 ਡਾਲਰ ਤੱਕ ਹੈ।

ਆਈਪੈਡ-2 ਦੇ ਲਈ ਐਪਲ ਓਨਲਾਈਨ ਬੁਕਿੰਗ ਕਰ ਰਿਹਾ ਹੈ, ਐਪਲ ਦੇ ਚੀਫ਼ ਐਗਜ਼ੀਕਿਊਟਿਵ ਸਟੀਵ ਜਾਬਸ ਨੇ ਪਿਛਲੇ ਹਫ਼ਤੇ ਇਸ ਨੂੰ ਦੁਨੀਆਂ ਦੇ ਸਾਹਮਣੇ ਪੇਸ਼ ਕੀਤਾ, ਹੁਣ ਇਹ ਅਮਰੀਕਾ ਦੀਆਂ 236 ਦੁਕਾਨਾਂ 'ਚੋਂ ਆਪਣੀ ਮੌਜੂਦਗੀ ਦਾ ਅਹਿਸਾਸ ਕਰਾਉਣ ਅਤੇ ਗਾਹਕਾਂ ਦੀ ਜੇਬ ਢਿੱਲੀ ਕਰਨ ਲਈ ਤਿਆਰ ਹੈ ਆਈਪੈਡ ਦੀ ਤੁਲਨਾ 'ਚ ਦੂਸਰਾ ਸੰਸਕਰਣ ਇਕ ਤਿਹਾਈ ਪਤਲਾ ਹੈ, ਅਤੇ ਪੁਰਾਣੇ ਵਰਜਨ ਦੀ ਤੁਲਨਾ 'ਚ ਜਲਦੀ ਕੰਮ ਕਰਦਾ ਹੈ, ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਤਸਵੀਰ ਖਿੱਚਣ, ਵੀਡਿਓ ਬਣਾਉਣ 'ਚ ਹੁਣ ਮੁਸ਼ਕਿਲਾਂ ਨਹੀਂ ਆਉਂਦੀਆਂ।

ਆਈਪੈਡ ਇੱਕ ਅਜਿਹਾ ਟੈਬਲੈਟ ਕੰਪਿਊਟਰ ਹੈ, ਜਿਸ ਨੂੰ ਐਪਲ ਕੰਪਨੀ ਨੇ ਆਡੀਓ ਵਿਜ਼ੂਅਲ ਮੀਡੀਆ, ਕਿਤਾਬਾਂ, ਫ਼ਿਲਮਾਂ, ਸੰਗੀਤ, ਖੇਡ ਅਤੇ ਹੋਰ ਸਮੱਗਰੀਆਂ ਨੂੰ ਦੇਖਣ ਪੜ੍ਹਣ ਦੇ ਲਈ ਤਿਆਰ ਕੀਤਾ ਹੈ, ਇਸਦਾ ਅਕਾਰ ਅਤੇ ਵਜ਼ਨ ਮੌਜੂਦਾ ਸਮਾਰਟਫ਼ੋਨ ਅਤੇ ਲੈਪਟਾਪ ਦੇ ਵਿਚਕਾਰ ਦਾ ਹੈ, ਟੈਬਲੈਟ ਕੰਪਿਊਟਰ ਪਰਸਨਲ ਮੋਬਾਇਲ ਕੰਪਿਊਟਰ ਆਉਂਦੇ ਹਨ, ਜੋ ਮੋਬਾਇਲ ਫ਼ੋਨ ਤੋਂ ਵੱਡੇ ਹੁੰਦੇ ਹਨ ਅਤੇ ਫਲੈਟ ਟੱਚ ਸਕਰੀਨ ਨਾਲ ਜੁੜੇ ਹੁੰਦੇ ਹਨ, ਇਨ੍ਹਾਂ ਨੂੰ ਸਕਰੀਨ 'ਤੇ ਟੱਚ ਕਰਕੇ ਚਲਾਇਆ ਜਾ ਸਕਦਾ ਹੈ।

ਐਪਲ ਕੰਪਨੀ ਨੇ ਪਿਛਲੇ ਸਾਲ ਡੇਢ ਕਰੋੜ ਆਈਪੈਡ ਵੇਚੇ, ਜਿਸ ਨਾਲ ਉਨ੍ਹਾਂ ਨੂੰ 10 ਅਰਬ ਡਾਲਰ ਦਾ ਫ਼ਾਇਦਾ ਹੋਇਆ ਅਤੇ ਗਾਹਕਾਂ ਦੇ ਲਈ ਇਲੈਕਟ੍ਰੋਨਿਕ ਡਿਵਾਈਸ ਦੇ ਮਾਮਲੇ 'ਚ ਇੱਕ ਨਵਾਂ ਬਾਜ਼ਾਰ ਖੁੱਲ ਗਿਆ, ਦਰਜਨਾਂ ਕੰਪਨੀਆਂ ਹੁਣ ਬਾਜ਼ਾਰ 'ਚ ਆਪਣਾ ਟੱਚ ਸਕਰੀਨ ਟੈਬਲੈਟ ਲਿਆਉਣ ਦੇ ਲਈ ਕਾਹਲੀ ਕਰ ਰਹੀਆਂ ਹਨ।

ਪਰ ਦੱਖਣੀ ਕੋਰੀਆ ਦੀ ਸੈਮਸੰਗ ਕੰਪਨੀ ਦੀ ਗਲੈਕਸੀ ਨੂੰ ਛੱਡ ਦੇਈਏ ਤਾਂ ਹੋਰ ਟੈਬਲੈਟ ਕੰਪਨੀਆਂ ਨੂੰ ਜ਼ਿਆਦਾਤਰ ਸਫ਼ਲਤਾ ਨਹੀਂ ਮਿਲੀ ਹੈ, ਤਕਨੀਕ ਦੇ ਖੇਤਰ 'ਚ ਰਿਸਰਚ ਕਰਨ ਵਾਲੀ ਫਰਮ ਗਾਰਟਨਰ ਨੇ ਅਨੁਮਾਨ ਲਗਾਇਆ ਹੈ ਕਿ ਇਸ ਸਾਲ ਦੁਨੀਆਂ ਭਰ 'ਚ 5 ਕਰੋੜ 50 ਲੱਖ ਤੋਂ ਜ਼ਿਆਦਾ ਟੈਬਲੈਟ ਦੀ ਵਿਕਰੀ ਹੋਵੇਗੀ।

ਵਾਲ ਸਟਰੀਟ ਜਰਨਲ ਅਤੇ ਨਿਊਯਾਰਕ ਟਾਈਮਜ਼ ਵਰਗੇ ਵੱਡੇ ਅਖ਼ਬਾਰਾਂ 'ਚ ਆਈਪੈਡ-2 ਨੂੰ ਵਧੀਆ ਦਰਸਾਇਆ ਗਿਆ ਹੈ ਅਤੇ ਇਸ ਮਹੌਲ 'ਚ ਹੀ ਉਸ ਨੂੰ ਬਾਜ਼ਾਰ 'ਚ ਲਿਆਉਣ ਦੀ ਤਿਆਰੀ 'ਚ ਹਨ। ਵਾਲ ਸਟਰੀਟ ਜਰਨਲ ਦੇ ਵਾਲਟਰ ਮੁਸਬਰਗ ਨੇ ਦੱਸਿਆ, "ਪਹਿਲੇ ਮਾਡਲ ਦੀ ਤਰ੍ਹਾਂ ਕ੍ਰਾਂਤੀਕਾਰੀ ਹੋਣ ਦੀ ਵਜ੍ਹਾ ਇਹ ਚਰਣਬੱਧ ਸੁਧਾਰ ਦਾ ਪ੍ਰਤੀਕ ਹੈ, "ਮੋਸਬਰਗ ਦੇ ਮੁਤਾਬਿਕ ਆਈਪੈਡ-2 ਟੈਬਲੈਟ ਨੂੰ ਰੇਸ 'ਚ ਘੱਟ ਤੋਂ ਘੱਟ ਹੁਣ ਤੱਕ ਕੁਝ ਸਮੇਂ ਤੱਕ ਐਪਲ ਨੂੰ ਅੱਗੇ ਰੱਖਣਗੇ।

ਮਾਸਬਰਗ ਦੀ ਸਲਾਹ ਹੈ ਕਿ ਜੋ ਲੋਕ ਪਹਿਲਾਂ ਤੋਂ ਆਈਪੈਡ ਦਾ ਇਸਤੇਮਾਲ ਕਰ ਰਹੇ ਹਨ, ਉਨ੍ਹਾਂ ਦੇ ਲਈ ਜ਼ਰੂਰੀ ਨਹੀਂ ਹੈ ਕਿ ਉਹ ਨਵਾਂ ਵਰਜਨ ਖਰੀਦਣ। ਐਪਲ ਆਈਪੈਡ-2 ਨੂੰ ਫਿਲਹਾਲ ਆਈਪੈਡ ਦੇ ਅਸਲੀ ਵਰਜਨ ਦੀ ਕੀਮਤ ਤੇ ਵੇਚ ਰਿਹਾ ਹੈ। ਇਸਦੀ ਕੀਮਤ 499 ਡਾਲਰ ਤੋਂ ਲੈ ਕੇ 829 ਡਾਲਰ ਤੱਕ ਹੈ, 25 ਮਾਰਚ ਤੋਂ ਆਈਪੈਡ-2 ਆਸਟਰੇਲੀਆ, ਬੈਲਜੀਅਮ, ਬ੍ਰਿਟੇਨ, ਕੈਨੇਡਾ, ਡੈਨਮਾਰਕ, ਫਿਨਲੈਂਡ, ਫਰਾਂਸ, ਜਰਮਨੀ, ਗਰੀਸ, ਹੰਗਰੀ, ਆਈਸਲੈਂਡ, ਆਇਰਲੈਂਡ, ਇਟਲੀ, ਜਪਾਨ, ਮੈਕਸੀਕੋ ਨੀਦਰਲੈਂਡ, ਨਿਊਜ਼ੀਲੈਂਡ, ਪੋਲੈਂਡ, ਪੁਰਤਗਾਲ, ਸਪੇਨ, ਸਵੀਡਨ ਅਤੇ ਸਵਿਟਜ਼ਰਲੈਂਡ 'ਚ ਉਪਲਬਧ ਹੋਵੇਗਾ।










ਵਿਗਿਆਨ ਜੋਤ ਦਾ ਫਰਵਰੀ-ਮਾਰਚ ਅੰਕ ਪੜ੍ਹਿਆ। ਬਾਕੀ ਮੈਟਰ ਤਾਂ ਰੁਟੀਨ ਵਾਲਾ ਅਤੇ ਸਾਧਾਰਨ ਸੀ ਪਰ ਰਾਜਾ ਰਾਮ ਹੰਡਿਆਇਆ ਦਾ ਲੇਖ 'ਤਰਕਸ਼ੀਲਤਾ ਕਿਉਂ ਜਰੂਰੀ ਹੈ' ਇਸ ਰਸਾਲੇ ਦਾ ਹਾਸਲ ਕਿਹਾ ਜਾ ਸਕਦਾ ਹੈ। ਸਪੋਕਸਮੈਨ ਦੀ ਸੰਪਾਦਕੀ 'ਪਾਕਿਸਤਾਨੀ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਲਈ ਸ਼ਰਧਾ ਦੇ ਦੋ ਫੁੱਲ' ਛਾਪ ਕੇ ਵੀ ਬਹੁਤ ਚੰਗਾ ਕੀਤਾ। ਇੱਕ ਤਰ੍ਹਾਂ ਨਾਲ ਇਹ ਅਦਾਰਾ 'ਵਿਗਿਆਨ ਜੋਤ' ਵੱਲੋਂ ਵੀ ਮਨੁੱਖਤਾਵਾਦੀ ਸਲਮਾਨ ਤਾਸੀਰ ਲਈ 'ਹਾਅ ਦਾ ਨਾਅਰਾ' ਮਾਰਨ ਦੇ ਬਰਾਬਰ ਸੀ। ਪਿਛਾਖੜੀ ਧਰਮਾਂ ਅਤੇ ਕੱਟੜਤਾ ਦਾ ਚੋਲੀ-ਦਾਮਨ ਜਿਹਾ ਰਿਸਤਾ ਹੀ ਹੈ। ਇਸ ਕੱਟੜਤਾ ਦੀ ਬਲੀ, ਤਰਕਸ਼ੀਲ ਸੁਸਾਇਟੀ ਦੀ ਵੈੱਬਸਾਈਟ ਚੜ੍ਹੀ ਹੈ। ਕੇਹੀ ਵਿਡੰਬਨਾ ਹੈ ਕਿ ਮੌਲਾਣਿਆਂ ਨੇ ਗਿਆਨ ਅਤੇ ਸ਼ਬਦਾਂ ਦੀ ਤਾਕਤ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਹੈ।

ਅਗਾਂਹਵਧੂ ਧਾਰਨਾ ਦੇ ਸਾਰੇ ਹਾਮੀਆਂ ਅਤੇ ਵਿਗਿਆਨਕ ਸੋਚ ਰੱਖਣ ਵਾਲੇ ਹਰ ਬਸਰ ਨੂੰ ਚਾਹੀਦਾ ਹੈ ਕਿ ਉਹ ਵਿਗਿਆਨਕ ਸੋਚ 'ਤੇ ਪਾਬੰਦੀ ਦਾ ਵਿਰੋਧ ਕਰੇ ਅਤੇ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਕਾਲੇ ਕਾਨੂੰਨਾਂ ਦੀ ਭਰਪੂਰ ਨਿਖੇਧੀ ਕਰੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੱਚ ਦੇ ਹਾਮੀਆਂ ਨੂੰ ਸਮੇਂ ਦੇ ਜਾਬਰਾਂ ਅਤੇ ਪਿਛਾਖੜੀ ਤਾਕਤਾਂ ਵਲੋਂ ਹਮੇਸ਼ਾਂ ਤਸੀਹੇ ਝੱਲਣੇ ਪਏ ਹਨ ਪਰ ਇਸਦਾ ਮਤਲਬ ਇਹ ਵੀ ਨਹੀਂ ਕਿ ਅਸੀਂ ਸਭ ਕੁਝ ਚੁੱਪਚਾਪ ਸਹਿੰਦੇ ਜਾਈਏ ਅਤੇ ਚੂੰ ਤੱਕ ਨਾ ਕਰੀਏ। ਸਾਨੂੰ ਚਾਹੀਦਾ ਹੈ ਕਿ ਅਸੀਂ ਜਿਸ ਤਰ੍ਹਾਂ ਵੀ ਸੰਭਵ ਹੋਵੇ, ਹੱਕ-ਸੱਚ ਅਤੇ ਲੋਕ-ਲਹਿਰ ਨੂੰ ਸਪੋਟ ਕਰੀਏ। ਸਿਰਫ ਕਹਿਣ ਲਈ ਹੀ ਨਹੀਂ ਸਗੋਂ ਅਸਲੀ ਤੌਰ 'ਤੇ ਵੀ ਤਰਕਸ਼ੀਲ ਬਣਨ ਦੀ ਜ਼ਰੂਰਤ ਹੈ।

ਅਬ ਅੰਧੇਰੇ ਤੋਂ ਬਹੁਤ ਸਰ ਪੇ ਚੜ੍ਹੇ ਆਤੇ ਹੈਂ
ਅਬ ਚਿਰਾਗੋਂ ਮੇਂ ਲਹੂ ਆਪਨਾ ਜਲਾ ਦੇਨਾ ਚਾਹੀਏ।

- ਐਸ. ਪੀ. ਸਿੰਘ,
ਨੇੜੇ ਪੁਰਾਣਾ ਕਿਲ੍ਹਾ, ਬੁਢਲਾਡਾ (ਮਾਨਸਾ)

-o-

ਸਤਿਕਾਰਯੋਗ ਸੰਪਾਦਕ ਜੀ,

ਮੈਗਜੀਨ ਦਾ ਸਾਰਾ ਮੈਟਰ ਬਹੁਤ ਹੀ ਵਧੀਆ, ਜਾਣਕਾਰੀ ਭਰਪੂਰ ਹੁੰਦਾ ਹੈ ਤੇ ਅੱਜ ਦੇ ਵਿਗਿਆਨਕ ਯੁੱਗ ਵਿੱਚ ਇਸ ਦੇ ਯੁੱਗ ਦੇ ਮੇਚ ਦਾ ਹੁੰਦਾ ਹੈ। ਪਿਛਲੇ ਦੋ-ਤਿੰਨ ਅੰਕਾਂ ਵਿੱਚ ਜੋ ਤੁਸਾਂ ਪੇਪਰ ਉਪਰ ਸਕੈਚ ਵਰਕ ਕਰ ਦਿੰਦੇ ਹੋ, ਉਸ ਨਾਲ ਕਾਫੀ ਅੱਖਰ ਨੀਚੇ ਦੱਬ ਜਾਂਦੇ ਨੇ। ਇਸ ਨੂੰ ਰੋਕਣ ਲਈ ਕੋਈ ਹੋਰ ਤਕਨੀਕ ਵਰਤਣ ਦੀ ਖੇਚਲ ਕਰਨਾ।

- ਮੰਗਤ ਕੁਲਦੀਪ, ਮੋ :- 94177-53892

-o-

ਸਨਮਾਨ ਯੋਗ ਮਿੱਤਰ ਅੰਕਲ ਜੀ,

ਆਪ ਜੀ ਵਲੋਂ ਪ੍ਰਕਾਸ਼ਿਤ ਬਹੁਤ ਸਾਰੀਆਂ ਪੁਸਤਕਾਂ ਪੜ੍ਹੀਆਂ। ਆਪ ਨੇ ਪੰਜਾਬ ਨੂੰ ਇੱਕ ਨਵੀਂ ਸੇਧ ਦੇਣ ਲਈ "ਰੈਸ਼ਨਲਿਸਟ ਸੁਸਾਇਟੀ" ਪੰਜਾਬ ਵਿੱਚ ਸਥਾਪਿਤ ਕੀਤੀ ਜੋ ਕਿ ਬਹੁਤ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ। ਅੰਕਲ ਜੀ ਮੈਂ ਆਪ ਨੂੰ ਇਕ ਵਾਰ ਜ਼ਰੂਰ ਮਿਲਣਾ ਚਾਹੁੰਦੀ ਹਾਂ। ਪਤਾ ਨਹੀਂ ਕਦੇ ਮੌਕਾ ਮਿਲੇ ਜਾਂ ਨਾ, ਇਸ ਲਈ ਮੈਂ ਆਪ ਨੂੰ ਇਹ ਪਹਿਲਾ ਖਤ ਭੇਜ ਰਹੀ ਹਾਂ। ਮੈਨੂੰ ਆਪ ਜੀ ਵਲੋਂ ਪ੍ਰਕਾਸ਼ਿਤ ਕੀਤੀਆਂ ਕਿਤਾਬਾਂ ਪੜ੍ਹ ਕੇ ਬਹੁਤ ਚੰਗਾ ਲੱਗਦਾ ਹੈ। ਜਿਸਨੂੰ ਪੜ੍ਹ ਕੇ ਮੈਂ ਨਵੇਂ-2 ਤਜ਼ਰਬੇ ਸਿੱਖੇ, ਜਿੰਨ੍ਹਾਂ ਨੇ ਮੇਰੀ ਜ਼ਿੰਦਗੀ ਨੂੰ ਇਕਦਮ ਬਦਲ ਦਿੱਤਾ। ਅੱਜ ਦੀ ਨੌਜਵਾਨ ਪੀੜ੍ਹੀ ਜੋ ਨਸ਼ਿਆਂ, ਮੋਬਾਇਲਾਂ ਅਤੇ ਸਾਧਾ ਸੰਤਾਂ ਵਿੱਚ ਆਪਣਾ ਸਮਾਂ ਬਰਬਾਦ ਕਰ ਰਹੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਹ ਕਿਤਾਬਾਂ ਅਤੇ 'ਵਿਗਿਆਨ ਜੋਤ' ਮੈਗਜ਼ੀਨ ਪੜ੍ਹਨ। ਜਿਸ ਵਿੱਚ ਜ਼ਿੰਦਗੀ ਦੀਆਂ ਸੱਚਾਈਆਂ ਬਾਰੇ ਦੱਸਿਆ ਜਾਂਦਾ ਹੈ। ਇੱਕ ਖਾਸੀਅਤ ਇਸ ਮੈਗਜ਼ੀਨ ਦਾ ਖਰਚਾ ਬਹੁਤ ਘੱਟ ਹੈ। ਜੋ ਕਿ ਹਰ ਵਿਅਕਤੀ ਪ੍ਰਾਪਤ ਕਰ ਸਕਦਾ ਹੈ। ਮੇਰੀ ਵੀ ਬਦਲਦੀ ਸੋਚ ਨੇ ਮੈਨੂੰ ਇਹ ਮੈਗਜੀਨ ਆਪਣੇ ਘਰ ਵਿੱਚ ਲਗਵਾਉਣ ਲਈ ਪ੍ਰੇਰਿਆ। ਲਿਖਣਾ ਤਾਂ ਹੋਰ ਵੀ ਬਹੁਤ ਕੁਝ ਹੈ ਪਰ ਸਮਝ ਨੀ ਆ ਰਿਹਾ ਕੀ ਲਿਖਾਂ ਅਤੇ ਕੀ ਨਾ ਲਿਖਾਂ।

ਧੰਨਵਾਦ ਸਹਿਤ,
- **ਦੀਪਸ਼ਿਖਾ ਸੂਦ**, ਤਪਾ।

-o-

ਮੇਘ ਰਾਜ ਮਿੱਤਰ ਜੀ,

ਬੇਨਤੀ ਹੈ ਕਿ ਮੈਂ ਕੈਮੀਕਲ ਇੰਜ: (ਡਿਪਲੋਮੇ) ਦਾ ਵਿਦਿਆਰਥੀ ਹਾਂ। ਇਸ ਪੱਤਰ ਰਾਹੀਂ ਮੈਂ ਤੁਹਾਡਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਤੁਹਾਡੀ ਵਜ੍ਹਾ ਨਾਲ ਹੀ ਮੈਂ ਇਕ 100% ਖਰ੍ਹਾ ਤਰਕਸ਼ੀਲ ਬਣਿਆ ਹਾਂ ਕੱਚ ਘਰੜ ਨਹੀਂ। ਪਿੰਡੋਂ ਦਸਵੀਂ ਕਰਨ ਉਪਰੰਤ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਤੋ ਹੀਰਾ ਸਿੰਘ ਵਿਖੇ ਦਾਖਲਾ ਲਿਆ। ਇਹ ਸਕੂਲ ਸਾਡੇ ਲਾਗਲੇ ਪਿੰਡਾਂ ਵਿੱਚ ਬਹੁਤ ਮਸ਼ਹੂਰ ਹੈ ਤੇ ਪੁਰਾਣਾ ਅੰਗਰੇਜ਼ਾਂ ਵੇਲੇ ਦਾ ਹੈ, ਗੱਲ ਹੁਣ ਤਰਕਸ਼ੀਲ ਬਣਨ ਦੀ ਹੈ, ਮੇਰੇ ਡੈਡੀ ਜੀ ਵੀ ਇੱਕ ਤਰਕਸ਼ੀਲ ਹਨ ਤੇ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਵੀ, ਉਹਨਾਂ ਨੇ ਇਹ ਸ਼ੌਕ ਮੇਰੇ ਵਿੱਚ ਜਗਾਇਆ ਪੱਤੋ ਸਕੂਲ ਦੀ ਲਾਇਬਰੇਰੀ ਬਹੁਤ ਵੱਡੀ ਹੈ। ਦੋ ਚਾਰ ਦਿਨ ਇਧਰ-ਉਧਰ ਦੀਆਂ ਕਿਤਾਬਾਂ ਪੜ੍ਹਨ ਤੋਂ ਬਾਅਦ ਅਚਾਨਕ ਤੁਹਾਡੀਆਂ ਲਿਖੀਆਂ ਕਿਤਾਬਾਂ ਮੈਂ ਦੇਖੀਆਂ ਤੇ ਉਸ ਦਿਨ ਤੋਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਪੜ੍ਹਾਈ ਦੇ ਨਾਲ-ਨਾਲ ਮੈਂ ਤੁਹਾਡੀਆਂ ਜਿੰਨੀਆਂ ਵੀ ਕਿਤਾਬਾਂ ਲਾਇਬਰੇਰੀ ਵਿਚ ਸਨ ਜਿਵੇਂ ਵਿਗਿਆਨ ਪਰਾ ਵਿਗਿਆਨ, ਵਿਗਿਆਨ ਜੋਤ, ਸੁਰਜੀਤ ਤਲਵਾਰ ਜੀ ਹੋਰਾਂ ਦੀਆਂ ਦੋ ਕਿਤਾਬਾਂ, ਡਾ. ਕਵੂਰ ਦੀ ਕਿਤਾਬ 'ਦੇਵ ਪੁਰਸ਼ ਹਾਰ ਗਏ' ਸਾਰੀਆਂ ਪੜ੍ਹੀਆਂ। ਤਰਕਸ਼ੀਲ ਦੀਆਂ ਕਿਤਾਬਾਂ ਲਾਇਬਰੇਰੀ ਵਿੱਚ ਏਨੀਆਂ ਹੀ ਸਨ, ਜੋ ਮੈਂ ਪੜ੍ਹੀਆਂ। ਇਹ ਸਾਰੀਆਂ ਕਿਤਾਬਾਂ ਪੜ੍ਹਨ ਨਾਲ ਮੇਰੇ ਦਿਮਾਗ ਵਿੱਚ ਸੱਚਮੁੱਚ ਹੀ ਵਿਗਿਆਨ ਦੀ ਜੋਤ ਜਗ ਪਈ। ਉਸੇ ਦਿਨ ਤੋਂ ਹੀ ਤੁਸੀ ਮੇਰੇ ਪਸੰਦੀਦੇ ਲਿਖਾਰੀ ਹੋ। ਜਿਹੜੀ ਗੱਲ ਬੜੇ ਸੌਖੇ ਤਰੀਕੇ ਨਾਲ ਲਿਖਦੇ ਹੋ, ਪੜ੍ਹਨ ਵਾਲਾ ਆਦਮੀ ਭੰਬਲ ਭੂਸੇ ਵਿੱਚ ਨਹੀਂ ਪੈਂਦਾ। ਸਚਮੁੱਚ ਮੈਂ ਤੁਹਾਡਾ ਬਹੁਤ ਦੀਵਾਨਾ ਹਾਂ। "ਕਿਆ ਲਿਖਣੀ ਹੈ ਯਾਰ"

ਬਹੁਤ ਜੀ ਕਰਦਾ ਹੈ ਕਿ ਤੁਹਾਡੀਆਂ 80 ਕਿਤਾਬਾਂ ਸਾਰੀਆਂ ਖਰੀਦ ਲਵਾਂ, ਰਸਾਲੇ ਘਰ ਮੰਗਵਾਂ ਕੇ ਪੜ੍ਹਾਂ। ਮੇਰੀ ਆਰਥਿਕ ਹਾਲਤ ਚੰਗੀ ਨਹੀਂ ਹੈ ਪਰ ਜਿੱਥੇ ਵੀ ਮੈਨੂੰ ਪੜ੍ਹਨ ਨੂੰ ਮਿਲੇ ਛੱਡਦਾ ਨਹੀਂ। ਪੜ੍ਹਨ ਦਾ ਸ਼ੌਕ ਬਹੁਤ ਜ਼ਿਆਦਾ ਹੈ।

ਤੁਸੀ ਮੇਰੇ ਦਿਮਾਗ ਵਿੱਚੋਂ ਬਹੁਤ ਹੀ ਘਟੀਆ ਕੂੜਾ-ਕਬਾੜ ਕੱਢ ਕੇ ਇੱਕ ਨਵੀਂ ਜੋਤ ਵਿਗਿਆਨ ਦੀ ਜਗਾਈ ਹੈ। ਜਿਸਦੇ ਕਰਕੇ ਮੈਂ ਆਪਣੇ ਆਪ ਨੂੰ ਕਿਸੇ ਤੋਂ ਘੱਟ ਨਹੀਂ ਸਮਝਦਾ। ਸਮਝ ਲਵੋਂ ਤੁਸੀਂ ਇਕ ਨਵਾਂ ਹਾਲੀ ਕੱਢ ਲਿਆ ਹੈ, ਜੋ ਹੁਣ ਹਰ ਗੱਲ ਤਰਕ ਨਾਲ ਸੋਚਦਾ ਹੈ, ਦੇਖੇ ਤੋਂ ਬਿਨਾਂ ਯਕੀਨ ਨਹੀਂ ਕਰਦਾ, ਨਰਕ-ਸੁਰਗ ਦੇ ਵਹਿਮ ਨੂੰ ਪਰ੍ਹਾਂ ਸੁੱਟਦਾ ਹੈ ਤੇ ਰੱਬ ਸ਼ਬਦ ਵਿੱਚ ਵਿਸ਼ਵਾਸ਼ ਨਹੀਂ ਕਰਦਾ। ਤੇ ਕਿਸੇ ਪਖੰਡੀ ਅੱਗੇ ਝੁਕਦਾ ਨਹੀਂ। ਸਾਡੇ ਪਿੰਡ ਦੇ ਲੋਕ ਤੇ ਸਾਡੇ ਰਿਸ਼ਤੇਦਾਰ ਮੇਰੇ ਤੋਂ ਸੜਦੇ ਹਨ ਕਿ ਇਹ ਬੰਦਾ ਬਹੁਤ ਮਾੜਾ ਹੈ, ਜਿਹੜਾ ਹਰ ਗੱਲ ਦਾ ਪੁੱਠਾ ਜਵਾਬ ਦਿੰਦਾ ਹੈ। ਰੱਬ ਨੂੰ ਨਹੀਂ ਮੰਨਦਾ ਹਾਲਾਂਕਿ ਮੈਂ ਹਰ ਜਵਾਬ ਦਲੀਲ ਨਾਲ ਦਿੰਦਾ ਹਾਂ।

ਮੈਨੂੰ ਅਕਿਰਤਘਣ ਕਹਿੰਦੇ ਹਨ। ਮੇਰੀ ਜ਼ਿੰਦਗੀ ਵਿੱਚ ਤੁਹਾਡਾ ਬਹੁਤ ਵੱਡਾ ਰੋਲ ਹੈ। ਉਸ ਦਿਨ ਤੋਂ ਲੈ ਕੇ ਜਦੋਂ ਤੋਂ ਮੈਂ ਰਸਤੇ ਵਿੱਚੋਂ ਪਿੰਡ ਦੀ ਕੱਸੀ ਤੇ ਕੀਤਾ ਟੂਣਾ ਕੋਈ ਵੀ ਨਹੀਂ ਛੱਡਿਆ। ਕਿਤੇ ਪੰਜ ਦਾ ਸਿੱਕਾ ਦਸ ਦਾ ਨੋਟ ਖੋਪਾ, ਬਲਬ, ਸਾਬਣ ਕੰਘੇ ਕਦੇ ਸੁੱਕੇ ਜਾਣ ਨਹੀਂ ਦਿੱਤੇ। ਪਰ ਮੈਨੂੰ ਕਦੇ ਵੀ ਟੂਣਾ ਚੱਕਦੇ ਡਰ ਨਹੀਂ ਲੱਗਿਆ। ਇਹ ਸਭ ਤੁਹਾਡੀ ਮੇਹਰਬਾਨੀ ਹੈ। ਮੇਰੇ ਕੋਲ ਸ਼ਬਦ ਨਹੀਂ ਮੈ ਕਿੰਨਾ ਸ਼ਬਦਾਂ ਨਾਲ ਤੁਹਾਡੀ ਤਰੀਫ ਕਰਾਂ। ਤੁਹਾਡੇ ਕਰਕੇ ਹੀ ਮੈਂ ਉਸ ਸਕੂਲ ਵਿੱਚੋਂ ਪਹਿਲਾ ਵਿਦਿਆਰਥੀ ਹਾਂ, ਜੋ ਤਰਕਸ਼ੀਲ ਬਣਿਆ ਇੱਕ ਸੱਚਾ ਤਰਕਸ਼ੀਲ। ਤੁਹਾਡੀ ਸੋਚ ’ਤੇ ਪਹਿਰਾ ਦਿੰਦੇ ਹੋਏ ਮੇਰਾ ਫਰਜ਼ ਹੈ, ਤਰਕਸ਼ੀਲ ਸੋਚ ਨੂੰ ਵਧਾਉਣਾ। ਮੇਰਾ ਡਿਪਲੋਮਾ ਪੂਰਾ ਹੋਣ ਵਿੱਚ ਡੇਢ ਸਾਲ ਬਾਕੀ ਹੈ, ਜਦੋਂ ਮੈਨੂੰ ਨੌਕਰੀ ਮਿਲ ਗਈ ਤਾਂ ਮੇਰਾ ਨਿਸ਼ਾਨਾ ਹੈ ਕਿ ਤੁਹਾਡੀਆਂ ਸਾਰੀਆਂ ਤਰਕਸ਼ੀਲਾਂ ਦੀਆਂ ਕਿਤਾਬਾਂ, ਟੈਕਨੀਕਲ ਕਿਤਾਬਾਂ, ਵਿਗਿਆਨ ਨਾਲ ਸਬੰਧਤ ਕਿਤਾਬਾਂ ਜਨਰਲ ਨੌਲੇਜ ਦੀਆਂ ਕਿਤਾਬਾਂ ਲਾਇਬਰੇਰੀ ਨੂੰ ਜ਼ਰੂਰ ਭੇਂਟ ਕਰਾਂਗਾ। ਇਹ ਮੇਰਾ ਭਵਿੱਖ ਨਿਸ਼ਾਨਾ ਹੈ।

ਇੱਕ ਮੇਰੀ ਛੋਟੀ ਜਿਹੀ ਬੇਨਤੀ ਹੈ ਕਿ ਦੋ ਚਾਰ ਕਿਤਾਬਾਂ ਤੁਸੀਂ ਮੈਨੂੰ ਪੜ੍ਹਨ ਵਾਸਤੇ ਜ਼ਰੂਰ ਭੇਜ ਦਿਉ। ਹਾਂ, ਤਰਕਸ਼ੀਲ ਰਸਾਲੇ ਮੈਨੂੰ ਭੇਜ ਦਿਉ ਤਾਂ ਜੋ ਮੈ ਤੁਹਾਡੀਆਂ ਰਚਨਾਵਾਂ ਹੋਰ ਪੜ੍ਹ ਸਕਾਂ। ਮੈਨੂੰ ਤੁਹਾਡੇ ਤੋਂ ਬਹੁਤ ਆਸ ਹੈ। ਇਸ ਨੂੰ ਭੰਗ ਨਾ ਕਰਨਾ। ਇੱਕ ਵਾਰ ਫਿਰ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਹੇਠਾਂ ਕੁਝ ਲਿਖ ਕੇ ਭੇਜ ਰਿਹਾ ਹਾਂ

ਰੱਬ ਤੋਂ ਬਿਨਾ...
ਜਿੰਨੇ ਜੋਗਾ ਵੀ ਤੇ ਜੋ ਵੀ ਹਾਂ
ਮੇਰਾ ਤੇਰੇ ਰੱਬ ਤੋਂ ਬਿਨਾ ਹੀ ਸਰਦਾ ਹੈ
ਉਸ ਅਰਾਧਨਾ ਤੋਂ ਬਿਨਾ ਹੀ ਸਰਦਾ ਹੈ
ਉਸ ਅਰਾਧਨਾ ਤੋਂ ਬਿਨਾ
ਜੋ ਚੰਗੇ ਭਲੇ ਮਨੁੱਖ ਨੂੰ ਬਦਲ ਦਏ
ਚਰਨਾਂ ਦੀ ਧੂੜ ਵਿੱਚ
ਉਸ ਸ਼ੁਕਰਾਨੇ ਤੋਂ ਬਿਨਾ
ਜਿਸਦੀ ਕੋਈ ਵਜਾ ਨਹੀਂ ਹੁੰਦੀ
ਉਸ ਓਟ ਤੋਂ ਬਿਨਾ
ਜਿਹੜੀ ਸਦਾ ਹੀ ਨਿਓਟਿਆ ਰੱਖਦੀ ਹੈ।
(ਅਵਤਾਰ ਪਾਸ਼ ਕਾਮਰੇਡ)

**- ਜਸਪ੍ਰੀਤ ਸਿੰਘ**

ਪਿੰਡ- ਦੀਦਾਰੇ ਵਾਲਾ, ਤਹਿਸੀਲ- ਨਿਹਾਲ ਸਿੰਘ ਵਾਲਾ
ਜਿਲਾ- ਮੋਗਾ

## ਵਿਗਿਆਨ ਜੋਤ ਦੇ ਲਾਈਫ਼ ਮੈਂਬਰ

348. ਗੁਰਵਿੰਦਰ ਸਿੰਘ ਬਰਵਾਲਾ
ਸਰਕਾਰੀ ਸੈਕੰਡਰੀ ਸਕੂਲ ਦੁਬਲੀ
ਤਹਿ : ਪੱਟੀ, ਜ਼ਿਲ੍ਹਾ : ਤਰਨਤਾਰਨ
ਪਿੰਨ : 143416
ਮੋਬਾ: 95013-60700

349. Shiraj deol S/o Karam deol
Ward No. 4, H. No. 35
Chhana road, NR. Plastic Pipe Factory
AHEMADGARH
Pin : 148021, Ph. 94173-06425

## तर्कभारती प्रकाशन, बरनाला की हिन्दी व अंग्रेजी में प्रकाशित पुस्तकें

| | | |
|---|---|---|
| 1. | और देव पुरुष हार गये | 25/- |
| 2. | देव और दानव | 40/- |
| 3. | भुतों का शिकार | 40/- |
| 4. | विज्ञान और पराविज्ञान | 40/- |
| 5. | रौशनी | 20/- |
| 6. | प्रमात्मा कब, कहां, और कैसे ? | 20/- |
| 7. | हिप्नोटिजम क्या, क्यों और कैसे ? | 15/- |
| 8. | कण-कण में विज्ञान | 15/- |
| 9. | ज्योतिष झुठ बोलता है ! | 30/- |
| 10. | तर्कशील जादुगर | 20/- |
| 11. | वैज्ञानिक जादुगर | 20/- |
| 12. | रजनीश बेनकाब | 30/- |
| 13. | मैं कौन हूं | 20/- |
| 14. | अतीत के साये में | 40/- |
| 15. | लेकिन ये सच है | 40/- |
| 16. | जीवन संग्राम | 30/- |
| 17. | समय का इतिहास | 20/- |
| 18. | दिमागी विकास कैसे करें | 20/- |
| 19. | **शहीद भगत सिंह की कुछ चुनिंदा रचनाऐं** | 50/- |
| 20. | **धर्म के नाम पर दरिन्दगी** | 30/- |
| 21. | **झुठ की पुजा** | 40/- |
| 22. | **तर्कशील संदेश** | 30/- |
| 23. | **तर्कशील वार्ता** | 40/- |
| 24. | **सिक्ख भाईयों से कुछ बातें** | 40/- |
| 25. | उजाले की ओर | 50/- |
| 26. | Fortune Telling Exposed | 70/- |

# ਤਰਕਭਾਰਤੀ ਪ੍ਰਕਾਸ਼ਨ ਦੀਆਂ ਵੀ. ਡੀ. ਓ. ਸੀਡੀਜ਼ ਸੀਰੀਜ

ਘਰ ਬੈਠੇ ਹੀ ਵੀਪੀ ਰਾਹੀਂ ਕੋਈ ਵੀ ਸੀਡੀ ਜਾਂ ਕਿਤਾਬ ਮੰਗਵਾਉਣ ਲਈ ਫ਼ੋਨ ਕਰੋ : 01679-241744







- ਠੱਗੀ ਦਾ ਸਾਧਨ - ਜੋਤਿਸ਼ (ਮੇਘ ਰਾਜ ਮਿੱਤਰ) 50/-
- ਰੱਬ, ਧਰਮ ਤੇ ਬਹਿਸ (ਮੇਘ ਰਾਜ ਮਿੱਤਰ) 50/-
- ਤਰਕਸ਼ੀਲ ਸੁਨੇਹਾ (ਮੇਘ ਰਾਜ ਮਿੱਤਰ) 30/-
- ਤਰਕਸ਼ੀਲ ਜਾਦੂਗਰ (ਜਗਦੇਵ ਕੰਮੋਮਾਜਰਾ) 50/-
- ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ 50/-
- **10th Math Made Easy 150/- (Set 4cds)**
- **10th Physics and Chemistry Made Easy 150/- (Set 4cds)**







